# ਅੱਖਰਾਂ ਦੀ ਲੋਅ

## ਸਮਕਾਲੀ ਵਿਸ਼ਵ ਪੰਜਾਬੀ ਗ਼ਜ਼ਲ




ਡਾ. ਸ਼ਸ਼ੀਕਾਂਤ ਉੱਪਲ

ਡਾ. ਵਨੀਤਾ

# ਅੱਖਰਾਂ ਦੀ ਲੋਅ

## ਸਮਕਾਲੀ ਵਿਸ਼ਵ ਪੰਜਾਬੀ ਗ਼ਜ਼ਲ

ਸੰਪਾਦਕ

ਡਾ. ਸ਼ਸ਼ੀਕਾਂਤ ਉੱਪਲ
ਡਾ. ਵਨੀਤਾ

GRACIOUS

©
Editors

Akhran Di Lo
(Samkali Vishv Punjabi Ghazal)
By
Dr. Shashikant Uppal
Dr. Vanita

ISBN : 978-93-80210-90-2
Year : 2022
Price : ₹ 400

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-98764-33008, 91-175-5007643
graciousbooks@gmail.com
www.graciousbooks.in

Printed At : DK Fine Arts, New Delhi.

Collections

ਸੰਸਕ੍ਰਿਤ ਵਿੱਚ ਛੰਦ ਦਾ ਨਾਉਂ ਹੀ ਕਵਿਤਾ ਹੈ। ਛੰਦ ਵਿੱਦਿਆ ਦਾ ਪ੍ਰਮਾਣਿਕ ਗ੍ਰੰਥ ਪਿੰਗਲ ਰਿਸ਼ੀ ਦਾ 'ਛੰਦ ਸੂਤ੍ਰ' ਹੈ। ਵਿਆਕਰਣ ਵਿੱਚ ਜੋ ਸਥਾਨ ਪਾਣਿਨੀਯ ਰਿਸ਼ੀ ਦਾ 'ਅਸ਼ਟਾਧਿਆਈ' ਨੂੰ ਪ੍ਰਾਪਤ ਹੈ, ਛੰਦ ਸ਼ਾਸਤ੍ਰ ਵਿੱਚ ਉਹੀ ਸਥਾਨ ਪਿੰਗਲ ਰਿਸ਼ੀ ਦੇ 'ਛੰਦ ਸ਼ੂਤ੍ਰ' ਦਾ ਹੈ। ਇਹ ਇੰਨਾ ਲੋਕਪ੍ਰਿਯ ਹੋਇਆ ਕਿ ਇਸਦਾ ਨਾਉਂ ਹੀ ਪਿੰਗਲ ਰਿਸ਼ੀ ਦੇ ਨਾਂ ਤੇ 'ਪਿੰਗਲ' ਪੈ ਗਿਆ।

'ਅਰੂਜ਼' ਅਰਬੀ ਪਿੰਗਲ ਢੰਗ ਦਾ ਨਾਂ ਹੈ ਜਿਸਦੀ ਕਾਢ ਅੱਠਵੀਂ ਸਦੀ ਵਿਚ ਅਲ-ਖਲੀਲ ਬਿਨ ਅਹਿਮਦ ਨੇ ਕੱਢੀ। ਅਰੂਜ਼ੀ ਵਿਦਵਾਨਾਂ ਨੇ ਕੁੱਲ 19 ਬਹਿਰਾਂ ਬਣਾਈਆਂ ਹਨ, ਬਹਿਰ ਦਾ ਮਤਲਬ ਇਕ ਨਿਸ਼ਚਿਤ ਵਜ਼ਨ ਹੈ ਜੋ ਅਰੂਜ਼ੀ ਵਿਦਵਾਨਾਂ ਦੇ ਨੀਯਤ ਕੀਤੇ ਹੋਏ ਹਨ। ਇਨ੍ਹਾਂ 19 ਬਹਿਰਾਂ ਤੇ ਕੁਝ 'ਜ਼ਿਹਾਫ਼ਾਂ' ਦੇ ਅਸੂਲ ਲਾਗੂ ਕਰਕੇ ਅਨੇਕਾਂ ਵਜ਼ਨ ਬਣਾ ਲਏ ਗਏ ਹਨ। ਪੰਜਾਬੀ ਵਿੱਚ ਸੂਫ਼ੀ-ਕਾਵਿ, ਕਿੱਸਾ-ਕਾਵਿ, ਗੁਰਮਤਿ-ਕਾਵਿ, ਲੋਕ-ਗੀਤ, ਮਾਹੀਏ, ਟੱਪੇ ਆਦਿ ਸਭ ਛੰਦ ਆਧਾਰਿਤ ਹਨ। ਇਸੇ ਲਈ ਗ਼ਜ਼ਲ ਅਰਬੀ, ਫ਼ਾਰਸੀ ਅਤੇ ਉਰਦੂ ਭਾਸ਼ਾਵਾਂ ਦਾ ਸਫ਼ਰ ਤੈਅ ਕਰਦੀ ਹੋਈ ਜਦੋਂ ਪੰਜਾਬੀ ਭਾਸ਼ਾ ਦੇ ਘੇਰੇ ਵਿਚ ਦਾਖ਼ਲ ਹੋਈ ਤਾਂ ਮਕਬੂਲ ਹੋ ਗਈ। ਪੰਜਾਬੀ ਵਿਚ ਪ੍ਰਚਲਿਤ ਹੈ :

'ਪਿੰਗਲ ਬਾਝ ਕਵੀਸ਼ਰੀ, ਗੀਤਾ ਬਾਝ ਗਿਆਨ।'

ਸੱਯਦ ਵਾਰਿਸ ਸ਼ਾਹ ਨੇ ਵੀ ਆਖਿਆ ਹੈ:

'ਜਾਹਲ ਸ਼ਾਇਰਾਂ ਨੂੰ ਜ਼ਰਾ ਸਮਝ ਆਵੇ
ਸ਼ਿਅਰ ਮੌਜ਼ੂੰ ਲਿਖ ਸੁਣਾਈਏ ਜੀ
ਇਲਮ ਸ਼ਾਇਰੀ ਦਾ ਜਿਸਨੂੰ ਪਤਾ ਨਾਹੀਂ
ਉਸਨੂੰ ਇਲਮ ਅਰੂਜ਼ ਪੜ੍ਹਾਈਏ ਜੀ।'

ਕੇਵਲ ਛੰਦ ਗਿਆਨ ਨਾਲ ਸ਼ਿਅਰ ਕਿਹਾ ਜਾ ਸਕੇ, ਇਹ ਜ਼ਰੂਰੀ ਨਹੀਂ। ਜ਼ਰੂਰੀ ਹੈ ਅਰੂਜ਼ ਦੇ ਨਾਲ ਸ਼ਾਇਰ ਦੇ ਅੰਦਰ ਇਕ ਕਾਵਿ-ਕੁਦਰਤ ਵੀ ਹੋਵੇ। ਮਿਰਜ਼ਾ ਗ਼ਾਲਿਬ ਦਾ ਇਸੇ ਕਾਵਿ-ਕੁਦਰਤ ਵੱਲ ਇਸ਼ਾਰਾ ਹੈ:

'ਆਤੇ ਹੈਂ ਗ਼ੈਬ ਸੇ ਯੇ ਮਜ਼ਾਮੀਂ ਖ਼ਯਾਲ ਮੇਂ
ਗ਼ਾਲਿਬ ! ਸਰੀਰੇ ਖ਼ਾਮਾ ਨਵਾਏ ਸਰੋਸ਼ ਹੈ'

ਉਹ ਕਲਮ ਦੀ ਆਵਾਜ਼ ਨੂੰ ਫ਼ਰਿਸ਼ਤੇ ਦੀ ਆਵਾਜ਼ ਦੱਸਦਾ ਹੈ। ਲਫ਼ਜ਼ਾਂ ਵਿਚ ਰੂਹ ਫੂਕਣ ਨੂੰ ਅਹਿਮਦ ਫ਼ਰਾਜ਼ ਇਕ ਕ੍ਰਿਸ਼ਮਾ ਮੰਨਦਾ ਹੈ :

'ਲਫ਼ਜ਼ ਕੋ ਫੂਲ ਬਨਾਨਾ ਤੋਂ ਕ੍ਰਿਸ਼ਮਾ ਹੈ 'ਫ਼ਰਾਜ਼'

ਇਹ ਕ੍ਰਿਸ਼ਮਾ ਇਕ ਕੁਦਰਤੀ ਕਵੀ ਹੀ ਕਰ ਸਕਦਾ ਹੈ ਸਿਰਫ਼ ਅਰੂਜ਼ੀ ਕਵੀ ਨਹੀਂ ਕਰ ਸਕਦਾ। ਇਸ ਬੁਲੰਦ ਕੈਫ਼ੀਅਤ ਤੇ ਪੁੱਜ ਕੇ ਹੀ ਬੁਲੰਦ ਸ਼ਾਇਰੀ ਹੋ ਸਕਦੀ ਹੈ। ਇਸ ਅਵਸਥਾ ਨੂੰ ਹੀ 'ਆਮਦ' ਕਿਹਾ ਜਾਂਦਾ ਹੈ। ਇਸ ਬੁਲੰਦ ਕੈਫ਼ੀਅਤ ਵਿੱਚ ਸ਼ਬਦਾਂ ਦਾ ਤੋਲ ਤੇ ਤਾਲ ਅਰੂਜ਼ ਦੀ ਬੰਦਿਸ਼ ਵਿੱਚ ਆਪਣੇ ਆਪ ਆ ਬੈਠਦੇ ਹਨ। ਇਸ ਆਪਣੇ ਆਪ ਵਾਲੀ ਹਾਲਤ ਲਈ ਕਿਸੇ ਵੀ ਕਲਾ ਦਾ ਮੂਲ ਇਲਮ ਜਾਨਣਾ ਲਾਜ਼ਮੀ ਹੋ ਜਾਂਦਾ ਹੈ। ਇਲਮ ਤੇ ਕਾਵਿ-ਕੁਦਰਤ ਦੋਵੇਂ ਹੀ ਇੱਕੋ ਜਿੰਨੇ ਮਹੱਤਵਪੂਰਣ ਹਨ।

ਡਾ. ਭਗਵਤ ਸਰਣ ਉਪਾਧਿਆਏ ਨੇ ਕਾਲੀਦਾਸ ਦੇ ਸੰਬੰਧ 'ਚ ਕਿਹਾ ਸੀ – 'ਸ਼ਬਦ ਸ਼ਬਦ ਹੈ ਭਾਸ਼ਾ ਨਹੀਂ, ਭਾਸ਼ਾ ਭਾਸ਼ਾ ਹੈ ਸਾਹਿਤਯ ਨਹੀਂ। ਸ਼ਬਦ ਸੇ ਭਾਸ਼ਾ ਔਰ ਭਾਸ਼ਾ ਸੇ ਸਾਹਿਤਯ ਬਨਾਨੇ ਕੇ ਲੀਏ ਵਹ ਸਭ ਕੁਛ ਚਾਹੀਏ ਹੋਤਾ ਹੈ ਜੋ ਸਾਹਿਤਯਕਾਰ ਕੇ ਪਾਸ ਹੋਤਾ ਹੈ।' ਇਸ ਸਭ ਕੁਛ ਵਿੱਚ ਸੂਖ਼ਮ ਕਾਵਿ-ਮਈ ਸੂਝ, ਅਹਿਸਾਸ ਦੀ ਸ਼ਿੱਦਤ, ਸੋਚ ਦੀ ਬਾਰੀਕੀ, ਕਲਪਨਾ ਦੀ ਉਡਾਣ, ਆਪਣੇ ਨਜ਼ਰੀਏ ਨਾਲ ਦੁਨੀਆਂ ਦਾ ਨਿਰੀਖਣ, ਗਹਿਰਾ ਅਨੁਭਵ, ਆਪਣਾ ਮੌਲਿਕ ਅੰਦਾਜ਼, ਭਾਸ਼ਾ ਦੀ ਸਮਰੱਥਾ, ਸ਼ਿਲਪ ਦੀ ਨਿਪੁੰਨਤਾ ਦੇ ਜੌਹਰ ਵਿਖਾਉਣ ਦਾ ਹੁਨਰ ਤੇ ਹੋਰ ਕਈ ਕੁਝ ਆ ਜਾਂਦਾ ਹੈ ਭਾਵ ਪੂਰੀ ਕਾਵਿ-ਕਾਇਨਾਤ। ਇਹ ਕਾਵਿ-ਕਾਇਨਾਤ ਕਵੀ ਨੂੰ ਜੀਵਨ ਫ਼ਲਸਫ਼ੇ ਦੀ ਰਮਜ਼ ਫੜਨ ਤੇ ਪੜ੍ਹਣ ਯੋਗ ਬਣਾ ਦਿੰਦੀ ਹੈ। ਗ਼ਜ਼ਲ, ਮੇਰੀ ਜਾਚੇ, ਸੰਖੇਪਤਾ, ਸੰਕੇਤਕਤਾ ਅਤੇ ਭਰਪੂਰਤਾ ਨਾਲ ਗੱਲ ਕਹਿਣ ਦਾ ਕੁਦਰਤੀ ਹੁਨਰ ਹੈ।

ਸ਼ਿਅਰ ਵਿਚ ਸ਼ਿਅਰ ਦੀ ਧੁਨੀ ਵੀ ਮਹੱਤਵਪੂਰਣ ਹੈ। ਇਹ ਧੁਨੀ ਹੀ ਪਾਠਕ/ਸਰੋਤੇ ਦੇ ਅੰਦਰ ਤਰੰਗਿਤ ਹੁੰਦੀ ਹੈ ਤੇ ਉਸਨੂੰ ਸ਼ਿਅਰ ਨਾਲ ਜੋੜਦੀ ਹੈ। ਖ਼ਿਆਲ ਤੇ ਸ਼ਬਦ ਜੇ ਇਕਮਿਕ ਨਾ ਹੋਣ ਤਾਂ ਕਾਵਿਕ ਧੁਨੀ ਉਤਪੰਨ ਨਹੀਂ ਹੁੰਦੀ। ਸ਼ਿਅਰ, ਸ਼ਿਅਰ ਹੋਣੋਂ ਰਹਿ ਜਾਂਦਾ ਹੈ।

ਇਸ ਵਿਚਾਰ ਚਰਚਾ ਉਪਰੰਤ ਪੰਜਾਬੀ ਗ਼ਜ਼ਲ 'ਤੇ ਨਜ਼ਰ ਮਾਰੀਏ ਤਾਂ ਇਹ ਕਹਿਣਾ ਬਿਲਕੁਲ ਉਚਿਤ ਹੈ ਕਿ ਪੰਜਾਬੀ ਗ਼ਜ਼ਲ ਨੇ ਥੋੜ੍ਹੇ ਸਮੇਂ 'ਚ ਹੀ ਹੁਸਨ ਇਸ਼ਕ ਦੀ ਕਲੋਲ ਵਾਲੀ ਦਰਬਾਰੀ ਸ਼ਾਇਰੀ ਤੋਂ ਅੱਗੇ ਪੁਲਾਂਘ ਪੁੱਟਦਿਆਂ ਮਨੁੱਖ ਦੀ ਮਾਨਸਿਕ ਸੰਰਚਨਾ ਅਤੇ ਸਮਾਜ ਦੇ ਬਹੁ-ਪਾਸਾਰਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ। ਆਧੁਨਿਕ ਪੰਜਾਬੀ ਗ਼ਜ਼ਲ ਆਦਰਸ਼ਵਾਦ, ਪ੍ਰਗਤੀਵਾਦ, ਯਥਾਰਥਵਾਦ, ਉੱਤਰ-ਯਥਾਰਥਵਾਦ ਦੌਰ ਵਿਚੋਂ ਲੰਘਦੀ ਹੋਈ ਮੌਜੂਦਾ ਸਮਿਆਂ ਤਕ ਉਪੜਦੀ ਹੈ। ਪੰਜਾਬੀ ਸ਼ਾਇਰਾਂ ਦੇ ਵੱਖ ਵੱਖ ਦੇਸ਼ਾਂ 'ਚ ਵਸਣ ਨਾਲ ਪੰਜਾਬੀ ਗ਼ਜ਼ਲ ਆਪਣੀ ਆਵਾਜ਼ ਪਰਵਾਜ਼ ਸਮੇਤ ਗਲੋਬਲ ਮੰਚ 'ਤੇ ਹਰਮਨ-ਪਿਆਰੀ ਹੋਈ ਹੈ। ਇਹ ਪ੍ਰਾਪਤੀ ਪੰਜਾਬੀ ਗ਼ਜ਼ਲ ਦੀ ਨਿਰੋਲ

ਪਾਠ-ਮੁਖੀ ਸਿਫ਼ਤ ਕਾਰਣ ਹੋਈ ਹੈ ਨਾ ਕਿ ਉਰਦੂ ਗ਼ਜ਼ਲ ਵਾਂਗ ਵੱਡੇ ਵੱਡੇ ਗੁਲੂਕਾਰਾਂ ਦੇ ਗਾਇਨ ਕਾਰਣ।

ਇਹ ਸੰਗ੍ਰਹਿ ਪਿਛਲੇ ਲੱਗਭਗ ਪੰਜਾਹ ਵਰ੍ਹਿਆਂ ਦੀ ਪੰਜਾਬੀ ਗ਼ਜ਼ਲ ਦਾ ਦਸਤਾਵੇਜ਼ ਹੈ ਅਤੇ ਇਸਨੂੰ ਪੰਜਾਬੀ ਗ਼ਜ਼ਲ ਦੀ ਵਿਕਾਸ ਪ੍ਰਕਿਰਿਆ ਦੇ ਪ੍ਰਸੰਗ ਵਿਚ ਵੀ ਵੇਖਿਆ ਜਾ ਸਕਦਾ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਸ਼ਿਅਰ ਦੇ ਵਿਸ਼ਾ-ਵਸਤੂ ਵਿੱਚ ਜ਼ਾਹਿਰੀ ਤੌਰ ’ਤੇ ਪਰਿਵਰਤਣ ਆਇਆ ਹੈ। ਆਧੁਨਿਕ ਜੀਵਨ ਦੀਆਂ ਮੁੱਖ ਪ੍ਰਵਿਰਤਿਆਂ— ਸੈ-ਵਿਯੋਗ, ਇੱਕਲ, ਉਦਾਸੀਨਤਾ, ਆਪਾ-ਵਿਸਰਨ ਆਦਿ ਜਿਹੀਆਂ ਸਮੱਸਿਆਵਾਂ ਨਵਾਂ ਕਾਵਿ-ਵਿਸ਼ਾ ਬਣੀਆਂ ਹਨ। ਇਹ ਪਰਿਵਰਤਨ ਬਿੰਬਾਵਲੀ ਵਿਚ ਵੀ ਸਪਸ਼ਟ ਤੌਰ ’ਤੇ ਨਜ਼ਰ ਆਉਂਦਾ ਹੈ। ਇਨ੍ਹਾਂ ਸਮਿਆਂ ਦੌਰਾਨ ਇਕ ਨਵਾਂ ਬਿੰਬ-ਵਿਧਾਨ ਹੋਂਦ ਵਿਚ ਆਇਆ ਹੈ ਜਿਸਦੀ ਛਾਪ ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਵੇਖੀ ਜਾ ਸਕਦੀ ਹੈ। ਇਸ ਵਿਚ ਸ਼ਾਮਿਲ ਗ਼ਜ਼ਲਗੋਆਂ ਕੋਲ ਅਰੂਜ਼ੀ ਆਧਾਰ ਵੀ ਹੈ ਤੇ ਕਾਵਿ-ਕਾਇਨਾਤ ਦਾ ਕੁਦਰਤੀ ਕ੍ਰਿਸ਼ਮਾ ਵੀ। ਇਸ ਲਈ ਉਹ ਵੱਖ ਵੱਖ ਵਿਸ਼ਿਆਂ ’ਤੇ ਸਹਿਜ ਸੁਭਾ ਸੰਵੇਦਨਸ਼ੀਲ ਤੇ ਸਾਰਥਕ ਸ਼ਿਅਰ ਕਹਿਣ ਦੇ ਸਮਰੱਥ ਹਨ।

ਅੱਖਰਾਂ ਦੀ ਸਾਂਝ ਵਿਚ ਸਰਹੱਦਾਂ ਨਹੀਂ ਹੁੰਦੀਆਂ। ਇਹੋ ਵਿਸ਼ਵਾਸ ਨੂੰ ਲੈ ਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਨਾਲ ਨਾਲ ਦੁਨੀਆਂ ਦੇ ਕਿੱਸੇ ਵੀ ਖਿੱਤੇ ਵਿਚ ਬੈਠੇ ਸਮਰੱਥ ਪੰਜਾਬੀ ਗ਼ਜ਼ਲਗੋਆਂ ਦੇ ਕਲਾਮ ਨੂੰ ਇਸ ਸੰਗ੍ਰਹਿ ਵਿਚ ਇਕੱਠਾ ਕੀਤਾ ਗਿਆ ਹੈ।

ਲਹਿੰਦੇ ਪੰਜਾਬ ਦੇ ਵੱਖੋ-ਵੱਖਰੇ ਸ਼ਾਇਰਾਂ ਤੋਂ ਉਨ੍ਹਾਂ ਦਾ ਕਲਾਮ ਇਕੱਠਾ ਕਰਕੇ ਭੇਜਣ ਵਿੱਚ ਮੱਦਦ ਲਈ ਡਾ. ਆਸਮਾ ਕਾਦਰੀ, ਪੰਜਾਬ ਯੂਨੀਵਰਸਿਟੀ, ਲਾਹੌਰ ਅਤੇ ਤਾਹਿਰਾ ਸਰਾ ਦਾ ਧੰਨਵਾਦੀ ਹਾਂ ਅਤੇ ਇਸ ਨੂੰ ਪੂਰਾ ਕਰਨ ਵਿੱਚ ਸਹਿਯੋਗ ਲਈ ਹਰਜਿੰਦਰ ਕੰਗ ਅਤੇ ਬਲਕਾਰ ਔਲਖ ਹੁਰਾਂ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਆਪਣੇ ਵੱਡੇ ਭਰਾ ਡਾ. ਨਰੇਸ਼, ਜੋ ਕਿ ਮੇਰੇ ਉਸਤਾਦ ਵੀ ਹਨ, ਦੀ ਰਹਿਨੁਮਾਈ ਹਮੇਸ਼ਾ ਦੀ ਤਰ੍ਹਾਂ ਰਾਹ ਵਿਖਾਉਂਦੀ ਰਹੀ ਹੈ।

**ਸ਼ਸ਼ੀਕਾਂਤ ਉੱਪਲ**

**shashikantuppal@gmail.com**

ਸਮਕਾਲ ਤੱਕ ਪਹੁੰਚਿਦਿਆਂ ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਵਿਚਲੇ ਗ਼ਜ਼ਲ ਕਾਵਿ ਰੂਪ ਵਿਚ ਨਿਰੰਤਰ ਪਰਿਵਰਤਨ ਵਾਪਰਦਾ ਰਿਹਾ ਹੈ। ਗ਼ਜ਼ਲ ਦੀ ਵਿਧਾ ਭਾਵੇਂ ਪੰਜਾਬੀਆਂ ਦੀ ਮੌਲਿਕ ਵਿਧਾ ਨਹੀਂ ਸੀ ਅਤੇ ਇਹ ਵੀ ਸੱਚ ਹੈ ਕਿ ਸ਼ੁਰੂ ਵਿਚ ਗ਼ਜ਼ਲ ਨੇ ਅਰਬੀ ਕਸੀਦੇ ਦੇ ਉਸ ਮੁੱਢਲੇ ਹਿੱਸ ਤੋਂ ਜਨਮ ਲਿਆ ਜਿਸਨੂੰ ਤਸ਼ਬੀਬ ਜਾਂ ਨਸੀਬ ਕਹਿੰਦੇ ਸਨ। ਸੱਤਵੀ ਸਦੀ ਹਿਜਰੀ ਦੇ ਵਿਦਵਾਨ ਸਮਸਤ-ਦੀਨ-ਮੁਹੰਮਦ-ਬਿਨ ਕੈਸ ਨੇ ਪਹਿਲੀ ਵਾਰੀ ਤਸ਼ਬੀਬ ਤੇ ਨਸੀਬ ਦੇ ਦੋਨਾਂ ਹਿੱਸਿਆਂ ਨੂੰ ਵੱਖ ਕਰਕੇ ਲਿਖਿਆ ਯਾਨੀ ਕਿ ਜਿਸ ਵਿਚ ਸ਼ਾਇਰ ਦੀ ਆਪ-ਬੀਤੀ ਪੇਸ਼ ਹੋਏ ਉਹ 'ਤਸ਼ਬੀਬ' ਤੇ ਜਿਸ ਵਿਚ ਜਗ-ਬੀਤੀ ਦੀ ਪੇਸ਼ਕਾਰੀ ਹੋਵੇ ਉਹ 'ਨਸੀਬ'। ਇੰਜ ਵਿਦਵਾਨਾਂ ਨੇ ਵੱਖ-ਵੱਖ ਸਮਿਆਂ ਵਿਚ ਗ਼ਜ਼ਲ ਨੂੰ ਕਈ ਤਰ੍ਹਾਂ ਨਾਲ ਪਰਿਭਾਸ਼ਿਤ ਵੀ ਕੀਤਾ। ਕਿਸੇ ਨੇ ਇਸਤ੍ਰੀਆਂ ਦੀਆਂ ਗੱਲਾਂ ਗ਼ਜ਼ਲ ਵਿਚ ਕਹਿਣ ਨੂੰ ਹੀ ਗ਼ਜ਼ਲ ਕਿਹਾ। ਪਰ ਹੁਣ ਵੀਹਵੀਂ-ਇਕੀਵੀਂ ਸਦੀ ਵਿਚ ਤਾਂ ਇਸਤ੍ਰੀਆਂ ਵੀ ਬਾਖ਼ੂਬੀ ਗ਼ਜ਼ਲ ਦੀ ਸਿਰਜਣਾ ਕਰ ਰਹੀਆਂ ਨੇ। ਇਹੀ ਨਹੀਂ, ਕੁਝ ਵਿਦਵਾਨਾਂ ਦਾ ਇਹ ਵੀ ਖ਼ਿਆਲ ਹੈ ਕਿ ਗ਼ਜ਼ਲ ਇਕ ਖ਼ਿਆਲ ਤੋਂ ਦੂਜੇ ਖ਼ਿਆਲ ਤੱਕ ਹਰਨੋਟੇ ਵਾਂਗ ਚੌਂਕੜੀਆਂ ਭਰਦੀ ਹੈ; ਤੇ ਇਸਦਾ ਨਿਕਾਸ ਅਰਬੀ ਦੇ ਗ਼ਜ਼ਾਲ (ਹਿਰਨ) ਸ਼ਬਦ ਤੋਂ ਹੋਇਆ ਹੈ ਅਤੇ ਇਕ ਹੋਰ ਰਿਵਾਇਤ ਮੁਤਾਬਕ ਅਰਬ ਵਿਚ 'ਗ਼ਜ਼ਲ' ਨਾਂ ਦਾ ਇਕ ਆਦਮੀ ਰਹਿੰਦਾ ਸੀ ਤੇ ਉਹ ਹਮੇਸ਼ਾ ਬੜੇ ਆਸ਼ਿਕਾਨਾ ਸ਼ਿਅਰ ਕਿਹਾ ਕਰਦਾ ਸੀ। ਉਸਨੇ ਆਪਣੀ ਸਾਰੀ ਉਮਰ ਹੁਸਨ-ਓ-ਇਸ਼ਕ ਅਤੇ ਇਸ਼ਕਬਾਜ਼ੀਆਂ ਵਿਚ ਗੁਜ਼ਾਰੀ, ਸੋ ਗ਼ਜ਼ਲ ਉਸਦੇ ਨਾਂ ਨਾਲ ਜੁੜ ਗਈ। ਮੁਹੰਮਦ-ਬਿਨ-ਕੈਸ ਨੇ ਇਕ ਗ਼ਜ਼ਾਲ (ਹਿਰਨ) ਦੀ ਖ਼ਾਸ ਕਿਸਮ ਦੀ ਆਵਾਜ਼ ਨੂੰ 'ਗ਼ਜ਼ਲ-ਉਲਕਾਬ' ਕਿਹਾ ਹੈ। ਇਸਦੀ ਤਫ਼ਸੀਲ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਕੁੱਤੇ ਚੌਹਾਂ ਪਾਸਿਆਂ ਤੋਂ ਹਿਰਨ ਨੂੰ ਘੇਰ ਲੈਂਦੇ ਹਨ ਅਤੇ ਹਿਰਨ ਨੂੰ ਕੋਈ ਬ ਚਾਅ ਦੀ ਸੂਰਤ ਨਜ਼ਰ ਨਹੀਂ ਆਉਂਦੀ ਤਾਂ ਉਹ ਅਜੀਬ ਕਿਸਮ ਦੇ ਸਦਾਅ ਪੈਦਾ ਕਰਦਾ ਹੈ, ਜਿਸ ਵਿਚ ਦਰਦ, ਰੁਦਨ, ਹੂਕ ਅਤੇ ਵੇਦਨ ਤਾਂ ਸ਼ਾਮਿਲ ਹੁੰਦੀ ਹੀ ਹੈ ਪਰ ਉਸਦੀ ਆਵਾਜ਼ ਵਿਚ ਕੁਝ ਅਜਿਹਾ ਅਸਰ ਵੀ ਹੁੰਦਾ ਹੈ ਕਿ ਸ਼ਿਕਾਰੀ ਕੁੱਤੇ ਉਸ ਅਜੀਬੋ-ਗ਼ਰੀਬ ਸਦਾਅ ਦੇ ਕਾਰਨ ਉਸਦਾ ਪਿੱਛਾ ਕਰਨਾ ਛੱਡ ਦਿੰਦੇ ਹਨ। ਇਸੇ ਸਦਾਅ ਨੂੰ ਸ਼ਾਇਦ ਮੁਹੰਮਦ-ਬਿਨ-ਕੈਸ ਨੇ 'ਗ਼ਜ਼ਲ-ਉਲਕਾਬ' ਕਿਹਾ ਹੋਣਾ ਹੈ, ਜਿਸ ਨੂੰ ਸ਼ਾਇਦ ਗ਼ਜ਼ਲ ਕਾਵਿ ਰੂਪ ਕਿਹਾ ਗਿਆ

ਹੋਵੇ। ਇੰਜ ਗ਼ਜ਼ਲ ਨੂੰ ਪ੍ਰਤਿਭਾਵਾਨ ਵਿਦਵਾਨਾਂ ਨੇ ਕੇਵਲ ਸਿਧਾਂਤਕ ਰੂਪ ਵਿਚ ਹੀ ਨਹੀਂ ਆਪਣੀਆਂ ਗ਼ਜ਼ਲਾਂ ਵਿਚ, ਸ਼ਿਅਰਾਂ ਵਿਚ ਵੀ ਬੜੀ ਖ਼ੂਬਸੂਰਤੀ ਅਤੇ ਡੂੰਘਾਈ ਨਾਲ ਪੇਸ਼ ਕੀਤਾ।

ਅਜੋਕੇ ਸਮਿਆਂ ਤੱਕ ਗ਼ਜ਼ਲ ਆਪਣੀ ਪਰੰਪਰਕ ਕਿਸਮ ਦੀ ਬਹਿਸ, ਬਹਿਰ, ਪਿੰਗਲ ਤੇ ਅਰੂਜ਼ ਬਾਰੇ ਇਸਦੀਆਂ ਤਕਨੀਕੀ ਗੁੰਝਲਾਂ ਬਾਰੇ ਚਰਚਾ ਕਰਦੀ ਨਿਰੰਤਰ ਅੱਗੇ ਵੱਧ ਰਹੀ ਹੈ। ਇਨ੍ਹਾਂ ਮਸਲਿਆਂ ਬਾਰੇ ਸਾਧੂ ਸਿੰਘ ਹਮਦਰਦ, ਦੀਪਕ ਜੈਤੋਈ, ਡਾ. ਜਗਤਾਰ ਅਤੇ ਡਾ. ਨਰੇਸ਼ ਆਦਿ ਅਨੇਕਾਂ ਵਿਦਵਾਨਾਂ ਨੇ ਲਿਖਿਆ ਹੈ। ਜਿੱਥੇ ਅਰਬ ਵਿਚ ਗ਼ਜ਼ਲਗੋ 'ਤਸ਼ਬੀਬ' ਅੰਦਰ ਇਸ਼ਕ ਦੀ ਦਾਸਤਾਂ ਜਾਂ ਨਿਜੀ ਅਨੁਭਵ ਨੂੰ ਜਾਂ ਸ਼ਹਿਰਾਂ ਦੇ ਦ੍ਰਿਸ਼ਾਂ ਦਾ ਵਰਣਨ ਕਰਦੇ, ਕੁਦਰਤ ਦੇ ਦ੍ਰਿਸ਼ਾਂ ਤੇ ਹੁਸਨ ਦਾ ਵਰਣਨ ਕਰਦੇ ਉਹ ਮਾਸ਼ੂਕਾਂ ਦੀ ਜ਼ੁਲਫ, ਹੋਂਠ, ਸੁਰਾਹੀ, ਮੈਖ਼ਾਨਾ, ਖਜੂਰਾਂ ਦੀਆਂ ਝਿੰਝਣੀਆਂ ਜਾਂ ਚਸ਼ਮਿਆਂ ਦੇ ਬਿਆਨ ਤੱਕ ਹੀ ਮਹਿਦੂਦ ਹੋ ਕੇ ਰਹਿ ਜਾਂਦਾ ਜਾਂ ਕਹਿ ਲਉ ਕਿ ਮੁੱਢਲੇ ਦੌਰ ਵਿਚ 'ਕਸੀਦੇ' ਦਾ ਇਹ ਪਾਵ 'ਬੱਦੂਆਂ' ਦੀ ਜ਼ਿੰਦਗੀ ਤੱਕ ਹੀ ਸੀਮਤ ਸੀ ਤੇ ਇਰਾਨੀਆਂ ਕੋਲ ਇਸ ਰੂਪ ਲਈ ਪਹਿਲਾਂ ਹੀ ਬਹੁਤ ਵਿਸ਼ੇ ਸਨ ਜਿਵੇਂ ਕਿ ਬਹਾਰਾਂ ਦੇ ਅਨੰਤ ਰੰਗ ਅਤੇ ਹੁਸਨ-ਓ-ਇਸ਼ਕ ਤੇ ਅਕਲੋ-ਹਿਕਮਤ ਦੇ ਵਿਸ਼ੇ। ਇੰਜ ਹੀ ਅਰਬੀ-ਫ਼ਾਰਸੀ ਤੋਂ ਗ਼ਜ਼ਲ ਦੀ ਸਿਰਫ਼ ਉਰਦੂ ਭਾਸ਼ਾ ਵਿਚ ਵੀ ਚਾਰ-ਪੰਜ ਸਦੀਆਂ ਵਿਹਾ ਚੁੱਕੀ ਹੈ। ਤਕਰੀਬਨ ਅਮੀਰ ਖੁਸਰੋ ਦੇ ਸਮੇਂ ਤੋਂ ਗ਼ਜ਼ਲ ਉਰਦੂ ਸ਼ਾਇਰੀ ਦੀ ਸਭ ਤੋਂ ਵੱਧ ਪਸੰਦੀਦਾ ਵਿਧਾ ਰਹੀ ਹੈ ਕਿ ਅੱਜ ਤੱਕ ਵੀ ਭਾਰਤੀ ਹੋਰ ਭਾਸ਼ਾਵਾਂ ਵਿਚ ਵੀ ਜਦੋਂ ਸ਼ਾਇਰ ਗ਼ਜ਼ਲ ਦੀ ਰਚਨਾ ਕਰਦੇ ਹਨ ਤਾਂ ਉਨ੍ਹਾਂ ਦੀ ਗ਼ਜ਼ਲ ਰਚਨਾ ਪਿੱਛੇ ਉਰਦੂ ਗ਼ਜ਼ਲ ਦਾ ਅਵਚੇਤਨ ਹੀ ਕਾਰਜਸ਼ੀਲ ਨਜ਼ਰ ਆਉਂਦਾ ਹੈ। ਪਰ ਪੰਜਾਬੀ ਵਿਚ ਗ਼ਜ਼ਲ ਚੇਤਨਾ ਵਿਚ ਇਕ ਬਹੁਤ ਵੱਡਾ ਪਰਿਵਰਤਨ ਵਾਪਰਿਆ ਹੈ ਜਿਸ ਵਿਚ ਮੁੱਢਲੇ ਦੌਰ ਵਿਚ ਸਾਨੂੰ ਉਰਦੂ ਸ਼ੈਲੀ ਦੇ ਪ੍ਰਭਾਵ ਤਾਂ ਦ੍ਰਿਸ਼ਟੀਗੋਚਰ ਹੁੰਦੇ ਹੀ ਹਨ ਪਰ ਨਾਲ ਹੀ ਪੰਜਾਬੀ ਸਭਿਆਚਾਰਕ ਮੁਹਾਵਰੇ ਦੀ ਮੁਸਲਸਲ ਤਲਾਸ਼ ਤੇ ਵਿਕਾਸ ਦੀ ਨਜ਼ਰੀ ਪੈਂਦੀ ਹੈ। ਪੰਜਾਬੀ ਗ਼ਜ਼ਲ ਵਿਚ ਇਹ ਦੋਨੋਂ ਸ਼ੈਲੀਆਂ ਆਪਸ ਵਿਚ ਘੁੱਲ-ਮਿਲ ਗਈਆਂ ਹਨ ਜਿਸ ਦੀ ਸ਼ੁਰੂਆਤ ਮੌਲਾ ਬਖਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਦੇ ਸਮੇਂ ਤੋਂ ਹੀ ਆਰੰਭ ਹੋ ਗਈ ਸੀ। ਪੱਛਮੀ ਪੰਜਾਬ ਵਿਚ ਜਿਹੜੇ ਉਰਦੂ ਗ਼ਜ਼ਲ ਦੇ ਮਾਹਿਰ ਸਨ, ਉਨ੍ਹਾਂ ਨੇ ਵੀ ਆਪਣੀ ਗ਼ਜ਼ਲ ਚੇਤਨਾ ਵਿਚ ਪੰਜਾਬੀ ਸ਼ੈਲੀ ਅਤੇ ਰਹਿਤਲ ਵਲ ਖ਼ਾਸ ਧਿਆਨ ਦਿੱਤਾ ਜਿਵੇਂ ਕਿ ਜ਼ਫ਼ਰ-ਇਕਬਾਲ ਜਾਂ ਮੁਨੀਰ ਨਿਆਜ਼ੀ ਆਦਿ ਗ਼ਜ਼ਲਗੋਆਂ ਬਾਰੇ ਗੱਲ ਕੀਤੀ ਜਾ ਸਕਦੀ ਹੈ।

ਹਥਲੀ ਪੁਸਤਕ ਵਿਚ ਅਸੀਂ ਕੇਵਲ ਆਪਣੇ ਸਮਕਾਲੀ ਗ਼ਜ਼ਲਗੋਆ ਜਿਨ੍ਹਾਂ ਵਿਚ ਜਿੱਥੇ-ਜਿੱਥੇ ਵੀ ਪੰਜਾਬੀ ਵੱਸੇ ਹੋਏ ਹਨ, ਉਨ੍ਹਾਂ ਵਿਚੋਂ ਕੁਝ ਚਰਚਿਤ ਗ਼ਜ਼ਲਗੋਆ ਨੂੰ ਸ਼ਾਮਿਲ ਕੀਤਾ ਹੈ ਤੇ ਕੁਝ ਲਹਿੰਦੇ ਪੰਜਾਬ ਦੇ ਸ਼ਾਇਰਾਂ ਨੂੰ। ਸਾਰੇ ਸ਼ਾਇਰ ਇਸ ਪੁਸਤਕ ਦੀ ਸੀਮਾ ਜਾਂ ਜ਼ੱਦ ਵਿਚ ਆਉਣੇ ਸੰਭਵ ਨਹੀਂ ਸਨ। ਇਸ ਲਈ ਕੁਝ ਨੂੰ ਹੀ ਸ਼ਾਮਿਲ ਕਰਕੇ ਅਸੀਂ ਗ਼ਜ਼ਲ ਪ੍ਰਤੀ ਆਪਣੀ ਸੁਹਿਰਦਤਾ ਦਾ ਇਜ਼ਹਾਰ ਹੀ ਕਰ ਸਕੇ ਹਾਂ।

ਹੁਣ ਪੰਜਾਬੀ ਗ਼ਜ਼ਲ ਵਿਚ ਸ਼ਾਇਰ ਅਤੇ ਸ਼ਾਇਰਾਵਾਂ ਬਰਾਬਰ ਆਪਣੀ ਹਾਜ਼ਰੀ ਭਰ ਰਹੀਆਂ ਹਨ ਅਤੇ ਗ਼ਜ਼ਲ ਵਿਚ ਪੁਰਾਣੀ ਸਥਾਪਿਤ ਸ਼ੈਲੀ ਵਿਚ ਵੀ ਬਦਲਾਵ ਆਏ ਹਨ। ਰੁਮਾਂਟਿਕ ਗ਼ਜ਼ਲ ਤੋਂ ਅਗੇਰੇ ਆਧੁਨਿਕ ਕਵਿਤਾ ਵਾਂਗ ਅਜੋਕੀ ਗ਼ਜ਼ਲ ਵਿਚ ਹਰ ਰੰਗ ਮੌਜੂਦ ਹੈ। ਪ੍ਰਗਤੀਸ਼ੀਲ ਚੇਤਨਾ ਤੋਂ ਅਗਾਂਹ, ਰਾਜਸੀ ਚੇਤਨਾ, ਸਭਿਆਚਾਰਕ ਤੇ ਇਤਿਹਾਸਕ ਪੰਜਾਬੀਆਂ ਦੀ ਤ੍ਰਾਸਦੀ ਦੀਆਂ ਹੂਕਾਂ ਵੀ ਇਸ ਵਿਚ ਸ਼ਾਮਿਲ ਹਨ ਤੇ ਮਨੁੱਖੀ ਮਾਨਸਿਕਤਾ ਦੇ ਵਲਵਲੇ ਤੇ ਜ਼ਲਜ਼ਲੇ ਵੀ ਇਸ ਵਿਚ ਮੌਜੂਦ ਹਨ। ਪਰ ਗ਼ਜ਼ਲ ਦੇ ਨਾਂ ਤੇ ਜਿਹੜੀ ਕੱਚੀ-ਪਿੱਲੀ 'ਗ਼ਜ਼ਲ' ਦੀ ਸਿਰਜਣਾ ਵੀ ਥੋਕ ਦੇ ਭਾਅ ਹੋ ਰਹੀ ਹੈ, ਉਸ ਤੋਂ ਵੀ ਸੁਚੇਤ ਹੋ ਕੇ ਚੱਲਣ ਦੀ ਲੋੜ ਹੈ ਕਿ ਉਵੇਂ ਜਿਵੇਂ ਨਜ਼ਮ ਜਾਂ ਖੁੱਲੀ ਕਵਿਤਾ ਵਿਚ ਕਵਿਤਾ ਵੱਲੋਂ। ਫਿਰ ਵੀ ਭਾਰਤੀ ਗ਼ਜ਼ਲ ਦੇ ਸਾਹਵੇਂ ਉਰਦੂ-ਫ਼ਾਰਸੀ ਗ਼ਜ਼ਲ ਤੋਂ ਬਾਅਦ ਜੇਕਰ ਕਿਸੇ ਭਾਸ਼ਾ ਵਿਚ ਗ਼ਜ਼ਲ ਨੇ ਆਪਣੇ ਨਖ਼ਸ਼ ਉਘਾੜੇ ਹਨ ਤਾਂ ਉਹ ਪੰਜਾਬੀ ਗ਼ਜ਼ਲ ਹੀ ਹੈ ਜਿਸ ਵਿਚੋਂ ਅਸੀਂ ਕੁਝ ਗ਼ਜ਼ਲਾਂ ਕਸ਼ੀਦ ਕਰਕੇ ਪਾਠਕਾਂ ਦੇ ਰੂ-ਬ-ਰੂ ਹੋਏ ਹਾਂ। ਆਸ ਹੈ ਪੰਜਾਬੀ ਪਾਠਕ ਜਿਹੜੇ ਗ਼ਜ਼ਲ ਨੂੰ ਮੁਹੱਬਤ ਕਰਦੇ ਹਨ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜੀਂਦੇ-ਥੀਂਦੇ ਪਏ ਹਨ, ਇਸ ਕਿਤਾਬ ਨੂੰ ਪਸੰਦ ਕਰਨਗੇ।

ਆਮੀਨ

**ਵਨੀਤਾ**

vanitapoet@gmail.com

# ਤਤਕਰਾ

## ਚੜ੍ਹਦੇ ਪੰਜਾਬ ਦੀ ਗ਼ਜ਼ਲ


- ਡਾ. ਨਰੇਸ਼ 15
- ਸਿਰੀ ਰਾਮ ਅਰਸ਼ 19
- ਅਜਾਇਬ ਹੁੰਦਲ 23
- ਕੁਲਦੀਪ ਕਲਪਨਾ 27
- ਡਾ. ਤ੍ਰਿਲੋਕ ਸਿੰਘ ਆਨੰਦ 31
- ਸੁਰਜੀਤ ਪਾਤਰ 35
- ਸੁਲੱਖਣ ਸਰਹੱਦੀ 40
- ਡਾ. ਸ਼ਸ਼ੀਕਾਂਤ ਉੱਪਲ 45
- ਗੁਰਭਜਨ ਗਿੱਲ 49
- ਪ੍ਰੇਮ ਸਾਹਿਲ 53
- ਗੁਰਦਿਆਲ ਰੌਸ਼ਨ 57
- ਡਾ. ਲਖਵਿੰਦਰ ਜੌਹਲ 62
- ਵਿਜੈ ਵਿਵੇਕ 66
- ਸੁਰਜੀਤ ਜੱਜ 70
- ਗੁਰਤੇਜ ਕੁਹਾਰਵਾਲਾ 74
- ਡਾ. ਬਰਜਿੰਦਰ ਚੌਹਾਨ 78
- ਡਾ. ਵਨੀਤਾ 82
- ਸਤੀਸ਼ ਗੁਲਾਟੀ 84
- ਸੁਖਵਿੰਦਰ ਅਮ੍ਰਿਤ 88
- ਜਗਤਾਰ ਸੇਖਾ 92
- ਤ੍ਰੈਲੋਚਨ ਲੋਚੀ 96
- ਮਨਜਿੰਦਰ ਸਿੰਘ ਧਨੋਆ 100
- ਰਮਨ ਸੰਧੂ 104
- ਅਨੂ ਬਾਲਾ 108

- ਅਜੀਤਪਾਲ 112
- ਜਗਵਿੰਦਰ ਜੋਧਾ 115
- ਬਲਕਾਰ ਔਲਖ 119
- ਕੁਲਵਿੰਦਰ ਬੱਛੋਆਣਾ 123

**ਲਹਿੰਦੇ ਪੰਜਾਬ ਦੀ ਗ਼ਜ਼ਲ**

- ਬਾਬਾ ਨਜਮੀ 127
- ਸਾਬਿਰ ਅਲੀ ਸਾਬਿਰ 131
- ਤਜੰਮੁਲ ਕਲੀਮ 136
- ਤਾਹਿਰਾ ਸਰਾ 140
- ਵਹੀਦ ਰਜ਼ਾ 144
- ਨਸੀਰ ਅਹਿਮਦ ਨਸੀਰ 148
- ਇਰਸ਼ਾਦ ਸੰਧੂ 152
- ਏ. ਐੱਚ. ਆਤਿਫ਼ 156
- ਸੁਗ਼ਰਾ ਸਦਫ਼ 158
- ਇਬਾਦ ਨਬੀਲ ਸ਼ਾਦ 162
- ਇਰਫ਼ਾਨ ਵਾਰਿਸ 166
- ਮਹਿਬੂਬ ਸਰਮਦ 170
- ਫ਼ਖ਼ਰ ਜ਼ਮਾਨ 173
- ਅੰਜੁਮ ਸਲੀਮੀ 174
- ਰਾਇ ਮੁਹੱਮਦ ਖ਼ਾਨ ਨਾਸਿਰ 176
- ਯੂਨਸ ਅਹਿਕਰ 178
- ਗ਼ੁਲਾਮ ਹੁਸੈਨ ਸੱਜਾਦ 180

**ਪਰਵਾਸੀ ਗ਼ਜ਼ਲ**

**(ਯੂ.ਕੇ.)**

- ਸੁਰਿੰਦਰ ਸੀਹਰਾ 181
- ਰਾਜਿੰਦਰਜੀਤ 186
- ਅਜ਼ੀਮ ਸ਼ੇਖ਼ਰ 191

**(ਜਰਮਨੀ)**

- ਤੁਫ਼ੈਲ ਖ਼ਲਿਸ਼ 195

**(ਯੂ.ਐਸ.ਏ)**

- ਸੁਰਜੀਤ ਸਖੀ 198
- ਹਰਜਿੰਦਰ ਕੰਗ 202
- ਕੁਲਵਿੰਦਰ 206
- ਸੁਰਿੰਦਰ ਸੋਹਲ 210
- ਅਜੇ ਤਨਵੀਰ 214

**(ਕੈਨੇਡਾ)**

- ਨਦੀਮ ਪਰਮਾਰ 218
- ਜਸਵਿੰਦਰ 222
- ਓਂਕਾਰਪ੍ਰੀਤ 226
- ਅਮਰਦੀਪ ਸੰਧਾਵਾਲੀਆ 230

**(ਆਸਟ੍ਰੇਲਿਆ)**

- ਸੁਰਿੰਦਰ ਸਿਦਕ 234
- ਰੁਪਿੰਦਰ ਸੋਜ਼ 238

# ਚੜ੍ਹਦੇ ਪੰਜਾਬ ਦੀ ਗ਼ਜ਼ਲ

## ਡਾ. ਨਰੇਸ਼

– 1 –

ਪਿਆ ਹੱਕ ਜਾਇਦਾਦੀਂ ਧੀਆਂ ਦਾ।
ਹੁਣ ਕਿਹਾ ਸੰਧਾਰਾ ਤੀਆਂ ਦਾ।
ਗਲ ਫਾਹਾ ਲੈਂਦੇ ਬਾਪੂ ਨੇ,
ਕੀ ਸੋਚਿਆ ਘਰ ਦੇ ਜੀਆਂ ਦਾ।

ਹਰ ਸਾਲ ਕ਼ਿਆਮਤ ਢਾਹੁੰਦਾ ਹੈ,
ਇਹ ਝਗੜਾ ਸੁੰਨੀਆਂ ਸ਼ੀਆਂ ਦਾ।

ਫੋਨਾਂ ਨੇ ਸੁਖਾਲਾ ਕਰ ਦਿੱਤਾ,
ਮਿਲ–ਬਹਿਣਾ ਮਾਵਾਂ ਧੀਆਂ ਦਾ।

ਇਤਿਹਾਸ ਦੀ ਰੋਸ਼ਨ ਘਟਨਾ ਹੈ,
ਨੀਂਹ ਪੱਥਰ ਰੱਖਣਾ ਮੀਆਂ ਦਾ।

ਕਰਦਾ ਹਾਂ 'ਨਰੇਸ਼' ਅਰਦਾਸ ਇਹੋ,
ਰੱਬ ਭਲਾ ਕਰੇ ਕੁੱਲ ਜੀਆਂ ਦਾ।

## - 2 -

ਸਿਰਫ਼ ਤੇ ਸਿਰਫ਼ ਸਮੇਂ ਦਾ ਫੇਰ।
ਕੋਈ ਨਾ ਗਿੱਦੜ ਕੋਈ ਨਾ ਸ਼ੇਰ।

ਇਕ ਜੁਗਨੂੰ ਵੀ ਕਾਫ਼ੀ ਹੈ,
ਜਦ ਗ਼ਲਬਾ ਪਾ ਲਏ ਹਨੇਰ।

ਸ਼ਾਇਦ ਆਉਣ ’ਚ ਸੋਹਣੇ ਯਾਰ,
ਤੂੰ ਕਰ ਦਿੱਤੀ ਥੋੜ੍ਹੀ ਦੇਰ।

ਅੱਜ ਮੁਥਾਜ ਹੈ ਤੂੜੀ ਦਾ,
ਜਿਸ ਲਾਏ ਕਣਕਾਂ ਦੇ ਢੇਰ।

ਅੰਤਰਮਨ ਦਾ ਚੰਨ ਚੜ੍ਹਾ,
ਚਾਨਣ ਫੈਲੇ ਚਾਰ-ਚੁਫ਼ੇਰ।

ਹਰ ਵਿਹੜੇ ਨੂੰ ਮਿਲਦੀ ਧੁੱਪ,
ਕਾਸ਼ ਆ ਜਾਂਦੀ ਇਹੀ ਸਵੇਰ।

ਮੋੜ ਦੇ ਮੂੰਹ ਸੂਲਾਂ ਦੇ ‘ਨਰੇਸ਼’,
ਤੋੜ ਲਿਆ ਟੀਸੀ ਦਾ ਬੇਰ।

## - 3 -

ਚਿੱਟੇ ਹੋ ਗਏ ਪਿਉ ਦੇ ਕੇਸ।
ਪੁੱਤਰ ਜਾ ਵਸਿਆ ਪਰਦੇਸ।

ਧਰਮਾਂ ਦੇ ਮੈਦਾਨੇ-ਜੰਗ,
ਅਪਣੀ ਧਰਤੀ ਅਪਣਾ ਦੇਸ।

ਵਿਹਲੜ ਤੇ ਕੰਮਚੋਰਾਂ ਨੇ,
ਧਾਰ ਲਿਆ ਸਾਧਾਂ ਦਾ ਭੇਸ।

ਪੁੱਤਰ ਹੋ ਗਿਆ ਤੀਵੀਂ ਦਾ,
ਮਾਂ ਦੇ ਸੀਨੇ ਵੱਜੀ ਠੇਸ।

ਪੜ੍ਹ ਗਈਆਂ ਨੂੰਹਾਂ-ਧੀਆਂ,
ਕੌਣ ਬੁਣੇ ਹੁਣ ਦਰੀਆਂ ਖੇਸ।

ਦੁਸ਼ਮਨ ਹੋ ਗਏ ਸਕੇ ਭਰਾ,
ਹੋ ਗਿਆ ਘਰ ਦਾ ਪੱਟੀ ਮੇਸ।

ਹੁਣ ਮਹਿਫ਼ੂਜ਼ ਹੈ ਕੌਣ 'ਨਰੇਸ਼',
ਗਿਰਝਾਂ ਹੱਥ ਆਇਆ ਹੈ ਦੇਸ।

## – 4 –

ਉਸਨੇ ਵਿਖਾਇਆ ਜਲਵਾ ਵੀ।
ਤਾਣ ਲਿਆ ਵਿੱਚ ਪਰਦਾ ਵੀ।

ਹੜ੍ਹ ਆਇਆ ਤਾਂ ਠਾਹ ਡਿਗਿਆ,
ਵਰ੍ਹਿਆਂ ਪੁਰਾਣਾਂ ਰੁੱਖੜਾ ਵੀ।

ਅੰਦਰੋਂ ਡੂੰਘਾ ਹੁੰਦਾ ਹੈ,
ਹੌਲੀ ਵਗਦਾ ਦਰਿਆ ਵੀ।

ਚਾਈਂ-ਚਾਈਂ ਕੀਤੇ ਪਾਪ,
ਹੋ ਰਿਹੈ ਹੁਣ ਪਛਤਾਵਾ ਵੀ।

ਆਖ਼ਿਰ ਦੇ ਗਿਆ ਸਬਰ ਜਵਾਬ,
ਮੁੱਕ ਗਈ ਸ਼ਹਿਨਸ਼ੀਲਤਾ ਵੀ।

ਨੂੰਹ ਤਾਂ ਲੜਾਕੀ ਸੀ ਸੋ ਸੀ,
ਬਾਗ਼ੀ ਹੋ ਗਿਆ ਬੇਟਾ ਵੀ।

ਇਹ ਕੀ ਤੇਰੇ ਚਿਹਰੇ ’ਤੇ ‘ਨਰੇਸ਼’,
ਰੋਣ ਵੀ ਹੈ ਤੇ ਹਾਸਾ ਵੀ।

## ਸਿਰੀ ਰਾਮ ਅਰਸ਼

**- 1 -**

ਨਾਲ ਹੋ ਜਦ ਤੱਕ ਤੁਸੀਂ ਮੈਨੂੰ ਕਿਸੇ ਦਾ ਡਰ ਨਹੀਂ।
ਪਿਆਰ ਦੇ ਵਰਦਾਨ ’ਤੋਂ ਉੱਤਮ ਤਾਂ ਕੋਈ ਵਰ ਨਹੀਂ।

ਦੇਖ ਲੈ ਕਰਦਾ ਹਾਂ ਮੈਂ ਫਿਰ ਵੀ ਤੇਰੇ ’ਤੇ ਇਤਬਾਰ,
ਜਦਕਿ ਮੈਂ ਇਹ ਜਾਣਦਾ ਹਾਂ ਤੂੰ ਮੇਰਾ ਰਹਿਬਰ ਨਹੀਂ।

ਲੋਕ ਇਸ ਵਿੱਚ ਦਫ਼ਨ ਹਨ ਤਹਿਜ਼ੀਬ ’ਤੇ ਭਾਸ਼ੀ ਸਮੇਤ,
ਏਸ ਕਾਰਨ ਇਹ ਸਧਾਰਨ ਭਾਂਤ ਦਾ ਖੰਡਰ ਨਹੀਂ।

ਪਿੰਜਰਾ ਹੈ ਟੁੱਟ ਰਿਹਾ ਪੰਛੀ ਉਡਣ ਉਸ ’ਚੋਂ ਕਿਵੇਂ ?
ਕੈਦ ਨੇ ਛੱਡੇ ਜਿਨ੍ਹਾਂ ਦੇ ਖੰਭ ਤਾਕਤਵਰ ਨਹੀਂ।

ਸ਼ਾਸਕਾਂ ਕੋਲੋਂ ਅਜ਼ਾਦੀ ਪੁੱਛ ਰਹੀ ਹੈ ਇਹ ਸਵਾਲ,
ਨਿਰਧਨਾਂ, ਦੁਖੀਆਂ ਦੀ ਹਾਲਤ ਹੋਈ ਕਿਉਂ ਬਿਹਤਰ ਨਹੀਂ।

ਜਾਪਦਾ ਘਰ ਨਾਲ ਉਸ ਦਾ ਖ਼ਤਮ ਹੋ ਚੁੱਕਾ ਹੈ ਮੋਹ,
ਦਿਨ ਦੇ ਵੇਲੇ ਜਦ ਵੀ ਜਾਓ, ‘ਅਰਸ਼’ ਮਿਲਦਾ ਘਰ ਨਹੀਂ।

## - 2 -

ਹਿੰਦੋਸਤਾਨੀਆਂ ਵਿੱਚ ਪਾੜੇ ਜੋ ਪਾ ਰਹੇ ਹਨ।
ਫ਼ਿਰਕੂ ਤਬਾਹੀਆਂ ਦੇ ਭਾਂਬੜ ਭਖਾ ਰਹੇ ਹਨ।

ਕਬਜ਼ੇ 'ਚ ਹੈ ਜਿਨ੍ਹਾਂ ਦੇ ਅੱਜ ਆਰਥਿਕ ਵਿਵਸਥਾ,
ਇਸ ਦੇਸ਼ ਵਿੱਚ ਉਹ ਆਪਣਾ ਸਿੱਕਾ ਚਲਾ ਰਹੇ ਹਨ।

ਉਹਨਾਂ ਨੇ ਭੋਗਣਾ ਹੈ, ਨ੍ਹੇਰੇ ਦਾ ਕਹਿਰ ਇੱਕ ਦਿਨ,
ਦੁਸ਼ਮਨ ਜੋ ਚਾਨਣੀ ਦੇ ਦੀਵੇ ਬੁਝਾ ਰਹੇ ਹਨ।

ਤੈਨੂੰ ਉਨ੍ਹਾਂ ਦਾ ਸਜਦਾ ਕਰਨਾ ਕਬੂਲ ਪੈਣਾ,
ਖ਼ੁਸ਼ੀਆਂ ਦੀ ਆਸ ਲੈਕੇ ਦਰ 'ਤੇ ਜੋ ਆ ਰਹੇ ਹਨ।

ਜਿਹਨਾਂ ਗ਼ੁਲਾਮੀਆਂ ਦੀ ਰੱਖੀ ਸੀ ਨੀਂਹ ਜਗਤ ਵਿੱਚ,
ਇਨਸਾਨੀਅਤ ਦਾ ਓਹੀਓ ਡੰਕਾ ਵਜਾ ਰਹੇ ਹਨ।

ਰਹਿਬਰ ਮਿਲੇ ਨੇ ਰੱਬਾ! ਲੋਕਾਂ ਨੂੰ ਕਿਸ ਤਰ੍ਹਾਂ ਦੇ,
'ਵਾਵਾਂ ਦੇ ਉਲਟ ਰਸਤੇ ਜਿਹੜੇ ਦਿਖਾ ਰਹੇ ਹਨ।

ਉਹਨਾਂ ਨਿਤਾਣਿਆਂ ਦੀ, ਕਦ 'ਅਰਸ਼' ਸਾਰ ਲੈਂਦਾ,
ਉਮਰਾਂ ਨੂੰ ਗਹਿਣੇ ਪਾ ਕੇ, ਰਿਣ ਜੋ ਚੁਕਾ ਰਹੇ ਹਨ।

## - 3 -

ਆਦਮੀ ਜਦ ਤੋਂ ਮੁਕੱਦਰ ਬਣ ਗਿਆ ਇਨਸਾਨ ਦਾ।
ਓਸ ਦਿਨ ਤੋਂ ਲੱਭ ਰਿਹਾ ਹੈ ਆਲ੍ਹਣਾ ਭਗਵਾਨ ਦਾ।

ਮੋਤੀਆਂ ਦੀ ਫ਼ਸਲ ਉੱਗੇਗੀ ਉਦ੍ਹੇ ਖੇਤਾਂ ’ਚ ਹੁਣ,
ਇਹ ਕ੍ਰਿਸ਼ਮਾ ਹੈ ਉਦ੍ਹੀ ਸਰਕਾਰ ਦੇ ਵਰਦਾਨ ਦਾ।

ਜੋ ਗ਼ੁਲਾਮੀ ਵਿੱਚ ਜਕੜਨਾ ਚਾਹ ਰਿਹਾ ਲੋਕਾਂ ਦਾ ਰਾਜ,
ਛੇਕਿਆ ਲੋਕਾਂ ਨੇ ਤਦ ਫ਼ਰਮਾਨ ਉਸ ਸੁਲਤਾਨ ਦਾ।

ਪਿੰਡ ਮੇਰਾ ਮੁੜ ਕੇ ਧਾਰਨ ਕਰ ਗਿਆ ਮੁਢਲਾ ਸਰੂਪ,
ਰੱਬ ਵਰਗਾ ਹੋ ਰਿਹਾ ਸਤਿਕਾਰ ਹੈ ਮਹਿਮਾਨ ਦਾ।

ਕਰ ਗਿਆ ਸਭ ਕੁਝ ਨਿਛਾਵਰ ਜੋ ਤੁਹਾਡੇ ਵਾਸਤੇ,
ਹੁਣ ਕਿਵੇਂ ਕਰਜ਼ਾ ਚੁਕਾਓਗੇ ਉਦ੍ਹੇ ਇਹਸਾਨ ਦਾ?

ਆਸ਼ਰਮ ਬਿਰਧਾਂ ਲਈ ਖੋਲ੍ਹੇ ਗਏ ਹਨ ਸ਼ਹਿਰ ਵਿੱਚ,
ਮਾਪੀਆਂ ’ਤੇ ਇਹ ਵੀ ਤਾਂ ਉਪਕਾਰ ਹੈ ਸੰਤਾਨ ਦਾ।

ਸ਼ਖ਼ਸ ਉਹ ਹਰਗਿਜ਼ ਨਾ ਰੱਖੇ ਇਸ਼ਕ ਦੀ ਬੇੜੀ ’ਚ ਪੈਰ,
ਤੌਖਲਾ ਰਹਿੰਦਾ ਹੈ ਜਿਸ ਨੂੰ ‘ਅਰਸ਼’ ਆਪਣੀ ਜਾਨ ਦਾ।

## – 4 –

ਲੋਕ ਜਿਹੜੇ ਜ਼ਿੰਦਗੀ ਦੇ ਸੋਮਿਆਂ ਤੋਂ ਦੂਰ ਹਨ।
ਕੱਲ੍ਹ ਵੀ ਉਹ ਮਜਬੂਰ ਸਨ ’ਤੇ ਅੱਜ ਵੀ ਉਹ ਮਜਬੂਰ ਹਨ।

ਤੋੜ ਕੇ ਇਖ਼ਲਾਕ ਦੇ ਬੰਧਨ ਤੁਸੀਂ ਕਿੰਝ ਆ ਗਏ,
ਪਿੰਡ ਦੀ ਤਾਂ ਚੀਕਣੀ ਮਿੱਟੀ ਦੇ ਵੀ ਦਸਤੂਰ ਹਨ।

ਸ਼ਖ਼ਸ ਜਿਹੜੇ ਚਿਰ ਤੋਂ ਜੂਝੀ ਜਾ ਰਿਹੇ ਤਕਦੀਰ ਨਾਲ,
ਕਿਉਂ ਉਨ੍ਹਾਂ ਮੱਥੇ ਦੇ ਅੱਖਰ ਕਰ ਲਏ ਮਨਜ਼ੂਰ ਹਨ?

ਜ਼ਿੰਦਗੀ ਵਿੱਚ ਕਦ ਫਲਾਂ ਦਾ ਰੂਪ ਉਹਨਾਂ ਧਾਰਿਆ,
ਬਾਂਝ ਰੁੱਖਾਂ ਨੂੰ ਜਿਹੜੇ ਪੈਂਦੇ ਅਭਾਗੇ ਬੂਰ ਹਨ।

ਸਖ਼ਤ ਮਿਹਨਤ ਕਰਕੇ ਵੀ ਭੁੱਖਾਂ ਦੇ ਕੈਦੀ ਹਨ ਜਿਹੜੇ,
ਸੋਚਦੀ ਹੈ ਘਾਲਣਾ ਕੇਹੋ ਜਿਹੇ ਮਜ਼ਦੂਰ ਹਨ।

ਪੰਛੀਆਂ ਨੂੰ ਫੇਰ ਉੱਡਣਾ ਪੈ ਗਿਆ ਜਾਨਾਂ ਲਈ,
ਖੰਭ ਜਿਹਨਾਂ ਦੇ ਥਕਾਵਟ ਨਾਲ ਡਾਢੇ ਚੂਰ ਹਨ।

ਤੁਰ ਪਿਆ ਹੈ ‘ਅਰਸ਼’ ਉਹਨਾਂ ਦੀ ਜ਼ਿਆਰਤ ਵਾਸਤੇ,
ਪਿਆਰ ਦੇ ਜੋ ਦੇਵਤੇ ਇਸ ਸ਼ਹਿਰ ਵਿੱਚ ਮਸ਼ਹੂਰ ਹਨ।

## ਅਜਾਇਬ ਹੁੰਦਲ

**– 1 –**

ਉਸ ਸ਼ਹਿਰ ਦੇ ਲੋਕੀਂ ਜੇ ਖ਼ਤਾਵਾਰ ਬੜੇ ਨੇ।
ਇਸ ਸ਼ਹਿਰ ਦੇ ਲੋਕੀਂ ਵੀ ਗੁਨਾਹਗਾਰ ਬੜੇ ਨੇ।

ਘੁੱਟਦਾ ਹੈ ਤੇਰਾ ਦਮ ਤਾਂ ਵਜ੍ਹਾ ਹੋਰ ਹੋਏਗੀ,
ਕਮਰੇ ਤਾਂ ਤੇਰੇ ਘਰ ਦੇ ਹਵਾਦਾਰ ਬੜੇ ਨੇ।

ਹੈ ਘਾਟ ਹੁਨਰ ਦੀ ਕਿ ਹਕੀਕਤ ਦੀ ਕਮੀ ਹੈ,
ਸ਼ਾਹਕਾਰ ਬੜੇ ਥੋੜੇ ਨੇ ਫ਼ਨਕਾਰ ਬੜੇ ਨੇ।

ਵਿਕ ਜਾਣ ਲਈ ਰਾਜ਼ੀ ਕਦੇ ਹੋ ਤਾਂ ਸਹੀ ਤੂੰ,
ਇਸ ਸ਼ਹਿਰ ’ਚ ਤੇਰੇ ਵੀ ਖ਼ਰੀਦਾਰ ਬੜੇ ਨੇ।

ਮੈਨੂੰ ਵੀ ਤਾਂ ਦਿੱਤੀਆ ਨੇ ਮੇਰੀ ਮਾਂ ਨੇ ਅਸੀਸਾਂ,
ਕੀ ਹੋਇਆ ਕਿ ਉਸ ਕੋਲ ਜੇ ਹਥਿਆਰ ਬੜੇ ਨੇ।

ਇਕ ਵਾਰ ਕਿਸੇ ਘਟਨਾ ਦਾ ਨਾਇਕ ਤਾਂ ਕਦੇ ਬਣ,
ਛਾਪਣ ਨੂੰ ਤੇਰਾ ਨਾਮ ਵੀ ਅਖ਼ਬਾਰ ਬੜੇ ਨੇ।

ਆ ਜਾਏ ਕਦੇ ਜਾਚ ਜੇ ਖੇਡਣ ਦੀ ‘ਅਜਾਇਬ’
ਖੇਡਣ ਦੇ ਲਈ ਉਮਰ ਦੇ ਦਿਨ ਚਾਰ ਬੜੇ ਨੇ।

## – 2 –

ਉੱਡ ਉੱਡ ਕੇ ਕਦੇ ਛੱਤ ’ਤੇ ਪੱਥਰ ਨਹੀਂ ਜਾਂਦੇ।
ਖ਼ਤ ਲੈ ਕੇ ਹਨੇਰੇ ’ਚ ਕਬੂਤਰ ਨਹੀਂ ਜਾਂਦੇ।

ਹੋਵੇ ਉਹ ਨਦੀ ਨਹਿਰ ਕਿ ਦਰਿਆ ਕੋਈ ਹੋਵੇ,
ਖ਼ੁਦ ਚੱਲ ਕੇ ਕਿਸੇ ਕੋਲ ਸਮੁੰਦਰ ਨਹੀਂ ਜਾਂਦੇ।

ਸੁੱਟ ਆਇਆ ਤੇਰਾ ਨਾਮ ਹਾਂ ਸਤਲੁਜ ’ਚ ਕਦੋਂ ਦਾ,
ਚੇਤੇ ’ਚੋਂ ਉਹ ਡੁੱਬਦੇ ਹੋਏ ਅੱਖਰ ਨਹੀਂ ਜਾਂਦੇ।

ਇਸ ਸ਼ਹਿਰ ਦੇ ਪੰਛੀ ਵੀ ਅਨੋਖੇ ਹੀ ਨੇ ਪੰਛੀ,
ਉੱਡਦੇ ਨੇ ਮਗਰ ਸ਼ਹਿਰ ਤੋਂ ਬਾਹਰ ਨਹੀਂ ਜਾਂਦੇ।

ਲੈਂਦੇ ਨੇ ਜੋ ਕਰ ਆਪ ਬੁਲੰਦ ਅਪਣੀ ਖ਼ੁਦੀ ਨੂੰ,
ਲੈ ਕੇ ਉਹ ਕਦੇ ਨਾਲ ਮੁਕੱਦਰ ਨਹੀਂ ਜਾਂਦੇ।

ਤਸਵੀਰ ਕਿਸੇ ਦੀ ਵੀ ਹੋਏ, ਫਿਰ ਵੀ ਪੁਰਾਣੇ,
ਲਟਕਾਏ ਦੀਵਾਰਾਂ ’ਤੇ ਕੈਲੰਡਰ ਨਹੀਂ ਜਾਂਦੇ।

ਜਾਂਦੇ ਨੇ ਤਾਂ ਫਿਰ ਜਾਂਦੇ ਨੇ ਕਿੱਥੇ ਉਹ ‘ਅਜਾਇਬ’
ਜੋ ਲੋਕ ਕਦੇ ਰਾਤ ਨੂੰ ਵੀ ਘਰ ਨਹੀਂ ਜਾਂਦੇ।

## - 3 -

ਲੈ ਕੇ ਆ ਧਰਤੀ ਨਾ ਅੰਬਰ ਲੈ ਕੇ ਆ।
ਸਿਰਫ਼ ਇਕ ਜੋੜਾ ਕਬੂਤਰ ਲੈ ਕੇ ਆ।

ਹੈ ਬਦਲਨਾ ਤੂੰ ਜੇਕਰ ਘਰ ਦਾ ਮਾਹੌਲ
ਆਪਣੇ ਘਰ ਚਰਖ਼ੇ ਦੀ ਘੂਕਰ ਲੈ ਕੇ ਆ।

ਰੋਕਿਆ ਜੰਗਲ ਨੇ ਹੈ ਕਦ ਅੱਗ ਨੂੰ,
ਕੋਈ ਦਰਿਆ ਜਾ ਸਮੁੰਦਰ ਲੈ ਕੇ ਆ ।

ਤੇਰਿਆਂ ਬੱਚਿਆਂ ਲਈ ਜੋ ਹੈ ਹਰਾਮ,
ਇਸ ਤਰ੍ਹਾਂ ਦਾ ਰਿਜ਼ਕ ਨਾ ਘਰ ਲੈ ਕੇ ਆ।

ਜੋ ਨਹੀਂ ਸੀ ਹੀਰ ਦੇ ਵੀ ਦਾਜ ਵਿੱਚ,
ਐਸਾ ਗਹਿਣਾ ਐਸਾ ਜ਼ੇਵਰ ਲੈ ਕੇ ਆ।

ਭਿੱਜ ਗਏ ਸਾਂ ਜਦ ਬਿਨਾਂ ਬਾਰਿਸ਼ ਅਸੀਂ,
ਪਿਆਰ ਦੇ ਉਹ ਢਾਈ ਅੱਖਰ ਲੈ ਕੇ ਆ।

ਨਾ ਦਿਖਾ ਸੁਪਨੇ 'ਅਜਾਇਬ' ਤਾਜ ਦੇ,
ਆਪਣੀ ਪਤਨੀ ਦੇ ਲਈ ਘਰ ਲੈ ਕੇ ਆ।

## - 4 -

ਐ ਕਾਸ਼ ਕਿ ਹੋ ਜਾਏ ਕਦੇ ਆਪਣੇ ਨਗਰ ਵਿਚ।
ਹਰ ਸ਼ਖ਼ਸ਼ ਨੂੰ ਰੁਜ਼ਗਾਰ ਮਿਲੇ ਆਪਣੇ ਨਗਰ ਵਿਚ।

ਮਾਵਾਂ ਦੀ ਤਰ੍ਹਾਂ ਠੰਡੀ ਹਵਾ ਦਿੰਦੇ ਨੇ ਜਿਹੜੇ,
ਉਹ ਬਿਰਖ ਸਦਾ ਰਹਿਣ ਹਰੇ ਆਪਣੇ ਨਗਰ ਵਿਚ।

ਸਾੜੇ ਨਾ ਕੋਈ ਖ਼ੁਦ ਨੂੰ ਨਾ ਸਾੜੇ ਕੋਈ ਘਰ ਹੀ,
ਐਸੀ ਕੋਈ ਸਰਕਾਰ ਹੋਏ ਆਪਣੇ ਨਗਰ ਵਿਚ।

ਸਭਨਾਂ ਹੀ ਦੁਕਾਨਾਂ ਤੇ ਸਜੇ ਰਹਿਣ ਖਿਡੌਣੇ,
ਰੋਂਦਾ ਨਾ ਕੋਈ ਬਾਲ ਦਿਸੇ ਆਪਣੇ ਨਗਰ ਵਿਚ।

ਸੁਰਖ਼ੀ ਹੈ ਕੋਈ ਜ਼ਹਿਰ ਉਗਲਦੀ ਹੋਈ ਜਿਸਦੀ,
ਯਾ ਰੱਬ ਨਾ ਉਹ ਅਖ਼ਬਾਰ ਛਪੇ ਆਪਣੇ ਨਗਰ ਵਿੱਚ।

ਛੁਪ ਛੁਪ ਕੇ ਬੁੜ੍ਹਾਪੇ ’ਚ ਕਿਤੇ ਰੋਣ ਨਾ ਮਾਪੇ,
ਧੀ ਭੈਣ ਦੀ ਚੁੰਨੀ ਨਾ ਰੁਲੇ ਆਪਣੇ ਨਗਰ ਵਿਚ।

ਆ ਜਾਏ ‘ਅਜਾਇਬ, ਕਿ ਚਲਾ ਜਾਏ ਅਜਾਇਬ’
ਚੁੱਲ੍ਹਾ ਨਾ ਕਿਸੇ ਘਰ ਦਾ ਬੁਝੇ ਆਪਣੇ ਨਗਰ ਵਿਚ।

# ਕੁਲਦੀਪ ਕਲਪਨਾ

**- 1 -**

ਜਿਸ ਪਾਸੇ ਜ਼ਖ਼ਮਾਂ ਦੀ ਮਰਹਮ ਉਸ ਪਾਸੇ ਨਾ ਜਾਵਾਂ।
ਜਿੰਨੇ ਰਿਸਦੇ ਜ਼ਖਮ ਮੇਰੇ ਮੈਂ ਓਨਾਂ ਹੀ ਮੁਸਕਾਵਾਂ।

ਝੱਖੜ ਝੰਬੇ, ਕੱਕਰ ਮਾਰੇ ਰੁੱਖ ਨਿਪੱਤਰੇ ਹੇਠਾਂ,
ਬਹਿ ਕੇ ਕਰਦੀ ਸ਼ਿਕਵਾ ਮੈਨੂੰ ਮਿਲਦੀਆਂ ਕਿਉਂ ਨਾ ਛਾਵਾਂ।

ਘੋਰ ਉਦਾਸੀ, ਗੂੜ੍ਹੇ ਬੱਦਲ, ਘੁੱਪ ਹਨੇਰੇ ਅੰਦਰ,
ਸੂਰਜ ਵਾਂਗੂੰ ਜਾਪ ਰਿਹਾ ਹੈ ਤਾਰਾ ਟਾਵਾਂ ਟਾਵਾਂ।

ਯਾਦਾਂ ਦੇ ਬੂਹੇ ਦੇ ਉੱਤੇ ਕਿਸ ਨੇ ਦਿੱਤੀ ਦਸਤਕ,
ਕਿਸ ਨੂੰ ਯਾਦ ਰਿਹਾ ਹੁਣ ਤੀਕਰ ਖੰਡਰ ਦਾ ਸਰਨਾਵਾਂ।

ਸੱਚ ਜਾਨਣ ਦੇ ਸ਼ੌਂਕ ਨੇ ਮੈਨੂੰ ਤੋਰਿਆ ਓਹਨਾਂ ਰਾਹਵਾਂ,
ਜਿੱਥੇ ਪੈਰ ਪੈਰ ਤੇ ਬੈਠੀਆਂ ਰਹਿਣ ਹਜ਼ਾਰ ਬਲਾਵਾਂ।

ਸੱਚ ਜਾਨਣ ਦੇ ਸ਼ੌਂਕ ਨੇ ਮੇਰੀ ਤਲੀ ਧਰੇ ਅੰਗਾਰੇ,
ਹਥ ਜਲੇ ਤਨ ਮਨ ਜਲਿਆ ਪਰ ਦਿਸੀਆਂ ਬਹੁਤ ਦਿਸ਼ਾਵਾਂ।

ਆਪਣੀ ਜ਼ਾਤ ਦੇ ਖੋਲ ਦੇ ਅੰਦਰ ਮੈਂ ਸੁੱਤੀ ਰਹਿਣਾ ਸੀ,
ਜੇ ਨਾ ਮੈਨੂੰ ਝੂਣਦੀਆਂ ਇਹ ਖ਼ੌਫ਼ਨਾਕ ਘਟਨਾਵਾਂ।

## – 2 –

ਇਕ ਸਾਇਆ ਸੀ ਉਸ ਦੇ ਤੇ ਮੇਰੇ ਵਿਚਕਾਰ।
ਵਰਜਿਤ ਫਲ ਦੇ ਵਾਂਗੂੰ ਮਿਲਿਆ ਮੈਨੂੰ ਪਿਆਰ।

ਅਦਨ ਬਾਗ਼ ਤੋਂ ਧਰਤੀ, ਧਰਤੀ ਤੋਂ ਦੋਜ਼ਖ਼,
ਰੂਹ ਦੀ ਮਿੱਟੀ ਕਿੱਥੇ ਕਿੱਥੇ ਹੋਈ ਖ਼ੁਆਰ।

ਜਦ ਵੀ ਮਿਲਿਆ ਓਹ ਮੈਨੂੰ ਏਦਾਂ ਮਿਲਿਆ,
ਸ਼ਾਮ ਪਈ ਜਿਓਂ ਡੁਬਦਾ ਸੂਰਜ ਨਦੀਓਂ ਪਾਰ।

ਮੈਨੂੰ ਵੀ ਜਲਦੀ ਕਿਧਰੇ ਪਹੁੰਚਣ ਦੀ,
ਓਹਦਾ ਵੀ ਪਹਿਲਾਂ ਤੋਂ ਕਿਧਰੇ ਸੀ ਇਕਰਾਰ।

ਓਹ ਮੇਰੇ ਤੋਂ ਮੈਂ ਉਹਦੇ ਤੋਂ ਡਰਦੀ ਸਾਂ,
ਦੇਖ ਰਹੇ ਸਾਂ ਕਿਹੜਾ ਪਹਿਲਾ ਕਰਦਾ ਵਾਰ।

## - 3 -

ਤੂੰ ਜੋ ਉਸ ਨੂੰ ਦਿੱਤੀਆਂ ਛਾਵਾਂ ਮੇਰੀਆਂ ਨੇ।
ਮੰਜ਼ਿਲ ਤੇਰੀ ਹੋਈ ਰਾਹਵਾਂ ਮੇਰੀਆਂ ਨੇ।

ਤੈਨੂੰ ਮਾਣ ਹਯਾਤੀ ਦੇ ਸਭ ਸੁੱਖਾਂ ਦਾ
ਹੰਝੂ, ਪੀੜ ਤੇ ਹੋਰ ਬਲਾਵਾਂ ਮੇਰੀਆਂ ਨੇ।

ਨਾ ਹੋਇਆ ਅੰਜਾਮ ਕਹਾਣੀ ਤਾਂ ਹੋਈ,
ਤੂੰ ਜੋ ਨੀਂਦ 'ਚ ਸੁਣੇ ਸਦਾਵਾਂ ਮੇਰੀਆਂ ਨੇ।

ਸ਼ਾਮ ਪਈ ਜਦ ਪੰਛੀ ਵੀ ਸੌਂ ਜਾਂਦੇ ਨੇ
ਹਵਾ ਸਿਸਕਦੀ ਜਾਂ ਇਹ ਹਾਵਾਂ ਮੇਰੀਆਂ ਨੇ।

ਬੇਸ਼ਕ ਮੈਨੂੰ ਤਾਰਿਆਂ ਰਸਤਾ ਦਿੱਤਾ ਨਾ
ਸਹਿਰਾਵਾਂ ਦੀਆਂ ਸਭੇ ਦਿਸ਼ਾਵਾਂ ਮੇਰੀਆਂ ਨੇ।

## – 4 –

ਦਿਲ ਮੇਰਾ ਬਹੁਤ ਹੀ ਬੇ-ਨੂਰ ਰਿਹਾ।
ਰੌਸ਼ਨੀ ਤੋਂ ਸਦਾ ਹੀ ਦੂਰ ਰਿਹਾ।

ਮੇਰਾ ਹਾਸਾ ਵੀ ਇੱਕ ਗੁਨਾਹ ਹੋਇਆ,
ਮੇਰਾ ਰੋਣਾ ਵੀ ਇੱਕ ਕਸੂਰ ਰਿਹਾ।

ਮੁਸਕਰਾਣਾ ਮੇਰੇ ਨਸੀਬ ਨਹੀਂ,
ਵਿਲਕਦਾ ਮਨ ਦਾ ਇਹ ਮਯੂਰ ਰਿਹਾ।

ਮੇਰੇ ਦਿਲ ਨੂੰ ਕਿਸੇ ਪਛਾਣਿਆਂ ਨਾ,
ਮੈਨੂੰ ਇੱਕ ਇਹ ਗਿਲਾ ਜ਼ਰੂਰ ਰਿਹਾ।

ਜੇ ਕੋਈ ਆ ਕੇ ਕੋਲ ਬੈਠਾ ਵੀ,
ਆਪਣੇ ਗ਼ਮ ਦੇ ਨਸ਼ੇ ’ਚ ਚੂਰ ਰਿਹਾ।

ਇੱਕ ਇੱਕ ਕਰਕੇ ਸਾਰੇ ਖ਼ਾਬ ਮਰੇ,
ਲੱਥਦਾ ਹਰ ਘੜੀ ਸਰੂਰ ਰਿਹਾ।

ਸਭ ਦੇ ਸੀਨੇ ਤੇ ਸੱਲ ਹੀ ਪਾਏ,
ਜ਼ਿੰਦਗੀ ਨੂੰ ਇਹੀ ਗਰੂਰ ਰਿਹਾ।

# ਡਾ. ਤ੍ਰਿਲੋਕ ਸਿੰਘ ਆਨੰਦ

**– 1 –**

ਬਾਹਰਲੇ ਹਾਲਾਤ ਕੋਲੋਂ ਡਰ ਗਿਆ ਹੈ।
ਮੇਰੇ ਅੰਦਰ ਦਾ ਬੱਚਾ ਮਰ ਗਿਆ ਹੈ।

ਤੁਸੀਂ ਇਸ ਰਾਹ ਤੋਂ ਹਰਗਿਜ਼ ਨ ਜਾਣਾ,
ਹੁਣੇ ਇਸ ਰਾਹ ਤੋਂ ਰਹਿਬਰ ਗਿਆ ਹੈ।

ਕਿਸੇ ਨੂੰ ਰੋਕ ਸਕਦੇ ਸੀ ਕਦੋਂ ਤੱਕ,
ਜਿਹਨੇ ਜਾਣਾ ਸੀ ਆਖ਼ਰ ਗਿਆ ਹੈ।

ਮੈਂ ਚਾਹਿਆ ਸੀ ਸਦਾ ਮਿੱਠਾ ਹੀ ਬੋਲਾਂ,
ਕੁੜੱਤਣ ਜੀਭ ਤੇ ਉਹ ਧਰ ਗਿਆ ਹੈ।

ਉਸੇ ਨੇ ਪਾਲਿਆ ਹੈ ਲਾਮਕਾਂ ਨੂੰ,
ਜੋ ਆਪਣੇ ਆਪ ਦੇ ਅੰਦਰ ਗਿਆ ਹੈ।

## – 2 –

ਖ਼ਾਮੋਸ਼ੀ ਨੂੰ ਤੂੰ ਅਪਨਾ ਲੈ
ਆਪਣੀ ਇਸ ਆਵਾਜ਼ ਦੇ ਬਦਲੇ।
ਸੋਨੇ ਦੇ ਖੰਭ ਸਾਥੋਂ ਲੈ ਲੈ
ਪਰ ਆਪਣੀ ਪਰਵਾਜ਼ ਦੇ ਬਦਲੇ।

ਹਰ ਵਾਰੀ ਹੀ ਨਿਕਲੇ ਇਸ 'ਚੋਂ
ਰਾਗ ਜਿਹਨੂੰ ਦਰਬਾਰੀ ਕਹਿੰਦੇ,
ਸਾਡੇ ਕੋਲੋਂ ਵਾਜਾ ਲੈ–ਲੈ
ਖ਼ੁੱਦਾਰੀ ਦੇ ਸਾਜ਼ ਦੇ ਬਦਲੇ।

ਰਾਜੇ ਦਾ ਫ਼ੁਰਮਾਨ ਹੈ ਹੁਣ ਤਾਂ
ਫੁੱਲ ਖਿੜਨ ਬਸ ਇਕ ਹੀ ਰੰਗ ਦੇ,
ਲਭਿਆ ਹੈ ਹੁਣ ਹੋਰ ਲਲਾਰੀ
ਕੁਦਰਤ ਦੇ ਰੰਗ ਸਾਜ਼ ਦੇ ਬਦਲੇ।

ਤੇਰੇ ਸ਼ਿਅਰਾਂ ਵਿਚੋਂ ਕਿੰਨੀ
ਦੇਸ਼ ਧਰੋਹ ਦੀ ਬੂ ਪਈ ਆਵੇ,
ਦੇਖੀਂ ਕਿਧਰੇ ਸੋਧਿਆ ਜਾਵੇਂ
ਆਪਣੇ ਇਸ ਅੰਦਾਜ਼ ਨੇ ਬਦਲੇ।

## - 3 -

ਕਲ੍ਹ ਪਰਸੋਂ ਇਸ ਬਸਤੀ ਅੰਦਰ
ਘਟੀਆਂ ਕੁਝ ਘਟਨਾਵਾਂ।
ਧੁੱਪਾਂ ਵਿਚੋਂ ਧੁੱਪ ਗੁਆਚੀ
ਛਾਵਾਂ ਵਿਚੋਂ ਛਾਵਾਂ।

ਹਰ ਵਾਰੀ ਹੀ ਡਾਕੀਆ ਆਕੇ
ਦੇ ਜਾਂਦਾ ਹੈ ਮੈਨੂੰ,
ਜਿਸ ਵੀ ਖ਼ਤ ਤੇ ਲਿਖਿਆ ਹੋਵੇ
ਦਰਦਾਂ ਦਾ ਸਿਰਨਾਵਾਂ।

ਪਰਦੇਸਾਂ ਵਿਚ ਰੁਲਦੇ ਬੱਚਿਆਂ
ਆਪਣੇ ਨਕਸ਼ ਗੁਆ ਲਏ,
ਫ਼ੋਟੋਆਂ ਉੱਤੋਂ ਗਰਦਾ ਝਾੜਨ
ਘਰੇ ਨਿਕਰਮਣ ਮਾਵਾਂ।

ਇਕ ਹੀ ਦਿਲ ਵਿਚ ਖ਼ਬਰੇ ਕੀਕਰ
ਇਹ ਘਟਨਾ ਹੈ ਹੋਈ,
ਚਿਹਰੇ ਸਭ ਬੇਗਾਨੇ ਲਗਦੈ
ਪਰ ਉਹੀਓ ਨੇ ਥਾਵਾਂ।

## - 4 -

ਦਿਲ ਕਰਦੈ ਸੁਸਤਾਵਾਂ ਹੁਣ ਤਾਂ।
ਥੱਕਿਆ ਹੈ ਪਰਛਾਵਾਂ ਹੁਣ ਤਾਂ।

ਬਦਲੇ ਰੰਗ ਭਰਾਵਾਂ ਹੁਣ ਤਾਂ,
ਰਾਜ ਨ ਕਰਨ ਖੜਾਵਾਂ ਹੁਣ ਤਾਂ।

ਸੀਤਲਤਾ ਬਨਵਾਸੀ ਹੋਈ,
ਧੁੱਪਾਂ ਵਰਗੀਆਂ ਛਾਵਾਂ ਹੁਣ ਤਾਂ।

ਫੁਲ ਬੀਜੇ ਤਾਂ ਕੰਡੇ ਉੱਗੇ,
ਰੁਖ ਕੰਡਿਆਲੇ ਲਾਵਾਂ ਹੁਣ ਤਾਂ।

ਧੀ ਜਗ ਜਨਨੀ ਬਚਣੀ ਮੁਸ਼ਕਿਲ,
ਕੁਖ ਵਿਚ ਮਾਰਨ ਮਾਵਾਂ ਹੁਣ ਤਾਂ।

ਕਾਲੇ ਤੋਂ ਪਹਿਚਾਣ ਨ ਹੋਵੇ,
ਰੰਗ ਬਦਲੇ ਨੇ ਕਾਵਾਂ ਹੁਣ ਤਾਂ।

ਘਰ ਵਿਚੋਂ ਅਪਣਾ ਨ ਲੱਭੇ,
ਓਪਰੀਆਂ ਸਭ ਥਾਵਾਂ ਹੁਣ ਤਾਂ।

# ਸੁਰਜੀਤ ਪਾਤਰ

## - 1 -

ਗ਼ਜ਼ਲ ਇਕ ਲਹਿਰ ਦੇ ਉਛਲਣ ਦਾ ਨਾਂ ਹੈ।
ਕਿਨਾਰੇ ਖੋਰ ਕੇ ਪਰਤਣ ਦਾ ਨਾਂ ਹੈ।

ਸ਼ਰ੍ਹਾ ਦੀ ਚਾਰਦੀਵਾਰੀ ਦੇ ਅੰਦਰ,
ਗ਼ਜ਼ਲ ਤਾਂ ਇਸ਼ਕ ਦੇ ਤੜਪਣ ਦਾ ਨਾਂ ਹੈ।

ਇਹ ਪਹਿਲਾਂ ਆਪਣੇ ਫਿਰ ਦੂਜਿਆਂ ਦੇ,
ਗ਼ਜ਼ਲ ਤਾਂ ਦਿਲ ਦੇ ਵਿਚ ਉਤਰਨ ਦਾ ਨਾਂ ਹੈ।

ਗ਼ਜ਼ਲ ਬੰਦਿਸ਼ ਤਾਂ ਹੈ ਪਰ ਰਾਗ ਵਰਗੀ,
ਇਹ ਕੱਸੀਆਂ ਤਾਰਾਂ 'ਚੋਂ ਨਿਕਲਣ ਦਾ ਨਾਂ ਹੈ।

ਦਰਖ਼ਤਾਂ, ਭਾਂਬੜਾ ਤੇ ਪੱਥਰਾਂ 'ਤੇ,
ਗ਼ਜ਼ਲ ਤਾਂ ਨੀਰ ਬਣ ਬਰਸਣ ਦਾ ਨਾਂ ਹੈ।

ਚਿਰਾਗ਼ਾਂ ਨੂੰ ਤੇ ਡੁਬਦੇ ਸੂਰਜਾਂ ਨੂੰ,
ਗ਼ਜ਼ਲ ਲਫ਼ਜ਼ਾਂ ਦੇ ਵਿਚ ਸਾਂਭਣ ਦਾ ਨਾਂ ਹੈ।

ਗ਼ਜ਼ਲ ਸੀਮਿਤ ਸੁਰਾਂ ਦੇ ਸਾਜ਼ ਵਿਚੋਂ,
ਅਸੰਖਾਂ ਹੀ ਧੁਨਾਂ ਸਿਰਜਣ ਦਾ ਨਾਂ ਹੈ।

## – 2 –

ਮੈਂ ਨਿਸਦਿਨ ਸੋਚਦਾ ਰਹਿੰਨਾਂ ਮੈਂ ਹਰ ਪਲ ਸੁਲਗਦਾ ਰਹਿੰਨਾਂ।
ਮੈਂ ਗੌਤਮ ਹਾਂ ਅਤੇ ਬੁੱਧ ਹੋਣ ਖ਼ਾਤਰ ਤੜਪਦਾ ਰਹਿੰਨਾਂ।

ਸੁਜਾਤਾ ਦਾ ਕਟੋਰਾ ਵਣ ਦੇ ਵਿਚ ਮਨਜ਼ੂਰ ਸੀ ਮੈਨੂੰ,
ਮੈਂ ਪਰ ਬੋਧੀ ਮਠਾਂ ਵਿਚ ਉਸ ਨੂੰ ਆਉਣੋਂ ਵਰਜਦਾ ਰਹਿੰਨਾਂ।

ਇਬਾਰਤ ਮੈਂ ਨਹੀਂ ਕੋਈ, ਸ਼ਿਲਾਲੇਖੀਂ ਲਿਖੀ ਹੋਈ,
ਮੈਂ ਹਾਂ ਇਕ ਬਣ ਰਿਹਾ ਫਿਕਰਾ ਜੁ ਅਕਸਰ ਬਦਲਦਾ ਰਹਿੰਨਾਂ।

ਮਿਲੇ ਇਸ ਮੋੜ ’ਤੇ ਪੂਰਬ ਤੇ ਅਗਲੇ ਮੋੜ ’ਤੇ ਪੱਛਮ,
ਮੈਂ ਦਿਨ ਵਿਚ ਕਿੰਨੀ ਵਾਰੀ ਉਗਮਦਾ ਤੇ ਅਸਤਦਾ ਰਹਿੰਨਾਂ।

ਬਦਨ ਦੇ ਵਾਂਗ ਮਿਲ ਕੇ ਜਿਸ ਘੜੀ ਮੈਂ ਸ਼ਾਂਤ ਹੋ ਜਾਨਾਂ,
ਉਦੋਂ ਵੀ ਆਤਮਾ ਦੇ ਵਾਂਗ ਅੰਦਰੋਂ ਤੜਪਦਾ ਰਹਿੰਨਾਂ।

ਜਿਵੇਂ ਬਲਦੀ ਹੈ ਕੋਈ ਹੋਮ ਯੱਗ ਦੀ ਅੱਗ ਮੇਰੇ ਅੰਦਰ,
ਪਵਿੱਤਰ ਹੋਣ ਖ਼ਾਤਰ ਇਉਂ ਮੈਂ ਅਕਸਰ ਸੁਲਗਦਾ ਰਹਿੰਨਾਂ।

## – 3 –

ਹੁੰਦਾ ਸੀ ਏਥੇ ਸ਼ਖ਼ਸ ਇਕ ਸੱਚਾ ਕਿਧਰ ਗਿਆ।
ਇਸ ਪੱਥਰਾਂ ਦੇ ਸ਼ਹਿਰ ’ਚੋਂ ਸ਼ੀਸ਼ਾ ਕਿਧਰ ਗਿਆ।

ਜਾਂਦਾ ਸੀ ਮੇਰੇ ਪਿੰਡ ਨੂੰ ਰਸਤਾ ਕਿਧਰ ਗਿਆ,
ਪੈੜਾਂ ਦੀ ਸ਼ਾਇਰੀ ਦਾ ਉਹ ਵਰਕਾ ਕਿਧਰ ਗਿਆ।

ਜਦ ਦੋ ਦਿਲਾਂ ਨੂੰ ਜੋੜਦੀ ਇਕ ਤਾਰ ਟੁੱਟ ਗਈ,
ਸਾਜ਼ਿੰਦੇ ਪੁੱਛਦੇ ਸਾਜ਼ ਨੂੰ, ਨਗ਼ਮਾ ਕਿਧਰ ਗਿਆ।

ਪਲਕਾਂ ਵੀ ਖ਼ੂਬ ਲੰਮੀਆਂ, ਕਜਲਾ ਵੀ ਖ਼ੂਬ ਪਰ,
ਉਹ ਤੇਰੇ ਸੁਹਣੇ ਨੈਣਾਂ ਦਾ ਸੁਪਨਾ ਕਿਧਰ ਗਿਆ।

ਸਭ ਨੀਰ ਗੰਧਲੇ, ਸ਼ੀਸ਼ੇ ਧੁੰਦਲੇ ਹੋਏ ਇਸ ਤਰ੍ਹਾਂ,
ਹਰ ਸ਼ਖ਼ਸ ਪੁੱਛਦਾ ਏ, ਮੇਰਾ ਚਿਹਰਾ ਕਿਧਰ ਗਿਆ।

ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦੀ ਭੀੜ ਵਿੱਚ,
ਰੱਬ ਢੂੰਡਦਾ ਫਿਰਦਾ ਮੇਰਾ ਬੰਦਾ ਕਿਧਰ ਗਿਆ।

ਧੁਖ਼ਦੀ ਜਮੀਨੋਂ ਉੱਠ ਕੇ ਅਰਸ਼ਾਂ ’ਤੇ ਪਹੁੰਚ ਕੇ,
ਧੂੰਆਂ ਖ਼ਿਲਾਅ ਨੂੰ ਪੁੱਛਦਾ: ਅੱਲ੍ਹਾ ਕਿਧਰ ਗਿਆ।

ਬਣਿਆ ਖ਼ਬਰ ਅਖ਼ਬਾਰ ਦੀ, ਰੱਦੀ ’ਚ ਵਿਕ ਗਿਆ,
ਟੁਕੜਾ ਜਿਗਰ ਦਾ, ਨੈਣਾਂ ਦਾ ਤਾਰਾ ਕਿੱਧਰ ਗਿਆ।

ਹਰ ਵਾਰ ਛੱਬੀ ਜਨਵਰੀ ਮਾਯੂਸ ਪਰਤਦੀ,
ਲੱਭਦੀ ਹੈ ਰੁੱਖ ਜੋ ਰੱਤ ਦਾ ਸੀ ਸਿੰਜਿਆ ਕਿਧਰ ਗਿਆ।

ਕਿੱਥੇ ਗਏ ਉਹ ਯਾਰ ਮੇਰੇ, ਮੇਰਾ ਆਸਰਾ,
ਉਹ ਧਰਮਾ, ਕਰਮਾ, ਸੁੱਚਾ ਤੇ ਪਿਆਰਾ ਕਿਧਰ ਗਿਆ।

ਚੁੱਪ ਹੋ ਗਏ ਇਕ ਛਣਕਦੀ ਝਾਂਜਰ ਦੇ ਬੋਰ ਜਦ,
ਮੇਲੇ ’ਚ ਸ਼ੋਰ ਮਚ ਗਿਆ ਮੇਲਾ ਕਿਧਰ ਗਿਆ।

ਹਸਦਾ ਏ ਉਸ ਤੇ ਪੋਚ ਨਵਾਂ, ਪੁੱਛਦਾ ਇਕ ਬਜ਼ੁਰਗ,
ਜਾਂਦਾ ਸੀ ਦਿਲ ਤੋਂ ਦਿਲ ਨੂੰ ਜੋ ਰਸਤਾ ਕਿਧਰ ਗਿਆ।

ਸ਼ਾਇਰ ਤੇਰੇ ਕਲਾਮ ਵਿੱਚ ਹੁਣ ਪੁਖ਼ਤਗੀ ਤਾਂ ਹੈ,
ਸਤਰਾਂ ’ਚੋਂ ਪਰ ਉਹ ਥਿਰਕਦਾ ਪਾਰਾ ਕਿਧਰ ਗਿਆ।

‘ਪਾਤਰ’ ਨੂੰ ਜਾਣ ਜਾਣ ਕੇ ਪੁੱਛਦੀ ਹੈ ਅੱਜ ਹਵਾ,
ਰੇਤਾ ’ਤੇ ਤੇਰਾ ਨਾਮ ਸੀ ਲਿਖਿਆ ਕਿਧਰ ਗਿਆ।

## – 4 –

ਮੈਂ ਰਾਹਾਂ ’ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਯੁਗਾਂ ਤੋਂ ਕਾਫ਼ਲੇ ਆਉਂਦੇ, ਇਸੇ ਸੱਚ ਦੇ ਗਵਾਹ ਬਣਦੇ।

ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ,
ਇਹ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ।

ਜੁ ਲੋ ਮੱਥੇ ’ਚੋਂ ਫੁੱਟਦੀ ਹੇ, ਉਹ ਅਸਲੀ ਤਾਜ ਹੁੰਦੀ ਹੈ,
ਤਵੀ ਦੇ ਤਖ਼ਤ ’ਤੇ ਬਹਿ ਕੇ ਹੀ ਸੱਚੇ ਪਾਤਸ਼ਾਹ ਬਣਦੇ।

ਇਹ ਪੰਡਤ ਰਾਗ ਦੇ ਤਾਂ ਪਿੱਛੋਂ ਸਦੀਆਂ ਬਾਅਦ ਆਉਂਦੇ ਨੇ,
ਮੇਰੇ ਹਉਕੇ ਹੀ ਪਹਿਲਾਂ ਤਾਂ ਮੇਰੀ ਵੰਝਲੀ ਦੇ ਸਾਹ ਬਣਦੇ।

ਅਸਾਨੂੰ ਰੀਤ ਤੋਂ ਵੱਧ ਕੇ ਕਿਸੇ ਦੀ ਪ੍ਰੀਤ ਪਿਆਰੀ ਹੈ,
ਤੂੰ ਲਿਖ ਲੇਖਾ ਤੇ ਲਿਖ ਜਿੰਨੇ ਵੀ ਨੇ ਸਾਡੇ ਗੁਨਾਹ ਬਣਦੇ।

ਜੇ ਰਾਂਝੇ ਨਾ ਵੀ ਹੁੰਦੇ ਤਾਂ ਵੀ ਨਾ ਬਣਦੇ ਅਸੀਂ ਕੈਦੋਂ,
ਅਸੀਂ ਜਾਂ ਨਾਥ ਹੁੰਦੇ ਜਾਂ ਅਸੀਂ ਲੁੱਡਣ ਮਲਾਹ ਬਣਦੇ।

ਉਦੋਂ ਤਕ ਤੂੰ ਹੈਂ ਸਾਡੀ ਹਿੱਕ ਦੇ ਵਿਚ ਮਹਿਫ਼ੂਜ਼ ਮਰ ਕੇ ਵੀ,
ਜਦੋਂ ਤੱਕ ਜਿਸਮ ਸਾਡੇ ਹੀ ਨਹੀਂ ਸੜ ਕੇ ਸੁਆਹ ਬਣਦੇ।

# ਸੁਲੱਖਣ ਸਰਹੱਦੀ

## - 1 -

ਉਹ ਲੜਕੀ ਜੋ ਆਪਣੇ ਕੇਸੀਂ ਫੁੱਲ ਖਿੜਾਈ ਫਿਰਦੀ ਏ।
ਆਪਣੇ ਅੰਦਰ-ਖ਼ਬਰੇ ਕਿੰਨੇ ਦਰਦ ਛੁਪਾਈ ਫਿਰਦੀ ਏ।

ਬੰਦਾ ਹੈ ਕਿ ਆਪਣੀ ਅੱਖ ਦਾ ਪਾਣੀ ਮਾਰ ਕੇ ਰੱਖਦਾ ਹੈ,
ਔਰਤ ਹੈ ਕਿ ਛਾਤੀ ਅੰਦਰ ਦੁੱਧ ਸਮਾਈ ਫਿਰਦੀ ਏ।

ਇਸ ਦੇ ਤਾਂ ਸਭ ਪੀਰ ਪੈਗੰਬਰ ਪੁੰਜ ਸਨ ਸਾਂਝੀਵਾਲਤਾ ਦੇ,
ਇਹ ਬਸਤੀ ਕਿਉਂ ਵਿਹੜੇ-ਵਿਹੜੇ ਲੀਕਾਂ ਪਾਈ ਫਿਰਦੀ ਏ।

ਮਿੱਧੀਆਂ ਕਲੀਆਂ, ਕੁਮਲਾਏ ਫੁੱਲ, ਠਰੀਆਂ ਧੁੱਪਾਂ, ਸੜਦੀ ਛਾਂ,
ਇਹ ਰੁੱਤ ਕੀ ਹੈ? ਬਸ ਖੁਦ ਆਪਣੀ ਲਾਸ਼ ਉਠਾਈ ਫਿਰਦੀ ਏ।

ਆਪਣੇ ਵੀ ਚੋਗੇ ਦੀ ਚਿੰਤਾ ਓਧਰ ਨਿੰਮ ’ਤੇ ਬੋਟ ਵੀ ਨੇ,
ਹਰ ਇੱਕ ਘੁੱਗੀ ਆਪਣੀ ਅਖ ਵਿੱਚ ਬਾਜ਼ ਵਸਾਈ ਫਿਰਦੀ ਏ।

ਖੇਖਣਹਾਰੀ ਰਾਤ ਬਨੇਰੀ ਦੀਪ ਜਗਾਉਣ ਨੂੰ ਕਹਿੰਦੀ ਹੈ,
ਐਪਰ ਆਪਣੇ ਪਿੱਛੇ-ਪਿੱਛੇ ਝੱਖੜ ਲਾਈ ਫਿਰਦੀ ਏ।

ਅਦਲੀ ਗ੍ਰੰਥਾਂ ਦੀ ਪੰਡ ਸਿਰ ’ਤੇ ਅਹੁ ਇਨਸਾਫ਼ ਦੀ ਦੇਵੀ ਵੇਖ,
ਕਲ੍ਹ ਤਾਂ ਧੌਣ ਝੁਕੀ ਸੀ ਪਰ ਅੱਜ ਕਮਰ ਝੁਕਾਈ ਫਿਰਦੀ ਏ।

ਹਰ ਔਰਤ ਨੇ ਨੰਗੇ ਜੁੱਸੇ ਅੱਗ ਦੇ ਵਿੱਚੋਂ ਲੰਘਣਾ ਹੈ,
ਤਾਹੀਂ ਔਰਤ ਛਾਤੀ ਅੰਦਰ ਅੱਗ ਛੁਪਾਈ ਫਿਰਦੀ ਏ।

ਐ ‘ਸਰਹੱਦੀ’ ਮੇਰੀ ਜਾਚੇ ਬਚ ਗਿਆ ਹੋਣੈਂ ਦੀਪ ਕੋਈ,
ਨੇਰ੍ਹੀ ਨਗਰੀ ਆਪਣੇ ਸਿਰ ਜੋ ਪੌਣ ਚੜ੍ਹਾਈ ਫਿਰਦੀ ਏ।

## – 2 –

ਜੀਵਨ–ਰਣ ਵਿਚ ਖੰਡੇ ਖੜਕਣ ਠਿੱਬੀਆਂ, ਹੁੱਝਾਂ, ਆਰਾਂ, ਧੱਕੇ।
ਬਾਬੇ ਕਹਿਣ ਭਗੌੜਾ ਹੋ ਜਾਹ 'ਬੇਗ਼ਮ ਪੁਰ' ਦੇ ਚੜ੍ਹ ਆ ਯੱਕੇ।

ਮੋਮਨ ਆਖਣ ਅਈਧਰ ਆਜਾ, ਕਾਫਿਰਾਂ ਵਿਚ ਕੀ ਖਾਨਾਂ ਧੱਕੇ?
ਜੰਨਤ ਵਿਚ ਸ਼ਰਾਬ ਦਿਆਂਗੇ ਕੱਚੀਆਂ ਕਲੀਆਂ 'ਤੇ ਫ਼ਲ ਪੱਕੇ।

ਦਿਹੁੰ ਢਲ਼ਿਆ ਤਿਰਕਾਲ਼ਾਂ ਪਈਆਂ ਹੱਢਾਂ ਤੀਕਰ ਚੀਰਨ ਠੱਕੇ,
ਬੁਲ੍ਹਿਆ ਸੂਰਜ ਬੁਝਦੇ ਜਾਂਦੇ ਉਗਦੇ ਆਉਂਦੇ ਕੁੰਭ ਤੇ ਮੱਕੇ।

ਆਪਣੇ ਹੱਥਾਂ ਦੇ ਰੁੱਖ ਲਾਏ ਛਾਵਾਂ ਚੱਬਦੇ ਅੱਗ ਵਰ੍ਹਾਉਂਦੇ,
ਦਿੱਲੀ ਵੱਲ ਕਬੂਤਰ ਤੋਰੇ ਰਾਹ ਵਿਚ ਸ਼ਿਕਰੇ ਬਣਦੇ ਤੱਕੇ।

ਪਾਕਿ–ਪਵਿੱਤਰ ਵਾਅਦੇ ਟੁੱਟੇ, ਹਰ ਇਕ ਆਸ ਉਮੀਦ ਮਰੀ ਹੈ,
ਗੁੰਗਾ ਹੋਇਆ ਜਲ੍ਹਿਆਂ ਵਾਲਾ; ਭਗਤ–ਸਰਾਭੇ ਹੱਕੇ ਬੱਕੇ।

ਪੱਥਰ ਜਦ ਬਣ ਜਾਣ ਅਕੀਦੇ, ਕਿੰਜ ਅਕੀਦਤ ਸਾਂਭੇ ਕੋਈ?
ਸੁੱਟ ਪਰ੍ਹਾਂ ਵੀ ਗੰਗਾ–ਜਲੀਆਂ, ਇਹ ਤਾਂ ਪਾਣੀ ਹੈਨ ਤਰੱਕੇ।

ਤੇਰੇ ਨਾਲ ਕੀ ਖੇਡ ਅਸਾਡੀ? ਦੁਹਰੀਆਂ ਤਿਹਰੀਆਂ ਤਾਸ਼ਾਂ ਤੈਥੋਂ,
ਹਰ ਵੇਰਾਂ ਹੀ ਸਾਨੂੰ ਦੁੱਕੀਆਂ, ਤੈਨੂੰ ਹਰ ਵਰਾਂ ਹੀ ਜੱਕੇ।

ਜ਼ੁਲਮ ਦੀ ਬੇਸ਼ਕ ਹੱਦ ਨਾ ਹੁੰਦੀ ਸਹਿਣ ਦੀ ਐਪਰ ਹੱਦ ਹੁੰਦੀ ਹੈ,
ਹੱਥ ਲਾਇਆਂ ਵੀ ਫਿੱਸ ਪੈਣੇਂ ਈਂ, ਲੋਕੀਂ ਨੇ ਹੁਣ ਫੋੜੇ ਪੱਕੇ।

ਆਪਣਿਆਂ ਵਿਚ ਸਾਜਿਸ਼ ਪਲਦੀ ਹੁਣ ਤਾਂ ਹੱਥਾਂ ਦੀ ਛਾਂ ਬਲ਼ਦੀ,
ਮੈਨੂੰ ਲਾ ਲੈ ਗਲ ਸਰਹੱਦੀ ਸ਼ੌਕ ਨੇ ਜ਼ਖ਼ਮੀ ਪੈਰ ਨੇ ਪੱਕੇ।

## - 3 -

ਅੱਖਾਂ ਜਦ ਚੁੰਧਿਆ ਦਏ ਮੰਦਿਰ, ਮਨ ਅੰਦਰ ਪਰਗਾਸ ਕਰੀਂ।
ਭੀੜਾਂ ਵਿੱਚ ਗੁਆਚ ਨਾ ਪਾਵੀਂ, ਆਪੇ ਦਾ ਅਹਿਸਾਸ ਕਰੀਂ।

ਬਹੁਤ ਹਨ੍ਹੇਰਾ ਢੋਅ ਚੁੱਕੇ ਹਨ, ਬਹੁਤ ਸਜ਼ਾਵਾਂ ਪਾ ਚੁੱਕੇ,
ਲੋਕਾਂ ਨੂੰ ਹੁਣ ਅੱਖਾਂ ਲੱਗਣ, ਰੱਬ ਅੱਗੇ ਅਰਦਾਸ ਕਰੀਂ।

ਘਰ ਦੇ ਵਿੱਚ ਵੀ ਹਾਜ਼ਰ ਰਹਿਣਾ, ਪੌਣਾਂ ਵਿੱਚ ਵੀ ਘੁਲ ਉੱਡਣਾ,
ਫੁੱਲ ਵਿੱਚ ਜਿੱਦਾਂ ਖੁਸ਼ਬੂ ਵੱਸੇ, ਘਰ ਵਿੱਚ ਏਦਾਂ ਵਾਸ ਕਰੀਂ।

ਇਨ੍ਹਾਂ ਝੁਲਸੇ ਗੁਲਮੋਹਰਾਂ ’ਤੇ ਵੇਖ ਲਵੀਂ ਫੁੱਲ ਖਿੜਨੇ ਹਨ,
ਮੰਦੀਆਂ ਰੁੱਤਾਂ ਤੁਰ ਜਾਣਾ ਹੈ, ਦਿਲ ਨਾ ਬਹੁਤ ਉਦਾਸ ਕਰੀਂ।

ਇਲਮ ਦੇ ਉਡਣ-ਖਟੋਲੇ ਚੜ੍ਹ ਕੇ ਭੁੱਲ ਨਾ ਜਾਵੀਂ ਪਿੰਡ ਆਪਣਾ,
ਨੀਵੇਂ ਵਿਹੜਿਆਂ ਦੇ ਵਿੱਚ ਉੱਗੇ ਹਉਕਿਆਂ ਦਾ ਅਹਿਸਾਸ ਕਰੀਂ।

ਤੇਰੇ ਪਿਆਸੇ ਬੁੱਲ੍ਹ ਚੁੰਮਣ ਨੂੰ, ਤੁਰ ਕੇ ਆਉਣਗੇ ਖੁਦ ਦਰਿਆ,
ਇੱਛਿਆ ਪਰਬਲ ਕਰ ਕੇ ਰੱਖੀਂ, ਤਿੱਖੀ ਹੋਰ ਪਿਆਸ ਕਰੀਂ।

ਬੰਦੇ ਹੀ ਤਰਦੇ ਨੇ ਆਖਰ, ਗ਼ਮ ਦੇ ਕਾਲੇ, ਭਵ ਸਾਗਰ,
ਖਾਮੋਸ਼ੀ ਜਦ ਡੋਬਣ ਲੱਗੇ, ਖੁਦ ਸੰਗ ਬਚਨ ਬਿਲਾਸ ਕਰੀਂ।

ਯਾਦ ਕਰੀਂ ਫਰਿਹਾਦ ਦੀ ਤੇਸੀ, ਤੇੜੀਂ ਪਸਤ ਖ਼ਿਆਲੀ ਨੂੰ,
ਖੰਭ ਕੁਤਰਨ ਦੀ ਗੱਲ ਕਿਉਂ ਸੋਚੇਂ? ਖੁੱਲ੍ਹੇ ਹੋਰ ਅਗਾਸ ਕਰੀਂ।

ਐਸੀ ਰਾਤ ਹਨ੍ਹੇਰੀ ਹੈ, ਕਿ ਹਰ ਰਾਹ ਨ੍ਹੇਰ 'ਚ ਡੁੱਬਾ ਹੈ,
ਐਸੀ ਰਾਤੇ ਹਰ ਦੀਵਟ ਦਾ, ਹਰ ਜੁਗਨੂੰ ਦਾ ਪਾਸ ਕਰੀਂ।

ਭਾਵੇਂ ਚੜ ਗਿਆ ਕੂੜ ਮੁਕਟ 'ਤੇ, ਫਿਰ ਵੀ ਕੂੜ ਤਾਂ ਕੂੜ ਹੀ ਹੈ,
ਸੱਚ ਨੇ ਹੀ ਜਿੱਤਣਾ ਹੈ ਆਖਰ, ਕੂੜ ਹਰੂ, ਵਿਸ਼ਵਾਸ ਕਰੀਂ।

ਐ 'ਸਰਹੱਦੀ' ਸ਼ਿਅਰ ਤੇਰੇ ਹਨ, ਜੀਕਣ ਕੂੰਜਾਂ ਕੂਕਦੀਆਂ,
ਹਰਫਾਂ ਦੇ ਜੰਗਲ ਦਾ ਕੀ ਹੈ? ਭਾਵ ਤੋਂ ਨਾ ਪਰਵਾਸ ਕਰੀਂ।

## – 4 –

ਤੇਰੀਆਂ ਅੱਖਾਂ 'ਚ ਜਿਹੜਾ ਡੁੱਬ ਗਿਆ ਸੀ ਮੈਂ ਹੀ ਸਾਂ।
ਤੇਰਿਆਂ ਨੈਣਾਂ 'ਚ ਜਿਹੜਾ ਵੱਸਦਾ ਸੀ ਮੈਂ ਹੀ ਸਾਂ।

ਤੇਰੀਆਂ ਬਾਹਵਾਂ 'ਚ ਜਿਹੜਾ ਸਿਮਟਿਆ ਸੀ ਮੈਂ ਹੀ ਸਾਂ,
ਦੂਰ ਪਰ ਜੋ ਅੰਬਰਾਂ ਤੱਕ ਫੈਲਿਆ ਸੀ ਮੈਂ ਹੀ ਸਾਂ।

ਉਂਜ ਮੈਂ ਤੇਰੇ ਕਮਰੇ ਵਿੱਚ ਸਾਂ ਤੇਰਾ ਹੀ ਜਿੰਦਾਂ ਵਜੂਦ,
ਪਰ ਹਵਾਂ 'ਚ ਮਹਿਕ ਬਣ ਜੋ ਘੁਲ਼ ਗਿਆ ਸੀ ਮੈਂ ਹੀ ਸਾਂ।

ਜਾਣਦਾ ਸਾਂ ਤਪਸ਼ 'ਵਾ ਦੀ ਬਲ ਰਿਹਾ ਅੰਬਰ ਸੀ ਯਾਦ,
ਫਿਰ ਵੀ ਤੇਰੇ ਵਾਸਤੇ ਜੋ ਟਹਿਕਿਆ ਸੀ ਮੈਂ ਹੀ ਸਾਂ।

ਸਾਲਮੀਅਤ ਦੇ ਸਫ਼ਰ ਵਿਚ ਹਰ ਕਦਮ ਤੇ ਟੁੱਟ ਕੇ,
ਫਿਰ ਤੋਂ ਜੋ ਕੁਕਨੂਸ ਬਣ ਕੇ ਉਡ ਗਿਆ ਸੀ ਮੈਂ ਹੀ ਸਾਂ।

ਬੇੜੀਆਂ ਤੇ ਸੂਲੀਆਂ ਜੇਕਰ ਸਫ਼ਰ ਦੀ ਸ਼ਾਨ ਸਨ,
ਉਹ ਜੋ ਸ਼ਾਨਾਂ ਨਾਲ ਏਥੇ ਪੁਜਿਆ ਸੀ ਮੈਂ ਹੀ ਸਾਂ।

ਚੁੱਪ ਕਰਕੇ ਗੋ ਜ਼ਿਬਾਹ ਹੋਣਾ ਸ਼ਹੀਦੀ ਤਰਕ ਸੀ,
ਪਰ ਜੇ ਤੇਰੇ ਸੁਆਦ ਕਰਕੇ ਤੜਫ਼ਿਆਂ ਸੀ ਮੈਂ ਹੀ ਸਾਂ।

ਹੋਰ ਹੋਣੇ ਨੇ ਜੋ ਅੱਖਾਂ ਖੋਲ੍ਹ ਕੇ ਸੁੱਤੇ ਰਹੇ,
ਉਹ ਜੋ ਰਾਤੀ ਨੀਂਦਾਂ ਵਿੱਚ ਵੀ ਜਾਗਦਾ ਸੀ ਮੈਂ ਹੀ ਸਾਂ।

ਲਾਟ ਲਾਗੇ ਆਣਕੇ ਵੀ ਮੋਮ ਨਾ ਪੰਘਰੀ ਜਦੋਂ,
ਤਦ ਜੋ ਪੱਥਰ ਪਾਣੀ ਹੋ ਗਿਆ ਸੀ ਮੈਂ ਹੀ ਸਾਂ।

## ਡਾ. ਸ਼ਸ਼ੀਕਾਂਤ ਉੱਪਲ

**- 1 -**

ਅੱਡੀਆਂ ਚੁੱਕੀਆਂ ਤਾਂ ਉਹ ਕੁਝ ਹੋਰ ਉੱਚਾ ਹੋ ਗਿਆ।
ਹੋਰਨਾਂ ਤੋਂ ਇਸ ਤਰ੍ਹਾਂ ਉਂਗਲ ਕੁ ਵੱਡਾ ਹੋ ਗਿਆ।

ਧੁੱਪ ਦੀ ਕਾਤਰ ਨੂੰ ਫੜ ਕੇ ਭੱਜਦਾ ਹੈ ਥਾਂ-ਕੁਥਾਂ,
ਕੱਲ੍ਹ ਦਾ ਬੱਚਾ ਵੀ ਹੁਣ ਵੇਖੋ ਸਿਆਣਾ ਹੋ ਗਿਆ।

ਹੁਣ ਕਿਸੇ ਜਜ਼ਬੇ ਦੀ ਕੋਈ ਅਪਣੀ ਅਹਮੀਅਤ ਨਹੀਂ,
ਪਿਆਰ ਹੋਣਾ ਵੀ ਜਿਵੇਂ ਹੁਣ ਕੋਈ ਘਟਨਾ ਹੋ ਗਿਆ।

ਕੀ ਕਰੇਂਗਾ ਜਾਣ ਕੇ ਤੂੰ ਸੱਚ ਕੀ ਹੈ ਝੂਠ ਕੀ,
ਜ਼ਿੰਦਗੀ ਦਾ ਫ਼ਲਸਫ਼ਾ ਜੋ ਸੀ ਪੁਰਾਣਾ ਹੋ ਗਿਆ।

ਸੁਪਨਿਆਂ ਵਿਚ ਲੰਘਦੀ ਹੈ ਰੇਲ ਕੂਕਾਂ ਮਾਰਦੀ,
ਮੇਰੇ ਅੰਦਰ ਹਾਦਸੇ ਦਾ ਖ਼ੌਫ਼ ਦੂਣਾ ਹੋ ਗਿਆ।

## – 2 –

ਕਦੇ ਤਾਂ ਏਸ ਪੱਥਰ ਦਿਲ ’ਤੇ ਕੋਈ ਕਹਿਰ ਟੁੱਟੇ।
ਕਦੇ ਤਾਂ ਖ਼ੂਨ ਰੋਵਾਂ ਮੈਂ ਕਦੇ ਤਾਂ ਅੱਖ ਛਲਕੇ।

ਸਮਝ ਆਉਂਦੀ ਉਨ੍ਹਾਂ ਨੂੰ ਤਾਂ ਹੀ ਇਸਦਾ ਅਰਥ ਕੀ ਹੈ,
ਉਹ ਜੇਕਰ ਚੁੱਪ ਦਾ ਮੇਰੀ ਕਦੇ ਅਨੁਵਾਦ ਕਰਦੇ।

ਮੁਖੌਟੇ ਲਹਿ ਰਹੇ ਹਨ ਸਭ ਪਿਘਲ ਕੇ ਵਾਰੀ ਵਾਰੀ,
ਲਿਸ਼ਕਦੀ ਧੁੱਪ ਦੇ ਸਾਰੇ ਦੇ ਸਾਰੇ ਰੰਗ ਕੱਚੇ।

ਜਦੋਂ ਵੀ ਮੈਂ ਖ਼ੁਸ਼ੀ ਦੇ ਬਸ ਜ਼ਰਾ ਕੁ ਨੇੜੇ ਹੋਵਾਂ,
ਉਦੋਂ ਹੀ ਅੰਦਰੋਂ ਮੇਰੇ ਕੋਈ ਆਵਾਜ਼ ਮਾਰੇ।

ਹਰਾਰਤ ਖ਼ੂਨ ਅੰਦਰ ਹੋ ਰਹੀ ਹੈ ਕਿਸ ਲਈ ਮੇਰੇ,
ਕੀ ਮੇਰੇ ਦਿਲ ਦੇ ਅੰਦਰ ਅੱਜ ਵੀ ਹੁਣ ਭਖ ਰਹੇ ਸ਼ੁਅਲੇ।

ਕਿਤੇ ਪੱਥਰ ਨਾ ਹੋ ਜਾਵੇ ਇਸੇ ਦਾ ਖ਼ੌਫ਼ ਹੈ ਮੈਨੂੰ,
ਕਦੇ ਤਾਂ ਜ਼ਖ਼ਮ ਉਹ ਅਪਣੇ ਕੁਰੇਦੇ, ਦੁੱਖ ਤਾਂ ਫੋਲੇ।

## – 3 –

ਸ਼ੋਰ ਕੈਸਾ ਹੈ ਇਹ ਜੇਕਰ ਬੋਲਿਆ ਕੋਈ ਨਹੀਂ।
ਸਹਿਮ ਕੇ ਬੈਠੇ ਨੇ ਸਾਰੇ ਪੁੱਛਦਾ ਕੋਈ ਨਹੀਂ।

ਬੇਖ਼ਬਰ ਬੈਠੇ ਨੇ ਸਾਰੇ ਅੱਜ ਦੇ ਹਾਲਾਤ ਤੋਂ,
ਅੰਤ ਨੂੰ ਹੋਣਾ ਹੈ ਕੀ ਇਹ ਸੋਚਦਾ ਕੋਈ ਨਹੀਂ।

ਗਮਲਿਆਂ ਵਿਚ ਸਜ ਰਹੇ ਨੇ ਫੁੱਲ ਸਾਰੇ ਕਾਗ਼ਜ਼ੀ,
ਰੁੱਤ ਭਾਵੇਂ ਕੋਈ ਆਵੇ ਮਹਿਕਦਾ ਕੋਈ ਨਹੀਂ।

ਸਿਓਂਕ–ਖਾਧਾ ਇਕ ਅਜਿਹਾ ਬਿਰਖ ਹਾਂ ਜਿਸ ਕੋਲ ਹੁਣ,
ਇਕ ਵੀ ਪੱਤਾ ਹਰਾ ਜਾਂ ਸੁੱਕਿਆ ਕੋਈ ਨਹੀਂ।

ਹੁਣ ਨਾ ਹੈ ਉੱਮੀਦ ਚੰਗੇ ਦੀ ਨਾ ਮੈਂ ਹਾਂ ਆਸਵੰਦ,
ਕੱਲ੍ਹ ਤਕ ਧੀ ਰੱਬ ਦਾ ਅੱਜ ਆਸਰਾ ਕੋਈ ਨਹੀਂ।

ਭਟਕਦਾ ਫਿਰਦਾ ਹੈ ਇਕ ਬੁੱਲਾ ਹਵਾ ਦਾ ਦੇਰ ਤੋਂ
ਅਜਨਬੀ ਦੇ ਵਾਸਤੇ ਦਰ ਖੋਲ੍ਹਦਾ ਕੋਈ ਨਹੀਂ।

ਹੋ ਗਏ ਬੱਚੇ ਸਿਆਣੇ ਉਮਰ ਤੋਂ ਪਹਿਲਾਂ 'ਸ਼ਸ਼ੀ'
ਬੇਵਜ੍ਹਾ ਹੁਣ ਉੱਚੀ–ਉੱਚੀ ਹੱਸਦਾ ਕੋਈ ਨਹੀਂ।

## – 4 –

ਜਿਸ ਘੜੀ ਵਿਸ਼ਵਾਸ ਮੇਰਾ ਖਾ ਕੇ ਠੋਕਰ ਤਿੜਕਿਆ।
ਉਸ ਘੜੀ ਉਹ ਭੈ ਦੀ ਇਕ ਸਾਕਾਰ ਮੂਰਤ ਜਾਪਿਆ।

ਮੈਨੂੰ ਹਰ ਬੰਦਾ ਚਿੜੀ ਦੇ ਵਾਂਗ ਅਪਣੇ ਅਕਸ ’ਤੇ,
ਅਪਣੀ ਬੇਚੈਨੀ ’ਚ ਠੂੰਗਾਂ ਮਾਰਦਾ ਹੈ ਦਿੱਸਿਆ।

ਬਹਿਸ ਦਾ ਮੁੱਦਾ ਬਣੇਗਾ ਹੁਣ ਅਦਾਲਤ ਵਿਚ ਇਹ
ਉਸਨੇ ਸਿਰ ’ਤੇ ਲਾਲ ਕੱਪੜਾ ਕਿਸ ਲਈ ਸੀ ਬੰਨ੍ਹਿਆ।

ਕੁਝ ਵੀ ਤਾਂ ਸਾਬਤ ਨਹੀਂ ਸੀ ਸ਼ਾਮ ਨੂੰ ਘਰ ਮੁੜਦਿਆਂ,
ਅਪਣੇ ਸਵੈ ਤੇ ਜਿਸਮ ਦੇ ਟੁਕੜੇ ਮੈਂ ਲੈ ਕੇ ਪਰਤਿਆ।

ਮੈਂ ਤੁਹਾਡੇ ਦੌਰ ਦਾ ਰਾਵਣ ਨਹੀਂ ਸੀ, ਫੇਰ ਕਿਉਂ,
ਤਾਅੜ ਕਰਦਾ ਤੀਰ ਆ ਧੁੰਨੀ ’ਚ ਮੇਰੀ ਵੱਜਿਆ।

ਕੈਦ ਕੀਤੀ ਹੋਈ ਸੰਸਕਾਰਾਂ ਦੀ ਮੈਨਾ ਮਰ ਗਈ,
ਖੋਲ੍ਹ ਦੇਵੋ ਪਿੰਜਰਾ ਮੈਂ ਤਾਂ ਬਥੇਰਾ ਕਲਪਿਆ।

## ਗੁਰਭਜਨ ਗਿੱਲ

**– 1 –**

ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ, ਪੀਲ਼ੀ ਰੁੱਤ ਵੀ ਆ ਜਾਂਦੀ ਹੈ।
ਗੁਰਬਤ ਜੀਕੂੰ ਖੜ੍ਹੇ ਖਲੋਤੇ, ਸਾਬਤ ਬੰਦੇ ਖਾ ਜਾਂਦੀ ਹੈ।

ਤਨ ਦੀ ਮਿੱਟੀ ਪਾਲਣ ਖ਼ਾਤਰ, ਮਨ ਦੇ ਮੌਸਮ ਗਿਰਵੀ ਕਰਨੇ,
ਵੇਖ ਲਵੋ ਇੱਕ ਬੁਰਕੀ ਸਾਨੂੰ, ਕਿੰਨੇ ਸਬਕ ਸਿਖਾ ਜਾਂਦੀ ਹੈ।

ਰੂਹ ਦੀ ਸ਼ਕਤੀ, ਯਾਰ ਗੁਆਚੇ, ਵਕਤ ਵਿਹਾ ਕੇ ਚੇਤੇ ਆਉਂਦੇ,
ਪਾਰ ਸਮੁੰਦਰ ਜਾ ਕੇ ਹੀ ਕਿਉਂ, ਯਾਦ ਚਿਤਵਣੀ ਲਾ ਜਾਂਦੀ ਹੈ।

ਵਿਰਸਾ, ਮਾਣ ਮੁਹੱਬਤ ਯਾਰਾ, ਮਹਿੰਗੀ ਪੂੰਜੀ ਥੋੜੇ ਸਾਂਭਣ,
ਬਹੁਤਿਆਂ ਨੂੰ ਤਾਂ ਕਣਕ ਦੀ ਰੋਟੀ ਭੋਰ ਭੋਰ ਕੇ ਖਾਂ ਜਾਂਦੀ ਹੈ।

ਬਹੁਤੀ ਚਿੰਤਾ ਕਰਿਆ ਨਾ ਕਰ, ਜੇ ਮੰਡੀ ਵਿੱਚ ਆ ਬੈਠਾ ਏਂ,
ਏਥੇ ਤਾਂ ਬਈ ਨਮਦਾ ਬੁੱਧੀ, ਅਕਲ ਦੀ ਕੀਮਤ ਲਾ ਜਾਂਦੀ ਹੈ।

ਉੱਡਣਾ ਪੁੱਡਣਾ ਮਨ ਦਾ ਪੰਛੀ, ਟਾਹਣੀ ਟਾਹਣੀ ਬਹਿੰਦਾ ਫਿਰਦੈ,
ਬਿਰਤੀ ਜਦੋਂ ਵਿਕਾਊ ਹੋ ਜੇ, ਸਭ ਨੂੰ ਪਿੰਜਰੇ ਪਾ ਜਾਂਦੀ ਹੈ।

ਇੱਕ ਮਾਰਗ ਦੇ ਪਾਂਧੀ ਆਪਾਂ, ਭਾਵੇਂ ਵੱਖਰੇ ਤੌਰ ਤਰੀਕੇ,
ਝੁਰੀਏ ਨਾ ਜੇ ਤੁਰਦੇ ਰਹੀਏ, ਮੰਜ਼ਿਲ ਨੇੜੇ ਆ ਜਾਂਦੀ ਹੈ।

## – 2 –

ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ ਆਏ ਹਾਂ।
ਦਿਲ ਵਾਲੀ ਉੱਖੜੀ ਕਿਤਾਬ ਲੈ ਕੇ ਆਏ ਹਾਂ।

ਕਿੱਥੇ ਕਿੱਥੇ, ਕਿਹੜਾ ਕਿਹੜਾ, ਤੀਰ ਤਿੱਖਾ ਮਾਰਿਆ,
ਹੋਈ ਬੀਤੀ ਸਾਰੀ ਦਾ ਹਿਸਾਬ ਲੈ ਕੇ ਆਏ ਹਾਂ।

ਕੰਡਿਆਂ ਦੀ ਵਾੜ ਉਹਲੇ ਦੱਸ ਕਾਹਨੂੰ ਲੁਕਦੀ,
ਅਸੀਂ ਤੇਰੇ ਵਾਸਤੇ ਗੁਲਾਬ ਲੈ ਕੇ ਆਏ ਹਾਂ।

ਸੁੱਕਿਆ ਬਿਆਸ, ਸਤਿਲੁਜ ਵੀ ਉਦਾਸ ਹੈ,
ਹੰਝੂਆਂ ਦਾ ਰਾਵੀ ਤੇ ਚਨਾਬ ਲੈ ਕੇ ਆਏ ਹਾਂ।

ਆਂਦਰਾ ਦੀ ਡੋਰ ਵਿੱਚ ਦਰਦਾਂ ਦੇ ਮਣਕੇ,
ਵੇਖ ਨਜ਼ਰਾਨੇ ਕੀ ਜਨਾਬ ਲੈ ਕੇ ਆਏ ਹਾਂ।

'ਕੱਲ੍ਹਾ ਕੱਲ੍ਹਾ ਵਰਕਾ ਤੂੰ ਨੀਝ ਲਾ ਕੇ ਪੜ੍ਹ ਲੈ,
ਲੀਰੋ ਲੀਰ ਹੋ ਗਿਆ, ਖ਼ਵਾਬ ਲੈ ਕੇ ਆਏ ਹਾਂ।

ਦਾਤਿਆਂ ਨੂੰ ਮੰਗਤੇ ਬਣਾਉਣ ਲੱਗੀ ਦਿੱਲੀਏ,
ਦਰਦਾਂ 'ਚ ਵਿੰਨ੍ਹਿਆ ਪੰਜਾਬ ਲੈ ਕੇ ਆਏ ਹਾਂ।

## - 3 -

ਪਿੰਡ ਵਿਚਾਰੇ ਲੁਕਦੇ ਫਿਰਦੇ, ਆਣ ਚੜ੍ਹੇ ਨੇ ਸ਼ਹਿਰ, ਓ ਰੱਬਾ ਖ਼ੈਰ।
ਰੁੱਖਾਂ ਦੇ ਮੁੱਢ ਫਿਰ ਗਈ ਆਰੀ ਸਿਰ ਤੇ ਸਿਖ਼ਰ ਦੁਪਹਿਰ, ਓ ਰੱਬਾ ਖ਼ੈਰ ।

ਕਿੱਧਰ ਤੁਰਿਆ, ਵਕਤ, ਜਵਾਨੀ, ਅਕਲਾਂ ਦਾ ਨਾ ਮੁੱਲ ਦਵਾਨੀ,
ਗਲੀ ਗਲੀ ਵਿੱਚ ਹੋਕਾ, ਲੈ ਲਓ, ਪੁੜੀਆਂ ਦੇ ਵਿੱਚ ਜ਼ਹਿਰ, ਓ ਰੱਬਾ ਖ਼ੈਰ

ਅੱਖੀਆਂ ਵਿੱਚੋਂ ਅੱਥਰੂ ਮੁੱਕੇ, ਦਰਿਆਵਾਂ ਦੇ ਪਾਣੀ ਸੁੱਕੇ,
ਉੱਧੜੇ ਖ਼੍ਵਾਬ, ਤਰੰਗਾਂ ਤੋਂ ਬਿਨ, ਦਿਲ ਦਰਿਆ ਦੀ ਲਹਿਰ, ਓ ਰੱਬਾ ਖ਼ੈਰ।

ਕਦੇ ਕਦੇ ਇੱਕ ਸੁਪਨਾ ਆਵੇ, ਓਹੀ ਮੈਨੂੰ ਆਣ ਜਗਾਵੇ,
ਗਲੀਆਂ ਦੇ ਵਿੱਚ ਕੌਣ ਵਿਲਕਦਾ, ਰਾਤ ਦੇ ਪਿਛਲੇ ਪਹਿਰ, ਓ ਰੱਬਾ ਖ਼ੈਰ।

ਥੱਲੇ ਧਰਤੀ ਉੱਤੇ ਅੰਬਰ, ਵਿੱਚ ਵਿਚਾਲੇ ਕੂੜ ਆਡੰਬਰ,
ਅੱਥਰੇ ਘੋੜੇ, ਮਸਤੇ ਹਾਥੀ, ਢਾਹੀ ਜਾਂਦੇ ਕਹਿਰ, ਓ ਰੱਬਾ ਖ਼ੈਰ।

ਵਰ੍ਹ ਜਾਂ ਬੱਦਲਾ ਖੁੱਲ੍ਹ ਕੇ ਵਰ੍ਹ ਜਾ, ਟੋਏ ਟਿੱਬੇ ਸਮਤਲ ਕਰ ਜਾ,
ਕਿਉਂ ਅੱਖੀਆਂ ਵਿਚ ਲੈ ਕੇ ਫਿਰਦੈਂ, ਸੁਰਮੇ ਰੰਗੀ ਗਹਿਰ, ਓ ਰੱਬਾ ਖ਼ੈਰ।

ਬੜੇ ਉਦਾਸ ਨੇ ਚੌਂਕੇ ਚੁੱਲ੍ਹੇ, ਅਗਨ ਗਵਾਚੀ ਨੂੰ ਘਰ ਭੁੱਲੇ,
ਉੱਖੜੀ ਉੱਖੜੀ ਚਾਲ ਗ਼ਜ਼ਲ ਦੀ, ਔਖੀ ਨਿਭਣੀ ਬਹਿਰ, ਓ ਰੱਬਾ ਖ਼ੈਰ।

## - 4 -

ਤੜਪ ਰਿਹੈ ਸੌ ਸਾਲ ਤੋਂ ਮਗਰੋਂ, ਜੱਲ੍ਹਿਆਂ ਵਾਲਾ ਬਾਗ਼ ਅਜੇ ਵੀ।
ਡਾਇਰ ਤੇ ਓਡਵਾਇਰ ਰਲ਼ ਕੇ, ਗਾਉਂਦੇ ਓਹੀ ਰਾਗ ਅਜੇ ਵੀ।

ਆਜ਼ਾਦੀ ਦਾ ਮੁਕਤੀ ਮਾਰਗ, ਹਾਲੇ ਕਿੰਨੀ ਦੂਰ ਸਵੇਰਾ,
ਥਾਲੀ ਵਿੱਚ ਅਣਚੋਪੜੀਆਂ ਤੇ, ਨਾਲ ਅਲੂਣਾ ਸਾਗ ਅਜੇ ਵੀ।

ਸਰਹੱਦਾਂ ਤੇ ਪਹਿਰੇਦਾਰੀ, ਕਰ ਕਰ ਹਾਰੇ ਕੁੱਲੀਆਂ ਢਾਰੇ,
ਸੋਗ ਸੁਨੇਹੇ ਫਿਰਨ ਬਨੇਰੇ, ਕੁਰਲਾਉਂਦਾ ਹੈ ਕਾਗ ਅਜੇ ਵੀ।

ਸੁੱਤਿਆ ਲੋਕਾ ਤੇਰੀ ਗਠੜੀ, ਲੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ, ਕਿਉਂ ਨਾ ਆਵੇ ਜਾਗ ਅਜੇ ਵੀ।

ਧਰਮ ਖੇਤ ਦੇ ਅੰਦਰ ਦੱਬੀ, ਸਾਰੀ ਫ਼ਸਲ ਨਦੀਨਾਂ ਮਾਰੀ,
ਮਨ ਮੰਦਿਰ ਵਿੱਚ ਕੁਫ਼ਰ ਪਸਾਰਾ, ਕਹੀਏ ਸੁੱਤੇ ਭਾਗ ਅਜੇ ਵੀ।

ਛੇ ਸਦੀਆਂ ਤੋਂ ਮਗਰੋਂ ਅੱਜ ਵੀ, ਮੇਰੀ ਕੁੱਲੀ ਓਸੇ ਥਾਂ ਤੇ,
ਜਿੱਥੇ ਛੱਡ ਕੇ ਗਿਆ ਕਬੀਰਾ, ਗਲ ਕਟੀਅਨ ਕੇ ਲਾਗ ਅਜੇ ਵੀ।

ਧਨਵੰਤੇ ਪਤਵੰਤੇ ਬਣ ਗਏ, ਰੋਲਣ ਪੱਤ ਜ਼ਮੀਰਾਂ ਬਦਲੇ,
ਗੁਣਵੰਤੇ ਛੱਡ, ਬੇਕਦਰਾਂ ਹੱਥ, ਸਮਿਆਂ ਵਾਲੀ ਵਾਗ ਅਜੇ ਵੀ।

# ਪ੍ਰੇਮ ਸਾਹਿਲ

**– 1 –**

ਕਿਸੇ ਦੀ ਨਾਕਿ ਜ਼ਹਮਤ ਵੇਖਦੇ ਹਾਂ।
ਅਸੀਂ ਆਪਣੀ ਸਹੂਲਤ ਵੇਖਦੇ ਹਾਂ।

ਸਫ਼ਰ ਕਿੰਨਾ ਕੁ ਟੇਢਾ ਏਸਦਾ ਹੈ,
ਚਲੋ ਕਰਕੇ ਮੁਹੱਬਤ ਵੇਖਦੇ ਹਾਂ।

ਨਹੀਂ ਹੈ ਨਾ ਸਹੀ ਯੁਗ ਸਹਿਮਤੀ ਦਾ,
ਅਸੀਂ ਹੀ ਹੋ ਕੇ ਸਹਿਮਤ ਵੇਖਦੇ ਹਾਂ।

ਬੜਾ ਹੋ ਰਹਿਮਦਿਲ ਜਾਂਦਾ ਹੈ ਉਹ ਵੀ,
ਜਦੋਂ ਵੱਲ ਰਬ ਦੀ ਰਹਿਮਤ ਵੇਖਦੇ ਹਾਂ।

ਨ ਪਹਿਚਾਣੇ ਅਸਾਂ ਨੂੰ ਆਈਨਾ ਵੀ,
ਅਸੀਂ ਜਦ ਪਾਕੇ ਸ਼ੁਹਰਤ ਵੇਖਦੇ ਹਾਂ।

ਉਚਾਈ ਕਿਉਂ ਨ ਚੜ੍ਹਕੇ ਵੇਖ ਲਈਏ,
ਖੜ੍ਹਾ ਸਨਮੁੱਖ ਜੋ ਪਰਬਤ ਵੇਖਦੇ ਹਾਂ।

ਸੁਣੀ ਸੋਭਾ ਹੈ ਉਸਦੀ ਬਹੁਤ 'ਸਾਹਿਲ',
ਚਲ ਉਸਦੀ ਕਰਕੇ ਸੁਹਬਤ ਵੇਖਦੇ ਹਾਂ।

## – 2 –

ਛੁਹਾਣਾ ਸੀ ਜ਼ਰਾ ਤੈਂ ਤਾਂ।
ਲਿਆ ਹੱਥ ਹੀ ਜਲ਼ਾ ਤੈਂ ਤਾਂ।

ਮੈਂ ਮੰਗੀ ਛਾਂ ਸੀ ਪਲਕਾਂ ਦੀ,
ਲਏ ਦੀਵੇ ਬੁਝਾ ਤੈਂ ਤਾਂ।

ਗਏ ਲਗਭਗ ਸੀ ਬੁਝ ਸ਼ੋਅਲੇ,
ਹੈ ਦੇ ਦਿੱਤੀ ਹਵਾ ਤੈਂ ਤਾਂ।

ਨ ਜਾਣੇ ਕਿਉਂ ਮੇਰੇ ਵੱਜੀ,
ਨ ਕੁੱਝ ਜਦਕਿ ਕਿਹਾ ਤੈਂ ਤਾਂ।

ਕਿਸੇ ਨੂੰ ਪਰ ਨ ਰਾਸ ਆਇਆ,
ਸਿਰਫ਼ ਕੀਤਾ ਭਲਾ ਤੈਂ ਤਾਂ।

ਗਈ ਚੁੰਧਿਆ ਨਜ਼ਰ ਮੇਰੀ,
ਸੀ ਘੁੰਡ ਚੁਕਿਆ ਜ਼ਰਾ ਤੈਂ ਤਾਂ।

ਨਹੀਂ ਲੱਗੀ ਨ ਜਾਣੇ ਕਿਉਂ,
ਬੜੀ ਦਿੱਤੀ ਦਵਾ ਤੈਂ ਤਾਂ।

ਸਿਰਫ਼ ਮੋੜੀ ਹੈ ਪਿਠ 'ਸਾਹਿਲ',
ਨ ਕੁਝ ਕੀਤਾ ਬੁਰਾ ਤੈਂ ਤਾਂ।

## - 3 -

ਤਲਖ਼ ਚਾਹੇ ਹੈ ਆਬ ਉਸਦਾ।
ਸੁਭਾਅ ਨਾ ਹੈ ਖ਼ਰਾਬ ਉਸਦਾ।

ਪ੍ਰਸ਼ਨ ਹੈ ਜ਼ਿੰਦਗੀ ਜੇਕਰ,
ਤਾਂ ਜੀਣਾ ਹੈ ਜਵਾਬ ਉਸਦਾ।

ਅਜੇ ਹਾਂ ਜੀ ਰਹੇ ਜੀਵਨ,
ਕਰਾਂਗੇ ਫਿਰ ਹਿਸਾਬ ਉਸਦਾ।

ਰਹੂ ਗੇਂਦਾ ਤਾਂ ਗੇਂਦਾ ਹੀ,
ਜੇ ਨਾਂ ਰੱਖਿਆ ਗੁਲਾਬ ਉਸਦਾ।

ਜੋ ਖ਼ਾਦਿਮ ਹੈ, ਕਰੇਗਾ ਉਹ,
ਕਹੇਗਾ ਜੋ ਨਵਾਬ ਉਸਦਾ।

ਜੋ ਆਪਣੀ ਹੀ ਤਰ੍ਹਾਂ ਦਾ ਹੈ,
ਨਹੀਂ ਕੋਈ ਜਵਾਬ ਉਸਦਾ।

ਜ਼ਿਆਦਾ ਨੇੜਤਾ, ਨਾ ਨਾ,
ਕਰਾਂਗੇ ਕੀ ਜਨਾਬ ਉਸਦਾ।

ਕਿਸੇ ਨੂੰ ਕੀ ਹੈ ਸੁਖ 'ਸਾਹਿਲ',
ਜੇ ਨਾਂ ਹੈ ਬੇਹਿਸਾਬ ਉਸਦਾ।

## – 4 –

ਗਏ ਤੁਰ ਉਹ ਤਾਂ ਵਾਹ ਕਰਕੇ।
ਗਿਆ ਰਹਿ ਮੈਂ ਤਾਂ ਆਹ ਭਰਕੇ।

ਉਨ੍ਹਾਂ ਸੰਗ ਵਾਸਤਾ, ਪੁੱਛ ਨਾ,
ਹੈ ਚੂੰਢੀ–ਭਰ ਤਾਂ ਵਾਹ ਮਰਕੇ।

ਮਸਾਂ ਦੀਦਾਰ ਹੁੰਦੇ ਨੇ,
ਤੇ ਉਹ ਵੀ ਇਕ ਰਾਹ ਕਰਕੇ।

ਨੇ ਕਿੰਨੇ ਕੁ ਦੇ ਉਹ ਜੋਗੇ,
ਮੈਂ ਦੇਖਾਂਗਾ ਵਸਾਹ ਕਰਕੇ।

ਹਮੇਸ਼ਾ ਗੱਲ ਓਹਨਾਂ ਦੀ,
ਹੈ ਵਜਦੀ ਦਿਲ ’ਤੇ ਠਾਹ ਕਰਕੇ।

ਹਸਾਇਆ ਨਾ ਰੁਆਇਆ ਹੀ,
ਗਏ ਕੀ ਉਹ ਸੁਆਹ ਕਰਕੇ।

# ਗੁਰਦਿਆਲ ਰੌਸ਼ਨ

## – 1 –

ਛਾਂਗਿਆ ਜਿੰਨਾ ਤੁਸੀਂ, ਆਕਾਰ ਵੱਡਾ ਹੋ ਗਿਆ।
ਮੁਸ਼ਕਿਲਾਂ ਵਿਚ ਰੁੱਖ ਦਾ, ਕਿਰਦਾਰ ਵੱਡਾ ਹੋ ਗਿਆ।

ਜੋ ਕਲਮ ਲਾਈ ਸੀ, ਉਸ ’ਤੇ ਚੰਦ, ਤਾਰੇ ਖਿੜ ਪਏ,
ਉਹ ਵੀ ਬੂਟਾ, ਪਹਿਨ ਕੇ ਦਸਤਾਰ ਵੱਡਾ ਹੋ ਗਿਆ।

ਸਭ ਪਰਿੰਦੇ ਕੈਦ ਹਨ, ਕਿੱਦਾਂ ਦੀ ਆਈ ਹੈ ਬਹਾਰ,
ਪਿੰਜਰਾ ਉਹਨਾਂ ਲਈ, ਇਸ ਵਾਰ ਵੱਡਾ ਹੋ ਗਿਆ।

‘ਸ਼ਾਂਤਨੂੰ’, ‘ਨਿਕਤਾ’, ‘ਦਿਸ਼ਾ’, ਕੀ ਹੋਰ ਦੀਵੇ ਬੁਝਣਗੇ,
ਤਖ਼ਤ ਨੂੰ ਡਰ, ਹੈ ਕਿ ਹੁਣ ਹੱਕਦਾਰ ਵੱਡਾ ਹੋ ਗਿਆ।

ਹਲ਼ ਤੇ ਪੰਜਾਲ਼ੀ, ਗ਼ਰੀਬੀ ਖਾ ਗਈ ਘੁਣ ਦੀ ਤਰ੍ਹਾਂ,
ਲੁੱਟ ਕੇ ਇਹਨਾਂ ਨੂੰ, ਹਰ ਜ਼ਰਦਾਰ ਵੱਡਾ ਹੋ ਗਿਆ।

ਸ਼ਹਿਰ ਤੇ ਹਰ ਪਿੰਡ ਦੇ, ਨੀਵੇਂ ਧਰਾਤਲ ਹੋ ਗਏ,
ਗ਼ਰਕ ਗਏ ਨੇ ਘਰ, ਮਗਰ ਬਾਜ਼ਾਰ ਵੱਡਾ ਹੋ ਗਿਆ।

ਭੇੜੀਏ ਦਿੱਲੀ ਦੇ ਚਿੜਿਆ ਘਰ ’ਚ ਸਨ ਮੁਰਦਾ ਪਏ,
ਕਿਸ ਤਰ੍ਹਾਂ ਉਹਨਾਂ ਦਾ ਫਿਰ ਪਰਿਵਾਰ ਵੱਡਾ ਹੋ ਗਿਆ।

ਚਾਂਦਨੀ ਦਾ ਚੌਂਕ, ਚੇਤੇ ਤਾਜਦਾਰਾਂ ਨੂੰ ਨਹੀਂ,
ਜਾਪਦੈ, ਉਹਨਾਂ ਦਾ ਹੁਣ, ਹੰਕਾਰ ਵੱਡਾ ਹੋ ਗਿਆ।

ਝੂਠ ਦਾ ਸੱਚ ਬਣ ਗਿਆ ਹੈ, ਚੈਨਲਾ ਦੇ ਆਸਰੇ,
ਛਾਪ ਕੇ ਜਾਹਲੀ ਖ਼ਬਰ ਅਖ਼ਬਾਰ ਵੱਡਾ ਹੋ ਗਿਆ।

## – 2 –

ਕੀ ਏਦਾਂ ਹੀ, ਸਿਸਕ ਰਹੇ ਘਰ ਦੇਖਾਂਗੇ?
ਕਦ ਤਕ ਆਪਾਂ, ਬਲਦੇ ਮੰਜ਼ਰ ਦੇਖਾਂਗੇ।

ਫੇਰ ਸਫ਼ਰ ਮੁਸ਼ਕਿਲ ਹੈ ਚਾਰ ਦਿਸ਼ਾਵਾਂ ਦਾ,
ਜੇਕਰ ਸੀਮਤ ਘੇਰੇ ਅੰਦਰ ਦੇਖਾਂਗੇ।

ਜਾਗੇ ਨਾ ਜੇ, ਧਰਤੀ ਜਾਂਦੀ ਲੱਗੇਗੀ,
ਤਾਜਾਂ ਦੀ ਬੁੱਕਲ਼ ਵਿਚ, ਅੰਬਰ ਦੇਖਾਂਗੇ।

ਉਸ 'ਚੋਂ ਧਾਰ ਲਹੂ ਦੀ ਨਜ਼ਰੀਂ ਆਵੇਗੀ,
ਜਦ ਵੀ ਜ਼ੱਰੇ ਜ਼ੱਰੇ ਅੰਦਰ ਦੇਖਾਂਗੇ।

ਬੇਇਨਸਾਫ਼ੀ ਦਾ ਇਹ ਸਿੱਟਾ ਨਿਕਲੇਗਾ,
ਹਰ ਬੱਚੇ ਦੇ ਹੱਥ ਵਿਚ ਸ਼ਸ਼ਤਰ ਦੇਖਾਂਗੇ।

ਇਉਂ ਲਗਦੈ ਪੂਰਬ ਵਿਚ ਪੱਛਮ ਹੋਵੇਗਾ,
ਦੱਖਣ ਦੀ ਬਾਹੀ ਵਿਚ ਉੱਤਰ ਦੇਖਾਂਗੇ।

ਸਾਡਾ ਹਿੱਸਾ ਦੇਣਾ ਪੈਣਾ ਹੈ ਤੈਨੂੰ,
ਤੂੰ ਹੁੰਦਾ ਏਂ, ਕਿੱਦਾ ਮੁਨਕਰ ਦੇਖਾਂਗੇ।

ਮਾਣ ਕਰਾਂਗੇ, ਖ਼ੁਦ ਉੱਤੇ ਹੀ ਐ 'ਰੌਸ਼ਨ',
ਵੀਹ ਇੱਕੀ ਦਾ ਜਦ ਕੈਲੰਡਰ ਦੇਖਾਂਗੇ।

## – 3 –

ਇਹ ਤਾਂ ਉਸ ਦਾ ਰੰਜ ਸੀ, ਜੋ ਤਾਜਦਾਰਾਂ ਨੇ ਕਿਹਾ।
ਬੋਲ ਨਾ ਸੱਚ, ਇਕ ਨਹੀਂ ਮੈਨੂੰ ਹਜ਼ਾਰਾਂ ਨੇ ਕਿਹਾ।

ਏਸ ਦਾ ਉੱਤਰ, ਤਾਂ ਬਣਦਾ ਸੀ, ਮੈਂ ਦਿੱਤਾ ਗਰਜ ਕੇ,
ਚੰਦ 'ਤੇ ਵੀ ਦਾਗ਼ ਹਨ ਕਿਉਂ ਦਾਗ਼ਦਾਰਾਂ ਨੇ ਕਿਹਾ?

ਕਿਉਂ ਨਜ਼ਰ ਆਉਂਦੇ ਨਹੀਂ, ਰੰਬੇ ਕਹੀ ਤੇ ਦਾਤੀਆਂ,
ਫਿਸ ਪਏ, ਖੇਤਾਂ ਨੂੰ ਜਦ ਚਿੜੀਆਂ, ਗੁਟਾਰਾਂ ਨੇ ਕਿਹਾ।

ਏਸ ਦੀ ਭਾਸ਼ਾ, ਸਮਝ ਆਉਣੀ ਨਹੀਂ ਤੈਨੂੰ ਕਦੀ,
ਜੋ ਸ਼ਹਾਦਤ ਵਾਸਤੇ, ਲੱਗੀਆਂ ਕਤਾਰਾਂ ਨੇ ਕਿਹਾ।

ਖੌਲ ਉੱਠਿਆ ਹਰ ਫ਼ਸਲ ਦਾ ਖ਼ੂਨ, ਸੁਣ ਕੇ ਓਸ ਨੂੰ,
ਹਰ ਨਦੀ ਦੇ ਕੰਨ ਵਿਚ, ਜੋ ਆਬਸ਼ਾਰਾਂ ਨੇ ਕਿਹਾ।

ਬਸ, ਜ਼ਰਾ ਠਹਿਰੋ, ਲਿਬਾਸਾਂ ਨੂੰ ਬਦਲ ਲਈਏ ਅਸੀਂ,
ਮੌਲਦੇ ਰੁੱਖਾਂ ਦੀ ਮਜਲਿਸ ਨੂੰ, ਬਹਾਰਾਂ ਨੇ ਕਿਹਾ।

ਓਸ ਨੂੰ ਹਲਕੇ 'ਚ ਲੈ ਬੈਠੇ, ਤੁਹਾਡੀ ਭੁੱਲ ਸੀ,
ਜੋ ਕਦੀ 'ਰੌਸ਼ਨ' ਜਿਹੇ ਸੀ ਖ਼ਾਕਸਾਰਾਂ ਨੇ ਕਿਹਾ।

## – 4 –

ਹੈ ਭਿਆਨਕ ਰਾਤ, ਨ੍ਹੇਰੀ ਤੇਜ਼ ਹੈ।
ਪਰ ਅਸਾਡਾ ਹੌਸਲਾ ਜ਼ਰਖੇਜ਼ ਹੈ।

ਜੋ ਮੇਰੇ ਵਸਤਰ ਨਜ਼ਰ ਆਉਂਦੇ ਨਹੀਂ,
ਤੇਰੀਆਂ ਅੱਖਾਂ ਦੇ ਵਿਚ ਨੰਗੇਜ਼ ਹੈ।

ਨਾਮ ਲੈਂਦਾ ਹੈ ਉਹ ਬੇਸ਼ਕ ਰਾਮ ਦਾ,
ਓਸ ਦੇ ਅੰਦਰ ਮਗਰ 'ਚੰਗੇਜ਼' ਹੈ।

ਚੁੱਪ ਕਰ, ਬਿਹਤਰ ਹੈ, ਮੈਨੂੰ ਛੇੜ ਨਾ,
ਬਹੁਤ ਕੁਝ ਅੰਦਰ ਧਮਾਕਾਖ਼ੇਜ਼ ਹੈ।

ਮੱਥਿਆਂ ਵਿਚ ਪੁੱਤ ਹਨ, ਦਸਮੇਸ਼ ਦੇ,
ਸਾਡੀਆਂ ਨਾੜਾਂ ਦੇ ਵਿਚ ਤਬਰੇਜ਼ ਹੈ।

ਅਸਲ ਵਿਚ ਫ਼ੁਰਮਾਨ ਹੈ ਉਹ ਮੌਤ ਦਾ,
ਕੋਲ ਜੋ ਉਹਨਾਂ ਦੇ ਦਸਤਾਵੇਜ਼ ਹੈ।

ਖੇਤ ਵਿੱਚੋਂ ਉੱਗ ਰਹੀ ਹੈ ਭੁੱਖ ਹੁਣ,
ਰੰਗਹੀਣਾ ਜੀਅ ਰਿਹਾ ਰੰਗਰੇਜ਼ ਹੈ।

## ਡਾ. ਲਖਵਿੰਦਰ ਜੌਹਲ

**- 1 -**

ਅੱਗ ਹਵਾ ਨੂੰ ਕਿਸ ਨੇ ਆਣ ਲਗਾਈ ਹੈ।
ਸੜਕਾਂ ਤੋਂ ਸੰਸਦ ਤਕ ਹਾਲ ਦੁਹਾਈ ਹੈ।

ਖੇਤਾਂ ਵਿੱਚੋਂ ਨਿਕਲ ਤੁਰੇ ਪੁੱਤ ਖੇਤਾਂ ਦੇ,
ਦੂਰ ਦਸੇਂਦੀ ਰੋਟੀ ਦੀ ਪਰਛਾਈ ਹੈ।

ਮੁੜ੍ਹਕੇ ਦੀ ਖ਼ੁਸ਼ਬੋ ਨਾ ਚੰਗੀ ਲੱਗੇ ਹੁਣ,
ਠੰਢੇ ਹਉਕੇ ਭਰਨਾ ਕਿਸਮਤ ਪਾਈ ਹੈ।

ਖ਼ੁਦਕਕੁਸ਼ੀਆਂ ਦੀ ਖੇਤੀ ਜਿਸਦੀ ਹੋਣੀ ਹੈ,
ਉਸ ਦੇ ਜ਼ਖ਼ਮਾਂ ਉੱਤੇ ਚੋਭ ਲਗਾਈ ਹੈ।

ਅੰਨਦਾਤਾ ਹੀ ਤਰਸੇ ਅੰਨ ਦੀ ਬੁਰਕੀ ਨੂੰ,
ਘੋਰ ਵਪਾਰੀ ਯੁੱਗ ਦੀ ਇਹ ਚਤਰਾਈ ਹੈ।

## – 2 –

ਪਰਿਆ ਅੰਦਰ ਸੱਚੀ ਸੱਚੀ ਗੱਲ ਸੁਣਾਈਏ।
ਜੇ ਹਿੰਮਤ ਨਾ ਹੋਵੇ, ਉੱਠ ਕੇ ਘਰ ਨੂੰ ਜਾਈਏ।

ਧਰਤੀ ਤੇ ਅੰਬਰ ਵਿਚ ਕਿਧਰੇ ਮੈਂ ਵੀ ਹੈਗਾਂ,
ਉੱਚੀਆਂ ਬਾਹਾਂ ਕਰਕੇ ਬੱਦਲ ਦੂਰ ਹਟਾਈਏ।

ਜੰਗਲ ਦੀ ਇਸ ਅੱਗ ਨੂੰ ਲਿਖਣਾ ਬਹੁਤ ਜ਼ਰੂਰੀ,
ਲਟ ਲਟ ਬਲਦੀ ਉਂਗਲ ਨੂੰ ਹੀ ਕਲਮ ਬਣਾਈਏ।

ਮਹਿਮਾ ਸੁਣਨੀ ਚਾਹੁੰਦੈ ਰੋਜ਼ ਮਖੌਟੇ ਦੀ,
ਹਾਕਮ ਦੀ ਹਸਰਤ ਨੂੰ, ਸ਼ੀਸ਼ਾ ਚੁੱਕ ਦਿਖਾਈਏ।

ਸ਼ਾਇਰੀ ਨੂੰ ਮਨਜ਼ੂਰ ਨਾ ਹੋਏ ਝੂਠ ਪੁਲੰਦੇ,
ਸੱਚ-ਬਿਆਨੀ ਵਾਲੀ ਸੁੱਤੀ ਚਿਣਗ ਜਗਾਈਏ।

ਮਾਲੀ ਹੀ ਜਦ ਮਸਲਣ ਲੱਗੇ ਕੋਮਲ ਕਲੀਆਂ,
ਫੁੱਲਾਂ ਲੱਦੀ ਟਹਿਣੀ ਵੀ ਤਲਵਾਰ ਬਣਾਈਏ।

## – 3 –

ਵਿੰਨ੍ਹਣਾ ਪੈਣਾ ਗ਼ੁਬਾਰਾ, ਨ੍ਹੇਰ ਦਾ, ਅੰਧਕਾਰ ਦਾ।
ਯੁੱਧ ਹੋ ਕੇ ਹੀ ਰਹੇਗਾ, ਕਲਮ ਦਾ, ਤਲਵਾਰ ਦਾ।

ਸ਼ਹਿਰ ਸਾਰਾ ਸੌਂ ਗਿਆ ਹੈ, ਜਾਗਦਾ ਹਾਂ ਮੈਂ ਅਜੇ,
ਸਾਮ੍ਹਣੇ ਦਿਸਦਾ ਹੈ ਮੈਨੂੰ, ਅਜਬ ਮੰਜ਼ਰ ਦਾਰ ਦਾ।

ਦੂਰ ਗਹਿਰੇ ਸਾਗਰਾਂ ਵਿਚ, ਡੋਲਦੀ ਕਿਸ਼ਤੀ ਨੂੰ ਵੇਖ,
ਯਾਦ ਆਇਆ ਫਿਰ ਭਰੋਸਾ, ਬੇਵਫ਼ਾ ਪਤਵਾਰ ਦਾ।

ਆਤਮਾ ਨੂੰ ਸਾਦਗੀ ਤੇ ਸਿਦਕ ਦਿੰਦੇ ਨੇ ਸਕੂਨ,
ਤੋੜ ਦਿੰਦਾ ਆਣ ਕੇ, ਬੁੱਲਾ ਤੇਰੇ ਹੰਕਾਰ ਦਾ।

ਤੇਰੀਆਂ ਮਗ਼ਰੂਰੀਆਂ ਨੂੰ, ਝੱਲਣਾ ਮੇਰਾ ਨਸੀਬ,
ਅਜਬ ਰਿਸ਼ਤਾ ਰੰਗ-ਫੁੱਲਾਂ, ਖ਼ੁਸ਼ਬੂਆਂ-ਖ਼ਾਰ ਦਾ।

ਇਸ਼ਕ ਦੀ ਹੋਣੀ ਜੇ ਨੀਂਦਰ ਨੇ ਹੀ ਬਣਨਾ ਸੀ ਅਖ਼ੀਰ,
ਕਿਉਂ ਭਲਾ ਮਿਰਜ਼ਾ ਦਿਖਾਇਆ ਸੂਰਮਾ ਬੇਕਾਰ ਦਾ।

ਹਾਰ ਜਾਣਾ ਫਿਰ ਮੁਕੱਦਰ ਵਿਚ ਲਿਖਿਆ ਵਕਤ ਨੇ,
ਜ਼ੋਰ ਲਾ ਲਏ ਵਕਤ ਆਪਣਾ ਮੇਰਾ ਦਿਲ ਨਾ ਹਾਰਦਾ।

## - 4 -

ਜਦੋਂ ਮੈਂ ਪੜ੍ਹਣ ਲਗਦਾ ਹਾਂ, ਸ਼ਹਾਦਤ ਦੀ ਕਹਾਣੀ ਨੂੰ।
ਲਹੂ ਬਣ ਖ਼ੌਲਦਾ ਵੇਖਾਂ, ਮੈਂ ਅੱਖਾਂ ਵਿਚ ਪਾਣੀ ਨੂੰ।

ਸਿਆਸਤ ਧੌਂਸ, ਧਮਕੀ ਦੀ, ਜਦੋਂ ਅਸਮਾਨ ਚੜ੍ਹਦੀ ਹੈ,
ਰੁਹਾਨੀ ਹੌਸਲਾ ਰੋਕੇ , ਸਦਾ ਜ਼ੁਲਮੀ-ਮਧਾਣੀ ਨੂੰ।

ਜਲੇ ਕਸ਼ਮੀਰ ਦਾ ਪਿੰਡਾ, ਤਾਂ ਰੂਹ ਪੰਜਾਬ ਦੀ ਤੜਫ਼ੀ,
ਇਹ ਜਜ਼ਬੇ ਦੀ ਕਹਾਣੀ ਹੈ, ਸੁਣੋ, ਸਮਝੋ ਕਹਾਣੀ ਨੂੰ।

ਸੁਨੇਹਾ ਸਿਰਫ਼ ਏਨਾ ਸੀ, ਗੁਰੂ ਦੇ ਸੀਸ ਨੇ ਦਿੱਤਾ,
ਮਨਾਂ 'ਚੋਂ ਕੱਢ ਕੇ ਜ਼ਹਿਰਾਂ, ਭਰੋ ਉਲਫ਼ਤ-ਕਹਾਣੀ ਨੂੰ।

ਹਵਾ ਦੇ ਹੋਠ ਸੁਕ ਜਾਂਦੇ, ਸਿਮ ਦੀ ਵਾਰਤਾ ਕਰਦੇ,
ਤੇਰਾ ਤਲਵਾਰ ਨੂੰ ਸਿਜਦਾ, ਮੇਰਾ ਸਿਜਦਾ ਹੈ ਬਾਣੀ ਨੂੰ।

ਫ਼ਰਕ ਨਾ ਜਾਣੀਏ ਆਪਾਂ, ਅਕੀਦੇ, ਰੰਗ, ਰੂਪਾਂ ਦਾ,
ਭਰੋਸਾ ਮਾਨਵੀ ਕਦਰਾਂ 'ਚ ਹੋਵੇ, ਹਰ ਪ੍ਰਾਣੀ ਨੂੰ।

# ਵਿਜੈ ਵਿਵੇਕ

**- 1 -**

ਚੰਦੋਏ ਵਾਂਗ ਐ ਆਕਾਸ਼ ਸਿਰ ’ਤੇ ਤਾਣ ਲੈ ਮੈਨੂੰ।
ਮੇਰੇ ਵਿਚ ਦਫ਼ਨ ਹੋ ਜਾ ਧਰਤੀਏ ਤੇ ਜਾਣ ਲੈ ਮੈਨੂੰ।

ਸਮੁੰਦਰ ਡੁੱਬ ਜਾ ਮੇਰੇ ਵਿਚ, ਹਵਾ ਮਹਿਸੂਸ ਕਰ ਮੈਨੂੰ,
ਜੇ ਖ਼ੁਦ ਨੂੰ ਲਭਣਾ ਮਾਰੂਥਲਾ ਤਾਂ ਛਾਣ ਲੈ ਮੈਨੂੰ।

ਮੇਰੇ ’ਚੋਂ ਵੇਖ ਲੈ ਤੂੰ ਅਕਸ ਆਪਣਾ ਨੀਲੀਏ ਝੀਲੇ,
ਐ ਪਰਬਤ ਝਾਕ ਉੱਪਰ ਨੂੰ ਅਤੇ ਪਹਿਚਾਣ ਲੈ ਮੈਨੂੰ।

ਜੋ ਸਿਰ ’ਤੇ ਕਰਜ਼ ਹੁੰਦਾ ਹੈ, ਚੁਕਾਉਣਾ ਫ਼ਰਜ਼ ਹੁੰਦਾ ਹੈ,
ਹੇ ਅਗਨੀ ਸੇਕ ਲੈ ਮੈਨੂੰ, ਐ ਠੰਡਕ ਮਾਣ ਲੈ ਮੈਨੂੰ।

ਮੈਂ ਕੰਜਕ ਤੈਨੂੰ ਵਰਨਾ ਚਾਹੁੰਦੀ ਹਾਂ ਤਹਿਜ਼ੀਬ ਦੇ ਬਿਰਧਾ,
ਕਦੀ ਨਾਂ ਮੌਤ ਦਾ ਸੁਣਿਆ ਹੈ ਜੇ ਤਾਂ ਸਿਆਣ ਲੈ ਮੈਨੂੰ।

## – 2 –

ਇਥੇ ਕੌਣ ਸ਼ਾਇਰ ਹੈ ਨਾਮੁਰਾਦ, ਇਥੇ ਕਿਸ ਨੂੰ ਕਵਿਤਾ ਦੀ ਭਾਲ ਹੈ।
ਇਹ ਤਾਂ ਐਵੇਂ ਤਿਰੇ ਵਿਯੋਗ ਵਿਚ ਮੇਰੇ ਦਿਲ 'ਚੋਂ ਉਠਿਆ ਉਬਾਲ ਹੈ।

ਤੇਰੇ ਦੁੱਖ ਪਿੰਡੇ 'ਤੇ ਝਾਗ ਕੇ, ਗਿਲੇ, ਸ਼ਿਕਵੇ ਸਾਰੇ ਤਿਆਗ ਕੇ,
ਮੈਂ ਜੋ ਕਹਿ ਰਿਹਾਂ ਮੇਰੇ ਦੁਸ਼ਮਣਾਂ, ਮੇਰਾ ਸਚੀਓਂ ਉਹੀ ਹਾਲ ਹੈ।

ਮੇਰੇ ਭੋਲੇਪਣ ਦੀ ਹੈ ਇੰਤਹਾ, ਮੇਰੀ ਸਾਦਗੀ ਦਾ ਇਹ ਕਮਾਲ ਹੈ,
ਮੈਂ ਬੜਾ ਕਮੀਨਾ ਸ਼ੈਤਾਨ ਹਾਂ, ਮੇਰੇ ਦੋਸਤਾਂ ਦਾ ਇਹ ਖ਼ਿਆਲ ਹੈ।

ਮੇਰੀ ਇਹ ਕਮੀਨੀ ਸ਼ੈਤਾਨੀਅਤ, ਤੇਰੀ ਪਗੜੀ, ਸ਼ਮ੍ਹਲਾ ਤੇ ਲੱਜ-ਪਤ,
ਮੇਰੇ ਸਾਹਮਣੇ ਉਹੀ ਖੇਡ ਹੈ ਤਿਰੇ ਵਾਸਤੇ ਜੋ ਵਬਾਲ ਹੈ।

ਮੈਂ ਤਾਂ ਚੁੱਪ ਰਹਿਣਾ ਹੀ ਲੋੜਦਾਂ, ਤੇਰੇ ਲਫ਼ਜ਼ ਤੈਨੂੰ ਹੀ ਮੋੜਦਾਂ,
ਮੇਰਾ ਉਸ ਤਰ੍ਹਾਂ ਦਾ ਜਵਾਬ ਹੈ, ਤੇਰਾ ਜਿਸ ਤਰ੍ਹਾਂ ਦਾ ਸਵਾਲ ਹੈ।

ਜੇ ਉਹ ਮੇਰੇ ਸੀਨੇ 'ਤੇ ਅੱਗ ਧਰੇ, ਤੇ ਇਹ ਕਰਦਿਆਂ ਉਹਦਾ ਚਿਤ ਠਰੇ,
ਕਿ ਮੈਂ ਅੰਗ ਮੋੜਾਂ ਜਾਂ ਸੀ ਕਰਾਂ, ਮੇਰੀ ਐਨੀ ਕਿੱਥੇ ਮਜਾਲ ਹੈ।

ਮੇਰੇ ਅਪਣੇ ਮਨ ਦੀ ਹੀ ਲਹਿਰ ਵਿਚ, ਕੋਈ ਗਲਤੀ ਹੋਵੇ ਜੇ ਬਹਿਰ ਵਿਚ,
ਮੇਰੇ ਕੱਚੇ ਪਣ ਦਾ ਸਬੂਤ ਹੈ, ਮੇਰੇ ਛੋਟੇ ਪਣ ਦੀ ਮਿਸਾਲ ਹੈ।

## – 3 –

ਪੰਡ ਕਿਤਾਬਾਂ ਦੀ ਸਿਰ ਮੇਰੇ, ਪੈਰਾਂ ਹੇਠ ਪਰਿੰਦੇ।
ਕਵਿਤਾ ਤੇ ਕੁਰਲਾਟ ਸਫ਼ਰ ਨੂੰ ਸਾਵਾਂ ਹੋਣ ਨਾ ਦਿੰਦੇ।

ਪਿੱਛਾ ਤਾਂ ਚਲ ਦੂਰ ਰਿਹਾ ਪਰ ਅੱਗਾ ਵੀ ਨਹੀਂ ਦਿਸਦਾ,
ਬਾਹੋਂ ਫੜ ਕੇ ਕਿਹੜੇ ਦਾਅ ਨੂੰ ਲੈ ਨਿਕਲੀ ਨੀਂ ਜਿੰਦੇ!

ਮੈਂ ਤਾਂ ਆਪਣੇ ਸ਼ਹਿਰ 'ਚ ਰਹਿੰਦਾ ਹੀ ਬਨਵਾਸੀ ਹੋ ਗਿਆ,
ਮੇਰੀ ਬੋਲੀ ਹੀ ਨਾ ਸਮਝਣ ਏਥੋਂ ਦੇ ਬਾਸ਼ਿੰਦੇ।

ਧੜਕਦੀਆਂ ਸਤਰਾਂ ਕਿਉਂ ਗਾਵਣ ਪੱਥਰ ਹੋਏ ਗਵੱਈਏ,
ਜ਼ਿੰਦਾ ਸਾਜ਼ਾਂ ਨੂੰ ਕਿੰਜ ਵਾਵਣ ਲੱਕੜ ਦੇ ਸਾਜ਼ਿੰਦੇ।

ਖ਼ੌਰੇ ਕਿੰਨ੍ਹਾਂ ਵਿਰਲਾਂ ਵਿਚਦੀ ਲੰਘ ਆਇਆ ਜਗਰਾਤਾ,
ਅਪਣੇ ਜਾਣੇ ਸੌਂ ਚੱਲਿਆ ਸਾਂ ਲਾ ਕੇ ਕੁੰਡੇ-ਜਿੰਦੇ।

ਮੈਂ ਲਿਸ਼ਕਾ-ਪੁਸ਼ਕਾ ਕੇ ਪਲ-ਪਲ ਰੂਹ ਦੇ ਅੰਬਰੀਂ ਟੰਗਾਂ,
ਸੂਰਜ 'ਤੇ ਕਿਉਂ ਬਰਫ਼ ਜਿਹੀ ਜੰਮ ਜਾਂਦੀ ਬਿੰਦੇ-ਬਿੰਦੇ।

ਫੁੱਲਾਂ ਕੋਲੋਂ ਪੁੱਛ ਕੇ ਵੇਖੀਂ ਕਿਸਦੇ ਖ਼ੂਨ 'ਚ ਖਿੜਦੇ,
ਤੂੰ ਬਾਗ਼ਾਂ ਦਾ ਮਾਲਕ, ਆਪਾਂ ਬਾਗ਼ਾਂ ਵਿੱਚ ਕਰਿੰਦੇ।

## – 4 –

ਕਦੀ ਥੀਣਾ, ਕਦੀ ਜੀਣਾ, ਕਦੀ ਮਰਨਾ ਪਿਆ ਮੈਨੂੰ।
ਕਿ ਵਿਹਲਾ ਹੋਣ ਖ਼ਾਤਰ ਬਹੁਤ ਕੁਝ ਕਰਨਾ ਪਿਆ ਮੈਨੂੰ।

ਗ੍ਰਹਿਸਥੀ ਬਣ ਗਿਆ ਰਾਂਝਾ, ਸਿਆਣਾ ਹੋ ਗਿਆ ਮਜਨੂੰ,
ਜਾਂ ਤੇਸਾ ਸੁੱਟ ਗਿਆ ਕੋਹਕਨ*, ਤਾਂ ਨਿੱਤਰਨਾ ਪਿਆ ਮੈਨੂੰ।

ਮੈਂ ਕਿੱਥੇ ਦਿਸਣ ਜੋਗਾ ਸਾਂ, ਤੇਰੀ ਅੱਖ ਚੜ੍ਹਨ ਖ਼ਾਤਰ ਹੀ,
ਜ਼ਮਾਨੇ ਭਰ ਦੀਆਂ ਅੱਖਾਂ ’ਚ ਅੱਖਰਨਾ ਪਿਆ ਮੈਨੂੰ।

ਮੇਰੀ ਕਿਸਮਤ ਕੇ ਕਿਆ ਕਹਿਣੇ! ਕਿ ਇਕ ਦਿਲਹੀਣ ਬੁੱਤ ਮੂਹਰੇ,
ਕਿਸੇ ਦਿਲਚੀਰ ਘਟਨਾ ਵਾਂਗ ਵਾਪਰਨਾ ਪਿਆ ਮੈਨੂੰ।

ਦਿਓਤੇ ਦੇ ਸੁਆਗਤ ਵਿਚ ਚੜ੍ਹਾਈ ਗਈ ਲਲੇਰ ਆਂਗੂੰ,
ਤੇਰੇ ਕਦਮਾਂ ’ਚ ਮੱਥਾ ਤੋੜ ਕੇ ਧਰਨਾ ਪਿਆ ਮੈਨੂੰ।

ਕਦੀ ਥੀਣਾ, ਕਦੀ ਜੀਣਾ, ਕਦੀ ਮਰਨਾ ਪਿਆ ਮੈਨੂੰ।
ਕਿ ਵਿਹਲਾ ਹੋਣ ਖ਼ਾਤਰ ਬਹੁਤ ਕੁਝ ਕਰਨਾ ਪਿਆ ਮੈਨੂੰ।

* ਕੋਹਕਨ = ਕੋਹਸ਼ਿਕਨ, ਯਾਨੀ ਫ਼ਰਹਾਦ।

# ਸੁਰਜੀਤ ਜੱਜ

## - 1 -

ਜਿਨ੍ਹਾਂ ਦੀ ਹਿੱਕ ਦੀ ਛੋਹ ਮਿਲਦਿਆਂ ਅੱਖਰ ਸੁਲਗਦੇ ਨੇ।
ਮੈਂ ਓਨ੍ਹਾਂ ਵਰਕਿਆਂ 'ਚੋਂ ਹਾਂ ਜੋ ਧੁਰ ਤੀਕਰ ਸੁਲਗਦੇ ਨੇ।

ਤੁਸੀਂ ਬਰਫ਼ਾਂ ਦੀਆਂ ਤੈਹਾਂ 'ਚ ਚਿਣ ਦਿੱਤੇ ਸਿਵੇ ਏਦਾਂ,
ਹਜ਼ਾਰਾਂ ਮੀਲ ਨਦੀਆਂ ਤਪਣ ਫਿਰ ਸਾਗਰ ਸੁਲਗਦੇ ਨੇ।

ਠਰੇ ਸ਼ਹਿਰਾਂ ਨੂੰ ਸੇਧਣ ਲੱਗ ਪਿਆ ਹੈ ਸੇਕ ਜੰਗਲ ਦਾ,
ਹਰਿਕ ਬਸਤੀ ਕਰੇ ਮਹਿਸੂਸ ਕਿ ਸਭ ਘਰ ਸੁਲਗਦੇ ਨੇ।

ਤੁਹਾਡੀ ਚਾਹ ਸੀ ਕਿ ਦੀਵੇ ਦਹਿਲੀਜ਼ਾਂ-ਸਰਦਲਾਂ ਸਾੜਨ,
ਤੇ ਹੁਣ ਭੈ-ਭੀਤ ਹੋ ਕਿ ਸਭ ਦੀਵਾਰਾਂ-ਦਰ ਸੁਲਗਦੇ ਨੇ।

ਸਤੇ ਬੋਟਾਂ ਨੇ ਹੁਣ ਤੈਨੂੰ ਸਦਾ ਤਾਉਣਾ ਹੀ ਤਾਉਣਾ ਹੈ,
ਇਨ੍ਹਾਂ ਦੇ ਪੈਰ ਹੀ ਨਈ੍ਹੀ ਨੇਤਰਾਂ ਸੰਗ ਪਰ ਸੁਲਗਦੇ ਨੇ।

ਉਦੋਂ ਅੰਗਾਂ 'ਚੋਂ ਅੱਗ ਉਪਜੇ ਤੇ ਸ਼ੀਸ਼ੇ ਵਿਚ ਅਕਸ ਪਿਘਲਣ,
ਨਫ਼ੇ ਦੇ ਨਾੜ ਦੀ ਲੰਬ ਵਿੱਚ ਜਦੋਂ ਤੇਵਰ ਸੁਲਗਦੇ ਨੇ।

ਇਨ੍ਹਾਂ ਦੀ ਹਿੱਕ 'ਤੇ ਜਦ ਜਦ ਵੀ ਨੀਂਦਰ ਖ਼ੁਦਕੁਸ਼ੀ ਕਰਦੀ,
ਸਰਾਪੇ ਸੁਪਨਿਆਂ ਦੇ ਸੰਗ ਉਦੋਂ ਬਿਸਤਰ ਸੁਲਗ਼ਦੇ ਨੇ।

ਸਿਤਮ ਦੇ ਸੇਕ ਸੰਗ ਤਪਣਾ ਘਰਾਂ ਨੂੰ ਹੀ ਮੁਬਾਰਕ ਹੈ,
ਨਾ ਮਸਜਿਦ ਸੁਲਗਦੀ ਕਿੱਧਰੇ ਤੇ ਨਾ ਮੰਦਰ ਸੁਲਗਦੇ ਨੇ।

ਇਹ ਮੇਰਾ ਦੇਸ਼ ਅੰਨ੍ਹੇ ਤਾਜ ਤੋਂ ਲੋਅ ਲੈਣ ਤੁਰਿਆ ਏ,
ਇਦ੍ਹੀ ਹਿੱਕ 'ਤੇ ਹਸਤਨਾਪੁਰ ਦੇ ਹੁਣ ਖੰਡਰ ਸੁਲਗਦੇ ਨੇ।

ਨਦੀ ਖ਼ੁਦ ਹੀ ਬਜ਼ਿਦ ਹੈ ਪਿਆਸ 'ਚੋਂ ਸੁਰਜੀਤ ਹੋਵਣ ਨੂੰ,
ਕਿਨਾਰੇ ਕੀ ਕਰਨ ਲਹਿਰਾਂ 'ਚ ਸੌ-ਸੌ ਡਰ ਸੁਲਗਦੇ ਨੇ।

## – 2 –

ਤਪੀ ਰੇਤਾ ਦਾ ਦਰਿਆ ਫੇਰ ਨਾ ਤਰਿਆ ਗਿਆ ਮੈਥੋਂ।
ਬਥੇਰਾ ਪਿਘਲਿਆ ਹੌਕਾ ਨਾ ਪਰ ਭਰਿਆ ਗਿਆ ਮੈਥੋਂ।

ਸਜਾ ਕੇ ਅਗਨ–ਸ਼ਸਤਰ ਰੋਹ ’ਚ ਮੇਰੇ ਰੂਬਰੂ ਸੀ ਉਹ,
ਬੜਾ ਚਾਹਿਆ ਮੈਂ ਪਰ ਉਸ ਤੋਂ ਨਾ ਫਿਰ ਡਰਿਆ ਗਿਆ ਮੈਥੋਂ।

ਜਦੋਂ ਉਹ ਕਤਲਗਾਹ ਵਿੱਚ ਸੀ ਜ਼ਰਾ ਨਾ ਤਿਲਮਿਲਾਇਆ ਮੈਂ,
ਤੇ ਉਸਦੇ ਬੁੱਤ ਦਾ ਟੁੱਟਣਾ ਨਾ ਹੁਣ ਜਰਿਆ ਗਿਆ ਮੈਥੋਂ।

ਮੈਂ ਜਿਉਂਦਾ ਹੀ ਕਦੋਂ ਸਾਂ ਇਹ ਨਿਤਾਰਾ ਕਰਨ ਤੋਂ ਪਹਿਲਾਂ,
ਤੁਸੀਂ ਬਹਿਸੀ ਗਏ ਕਿਉਂ ਚਾਹ ਕੇ ਨਾ ਮਰਿਆ ਗਿਆ ਮੈਥੋਂ।

ਹਿਮਾਲਾ ਦੀ ਬਰਫ਼ ਸਾਰੀ ਤੁਸੀਂ ਘਰ ਵਿੱਚ ਲਿਆ ਸੁੱਟੀ,
ਮੈਂ ਢਿੱਡ ਦੀ ਅੱਗ ਸਾਂ ਤਾਹੀਓਂ ਨਹੀਂ ਠਰਿਆ ਗਿਆ ਮੈਥੋਂ।

ਹਜ਼ਾਰਾਂ ਮੀਲ ਉੱਡ–ਉੱਡ ਕੇ ਮੈਂ ਤੇਰੀ ਜੂਹ ’ਚ ਆਇਆ ਸਾਂ,
ਤੂੰ ਆਪਣੀ ਪਿਆਸ ਨੂੰ ਪੁੱਛ ਕਿਉਂ ਨਹੀਂ ਵਰ੍ਹਿਆ ਗਿਆ ਮੈਥੋਂ।

ਮੇਰੇ ਮੱਥੇ ਹਜ਼ਾਰਾਂ ਦੀਵਿਆਂ ਦੇ ਦੋਸ਼ ਮੜ੍ਹ ਦਿੱਤੇ,
ਤੇ ਪੁੱਛਦੈ ਕਦਮ ਲੋ ਵਿੱਚ ਕਿਉਂ ਨਹੀਂ ਧਰਿਆ ਗਿਆ ਮੈਥੋਂ।

ਮੈਂ ਵਰਿਆਂ ਤਕ ਖਿੜਨ ਮੁਰਝਾਉਣ ਦੀ ਪਰਵਾਹ ਨਹੀਂ ਕੀਤੀ,
ਸੁਆਗਤ ਫਿਰ ਵੀ ਖ਼ੁਸ਼ਬੂ ਦਾ ਨਹੀਂ ਕਰਿਆ ਗਿਆ ਮੈਥੋਂ।

ਮੈਂ ਹਰ ਮੌਸਮ–ਬੇਮੌਸਮ ਵਿੱਚ ਪੁੰਗਰ ਸੁਰਜੀਤ ਹੁੰਦਾ ਹਾਂ,
ਉਨ੍ਹਾਂ ਅਨੁਸਾਰ ਹੋਇਆ ਪਰ ਨਹੀਂ ਹਰਿਆ ਗਿਆ ਮੈਥੋਂ।

## - 3 -

ਗੰਢਾਂ ਨੂੰ ਖੁੱਲ੍ਹਣ ਲਾ ਲਿਆ ਅੱਟਾਂ ਨੂੰ ਅਟਕਣ ਲਾ ਲਿਆ।
ਪੈਰ ਸਨ ਉਸ ਕੋਲ਼ ਉਸ ਰਾਹਾਂ ਨੂੰ ਚੱਲਣ ਲਾ ਲਿਆ।

ਬਸਤੀਆਂ ਸਦਮੇਂ 'ਚ ਸਨ ਤੇ ਸ਼ਹਿਰ ਜਦ ਭੈ-ਭੀਤ ਸੀ,
ਉਸ ਬੁੱਤ ਗੱਲੀਂ ਪਾ ਲਏ ਪੱਥਰਾਂ ਨੂੰ ਹੱਸਣ ਲਾ ਲਿਆ।

ਕੁਝ ਜਿਸਮ ਸੜਕਾਂ ਹੋ ਤੁਰੇ ਕੁਝ ਰੋੜ ਧੜਕਣ ਲੱਗ ਪਏ,
ਕੁਝ ਛਾਲਿਆਂ ਨੇ ਭਟਕੀਆਂ ਧੂੜਾਂ ਨੂੰ ਵੱਸਣ ਲਾ ਲਿਆ।

ਨਦੀਆਂ ਨੂੰ ਨਖ਼ਰਾ ਭੁੱਲਿਆ ਸਾਗਰ ਦੀ ਸ਼ੁਹਰਤ ਔਹ ਗਈ,
ਜਦ ਖੁਸ਼ਕ ਅੱਖੀਂ ਤੜਪ ਨੇ ਪਲਕਾਂ ਨੂੰ ਭਿੱਜਣ ਲਾ ਲਿਆ।

ਫੁੱਲਾਂ ਨੂੰ ਹਿਜਰਤ ਕਰਦਿਆਂ ਤੱਕਿਆ ਤਾਂ ਕੰਡੇ ਕੰਬ ਗਏ,
ਮਾਲੀ ਦਾ ਹਠ ਨਾ ਹਿੱਲਿਆ ਕੁਲ ਬਾਗ਼ ਕੰਬਣ ਲਾ ਲਿਆ।

ਜੋ ਛੱਡਿਆ ਉਹ ਘਰ ਨਾ ਸੀ ਜਿਸ 'ਤੇ ਤੁਰੇ ਉਹ ਸਫ਼ਰ ਨਈ੍ਹ,
ਇਹ ਕੈਸੀਆਂ ਵਾਟਾਂ ਜਿਨ੍ਹਾਂ ਰਾਹੀਆਂ ਨੂੰ ਹਿੱਕਣ ਲਾ ਲਿਆ।

ਕੁਝ ਚੰਨ ਹੋਇਆ ਸਾਜ਼ਿਸ਼ੀ ਕੁਝ ਛਲ ਸਿਤਾਰੇ ਕਰ ਗਏ,
ਸੂਰਜ ਨੇ ਖ਼ੁਦ ਨੂੰ ਜਿਨ੍ਹਾਂ ਲਈ ਬੇਵਕਤ ਅਸਤਣ ਲਾ ਲਿਆ।

ਇਕ ਚਰਮਰਾਉਂਦੇ ਚੌਂਕ ਨੂੰ ਬੁੱਤਾਂ ਦੇ ਪਹੀਏ ਲੱਗ ਗਏ,
ਉਸ ਬੇਤਹਾਸ਼ਾ ਫੈਲ ਕੇ ਰਾਹਾਂ ਨੂੰ ਸਿਮਟਣ ਲਾ ਲਿਆ।

ਹਉਂਮੈ ਦੇ ਵਿੱਚ ਸੁਰਜੀਤ ਸੀ ਉਹ ਸ਼ਖ਼ਸ ਉਸ ਨੇ ਅੰਤ ਨੂੰ,
ਜੀਭਾਂ ਨੂੰ ਗੁੰਗੇ ਕਰਦਿਆਂ ਢਿੱਡਾਂ ਨੂੰ ਬੋਲਣ ਲਾ ਲਿਆ।

## – 4 –

ਵਾੜਾਂ ਤਕ ਦੀ ਨੀਅਤ ਦੇ ਵਿੱਚ ਵੱਲ-ਛਲ ਹੈ।
ਮੌਸਮ ਦਾ ਕੁਝ ਭੈ ਵੀ ਇਸ ਵਿੱਚ ਸ਼ਾਮਲ ਹੈ।

ਵੱਡੀਆਂ ਹੁੰਦੀਆਂ ਤੱਕ ਕੇ ਖ਼ੁਸ਼ ਹੈ ਬਿਹਬਲ ਹੈ।
ਸੌਂ ਨਈ੍ਹੀ ਸਕਦਾ ਪਿੰਡ ਫ਼ਸਲਾਂ ਦਾ ਬਾਬਲ ਹੈ।

ਜੋ ਵੀ ਦਾਣਾ ਉੱਗ ਕੇ ਹੱਸ ਨਹੀਂ ਸਕਿਆ,
ਤੇਰਾ ਔੜ-ਸੁਭਾਅ ਹੀ ਉਸਦਾ ਕਾਤਲ ਹੈ।

ਖੇਤ ਦਿਨੋ-ਦਿਨ ਬੇ-ਰੰਗ ਹੋਈ ਜਾਂਦੇ ਨੇ,
ਰਾਜਧਾਨੀਏ ਰੰਗ-ਬਰੰਗੀ ਹਲਚਲ ਹੈ।

ਫ਼ਸਲ ਦੇ ਚੀਰਹਰਨ ’ਤੇ ਖਿਝ-ਖਪ ਲੈਂਦਾ ਹਾਂ,
ਮੇਰੇ ਰੋਹ ਦਾ ਬਸ ਏਨਾ ਖੇਤਰ-ਫਲ ਹੈ।

ਨਾਬਰ ਹੋਣਾ ਚਾਅ ਨਹੀਂ, ਮਜਬੂਰੀ ਹੈ,
ਇਹ ਮੇਰੇ ਜ਼ਖ਼ਮਾਂ ਦੇ ਜੋੜ ਦਾ ਹਾਸਲ ਹੈ।

ਮਿੱਟੀ ਸਾਡੀ ਮਾਂ ਹੈ ਇਹਦਾ ਮੁੱਲ ਨਾ ਪਾ,
ਗਰਕ ਜਾਏਂਗਾ ਇਹ ਤਜਾਰਤ ਦਲਦਲ ਹੈ।

ਮੇਰੇ ਪਿੰਡ ਦੀ ਜੂਹ ਵਿੱਚ ਨੇਰ੍ਹ ਹੈ, ਮੇਰੇ ਲਈ,
ਜਗਣੋਂ ਮੁਨਕਰ ਹੋਣਾ ਡਾਢਾ ਮੁਸ਼ਕਲ ਹੈ।

ਮਾਂ-ਮਿੱਟੀ ਦੀ ਪਿਆਸ ਦੇ ਵਿੱਚ ਸੁਰਜੀਤ ਹਾਂ ਮੈਂ,
ਮੇਰੇ ਨੈਣਾਂ ਵਿੱਚ ਨਦੀਆਂ ਦੀ ਕਲਕਲ ਹੈ।

# ਗੁਰਤੇਜ ਕੁਹਾਰਵਾਲਾ

## - 1 -

ਹੋਰਾਂ ਵਾਂਗੂੰ 'ਨ੍ਹੇਰਾ ਢੋਂਦੇ, ਰਾਤ-ਬ-ਰਾਤੇ ਜੀਅ ਲੈਣਾ ਸੀ।
ਦਿਲ ਨੂੰ ਜੇਕਰ ਅੱਗ ਨ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ?

ਅੰਨ੍ਹੀ ਭੀੜ 'ਚ ਅੱਖਾਂ ਵਾਲੇ ਤੁਰਦੇ ਵੀ ਤਾਂ ਕਿੱਥੇ ਤੁਰਦੇ,
ਖੜ੍ਹ ਕੇ ਸਭ ਨੂੰ ਰਾਹ ਦੇਣਾ ਸੀ, ਬਚ ਕੇ ਰਸਤਾ ਵੀ ਲੈਣਾ ਸੀ।

ਘਰ ਦੇ ਘੜਿਆਂ ਅੰਦਰ ਪੈ ਕੇ, ਸਿਆਣਾ ਪਾਣੀ ਸੋਚੇ ਅਕਸਰ,
ਮੈਨੂੰ ਨਦੀਏਂ ਵਗਦੇ ਨੂੰ ਵੀ ਰੇਤਾ ਨੇ ਹੀ ਪੀ ਲੈਣਾ ਸੀ।

ਮੇਰੀ ਖ਼ਾਤਰ ਰੇਤ, ਰੁਪੱਈਏ, ਪੱਥਰ, ਚੀਜ਼ਾਂ, ਢੇਰ ਬੜੇ ਸਨ,
ਪਰ ਮੈਂ ਥੋੜ੍ਹੀ ਛਾਂ ਲਭਦਾ ਸਾਂ, ਚੂਲੀ ਪਾਣੀ ਹੀ ਲੈਣਾ ਸੀ।

ਜੇ ਰੂਹ ਦੇ ਲੰਗਾਰ ਨਾ ਲਹਿੰਦੇ, ਚੁੱਪ ਹੀ ਰਹਿੰਦੇ, ਕੁਝ ਨਾ ਕਹਿੰਦੇ,
ਜੇ 'ਕੱਲਾ ਦਾਮਨ ਹੀ ਫਟਦਾ, ਅੰਦਰ ਵੜ ਕੇ ਸੀਅ ਲੈਣਾ ਸੀ।

## – 2 –

ਘਰਾਂ ਨੇ ਕੀਲਿਆ ਏਦਾਂ, ਮੁਸਾਫ਼ਰ ਹੋਣ ਨਾ ਦਿੱਤਾ।
ਰਹੇ ਨਿੱਕੇ ਜਿਹੇ ਜੇਤੂ, ਸਿਕੰਦਰ ਹੋਣ ਨਾ ਦਿੱਤਾ।

ਕਿਸੇ ਵਸਦੇ ਮੁਹੱਲੇ ਵਿਚ, ਬੁਰਾ ਹੈ ਮਕਬਰਾ ਹੋਣਾ,
ਵਸੇਬੇ ਦੀ ਇਸੇ ਬੰਦਿਸ਼ ਨੇ ਖੰਡਰ ਹੋਣ ਨਾ ਦਿੱਤਾ।

ਬੜਾ ਲਿਖਿਆ ਮੈਂ, ਤੈਥੋਂ ਦੂਰੀਆਂ ਦੇ ਦਰਦ ਨੂੰ ਮੁੜ-ਮੁੜ,
ਕਿਤੇ ਜੋ ਨੇੜਤਾ ਸੀ, ਉਸ ਨੂੰ ਅੱਖਰ ਹੋਣ ਨਾ ਦਿੱਤਾ।

ਹਮੇਸ਼ਾ ਮੇਰੀਆਂ ਪੈੜਾਂ ਤੋਂ ਰਸਤਾ ਵੇਖਿਆ ਉਸ ਨੇ,
ਮੈਂ ਉਸ ਦੇ ਨਾਲ਼ ਤਾਂ ਤੁਰਿਆ, ਬਰਾਬਰ ਹੋਣ ਨਾ ਦਿੱਤਾ।

ਨਹੀਂ ਜੇ ਦਾਗ਼ ਮੇਰੇ ’ਤੇ, ਤਾਂ ਇਸ ਦੀ ਇਕ ਵਜ੍ਹਾ ਵੀ ਹੈ,
ਮੈਂ ਆਪਣੇ ਆਪ ਨੂੰ ਇਕ ਛਿਣ ਵੀ ਚਾਦਰ ਹੋਣ ਨਾ ਦਿੱਤਾ।

ਕਿਤੇ ਅਗਲੇ ਦਿਨਾਂ ਦੇ ਬੀਜ ਸਾਹ ਲੈਂਦੇ ਸੀ ਉਸ ਅੰਦਰ,
ਇਸੇ ਵਿਸ਼ਵਾਸ ਨੇ ਮਿੱਟੀ ਨੂੰ ਪੱਥਰ ਹੋਣ ਨਾ ਦਿੱਤਾ।

## – 3 –

ਜ਼ਾਬਤਿਆਂ ਦੀ ਇਹ ਗਲਵੱਕੜੀ, ਖੋਲ੍ਹਣ ਨੂੰ ਦਿਲ ਕਰਦਾ ਹੈ।
ਥਿਰ ਹੋ ਚੱਲੀ ਕਾਇਆ ਦਾ, ਫਿਰ ਡੋਲਣ ਨੂੰ ਦਿਲ ਕਰਦਾ ਹੈ।

ਜਿਸ ਦੇ ਕੋਲੋਂ, ਹੱਥ ਛੁਡਾ ਕੇ, ਖ਼ੁਦ ਕੋਲੋਂ ਵੀ ਵਿਛੜੇ ਹਾਂ,
ਅਪਣੇ ਅੰਦਰਲਾ ਉਹ ਬੰਦਾ, ਟੋਲਣ ਨੂੰ ਦਿਲ ਕਰਦਾ ਹੈ।

ਰੋਟੀ, ਰੀਝਾਂ, ਰਿਸ਼ਤੇ, ਜਿਸ ਥਾਂ ਰਾਹ ਨਾ ਰੋਕਣ ਬੋਲਾਂ ਦਾ,
ਐਸੀ ਖੁੱਲ੍ਹੀ ਥਾਂ ’ਤੇ ਜਾ ਕੇ ਬੋਲਣ ਨੂੰ ਦਿਲ ਕਰਦਾ ਹੈ।

ਤੇਜ਼ ਹਵਾ ਹੈ, ਅੰਨ੍ਹੀ ਬਾਰਿਸ਼, ਤੇ ਘਰ ਵੀ ਹੈ ਸ਼ੀਸ਼ੇ ਦਾ,
ਮਨ ਦੀ ਹਾਲਤ ਵੇਖੋ, ਬੂਹੇ ਖੋਲ੍ਹਣ ਨੂੰ ਦਿਲ ਕਰਦਾ ਹੈ।

ਨੱਚਣਾ ਤਾਂ ਕੀ, ਪਹਿਨ ਕੇ ਜਿਸ ਨੂੰ ਵਰਜਿਤ ਹੋਇਆ ਤੁਰਨਾ ਵੀ,
ਪਾਜ਼ੇਬਾਂ ਦਾ ਮਹਿੰਗਾ ਜੋੜਾ, ਖੋਲ੍ਹਣ ਨੂੰ ਦਿਲ ਕਰਦਾ ਹੈ।

## – 4 –

ਕਿਤਾਬਾਂ ਵਰਗਿਆਂ ਲੋਕਾਂ ਨੂੰ ਖ਼ੁਦ ਵਿਚ ਜੋੜ ਲੈਂਦਾ ਹਾਂ।
ਮਿਲੇ ਗਹਿਰਾ ਕਿਤੇ ਲਿਖਿਆ, ਤਾਂ ਵਰਕਾ ਮੋੜ ਲੈਂਦਾ ਹਾਂ।

ਜੇ ਖੁੱਲ੍ਹੇ ਜਾਣ ਦੇਵਾਂ, ਜਾਣਗੇ ਤੇਰੀ ਤਰਫ਼ ਸਾਰੇ,
ਅਜੇ ਕੁਝ ਰਸਤਿਆਂ ਨੂੰ ਆਪਣੇ ਵੱਲ ਮੋੜ ਲੈਂਦਾ ਹਾਂ।

ਦੁਆ ਦਿੰਦਾ ਹਾਂ ਜਿਸ ਅੰਬਰ ਨੂੰ ਪੂਰਨਮਾਸ਼ੀਆਂ ਵਾਲੀ,
ਮੈਂ ਉਸ ਦੀ ਰਾਤ 'ਚੋਂ ਹਰ ਰੋਜ਼ ਤਾਰੇ ਤੋੜ ਲੈਂਦਾ ਹਾਂ।

ਵਹਾ ਦਿੰਦਾ ਹਾਂ ਫੁੱਲਾਂ ਵਾਂਗ, ਜੋ ਮੇਰੇ ਨਹੀਂ ਰਹਿੰਦੇ,
ਵਿਦਾਈ ਬਾਅਦ, ਫਿਰ ਪਾਣੀ ਪਿਛਾਂਹ ਨੂੰ ਮੋੜ ਲੈਂਦਾ ਹਾਂ।

ਮੈਂ ਆਪਣੀ ਨੀਂਦ ਵਿਚ ਵੀ ਜਾਗਦਾ ਰਹਿਨਾਂ ਕਿਸੇ ਥਾਂ ਤੋਂ,
ਜਦੋਂ ਸੱਚ ਹੋਣ ਨੂੰ ਆਵੇ, ਤਾਂ ਸੁਪਨਾ ਤੋੜ ਲੈਂਦਾ ਹਾਂ।

## ਡਾ. ਬਰਜਿੰਦਰ ਚੌਹਾਨ

### - 1 -

ਸਬਰ ਦੇ ਬਿਨ ਹੋਰ ਚਾਰਾ ਵੀ ਨਹੀਂ।
ਸਬਰ ਕਰ ਕੇ ਪਰ ਗੁਜ਼ਾਰਾ ਵੀ ਨਹੀਂ।

ਇਸ਼ਤਿਹਾਰਾਂ ਵਿਚ ਤਾਂ ਆਈ ਹੈ ਬਹਾਰ,
ਬਾਗ਼ ਵਿਚ ਇਸਦਾ ਇਸ਼ਾਰਾ ਵੀ ਨਹੀਂ।

ਹਿਜਰ ਨੇ ਮੈਨੂੰ ਜਿਵੇਂ ਹੈ ਚੀਰਿਆ,
ਚੀਰਦਾ ਰੁੱਖਾਂ ਨੂੰ ਆਰਾ ਵੀ ਨਹੀਂ।

ਹੋਰ ਦਾਅਵੇਦਾਰ ਨੇ ਮੇਰੇ ਕਈ,
ਮੈਂ ਤੇਰੇ ਹਿੱਸੇ ’ਚ ਸਾਰਾ ਵੀ ਨਹੀਂ।

ਜ਼ਾਬਤੇ ਹੁੰਦੇ ਨੇ ਨਦੀਆਂ ਵਾਸਤੇ,
ਪਿਆਸ ਦਾ ਕੋਈ ਕਿਨਾਰਾ ਵੀ ਨਹੀਂ।

ਸਾਫ਼ ਕਰ ਦਿੱਤਾ ਬੜਾ ਕੁਝ ਵਕਤ ਨੇ,
ਦਿਲ ’ਚ ਹੁਣ ਬਹੁਤਾ ਖਿਲਾਰਾ ਵੀ ਨਹੀਂ।

## - 2 -

ਵਕਤ ਦਾ ਹਰ ਇਕ ਸਿਤਮ ਹੱਸ ਕੇ ਸਹਾਰਨ ਵਾਸਤੇ।
ਨਾਮ ਲੈਂਦੇ ਨੇ ਮੇਰਾ ਲੋਕੀ ਉਦਾਹਰਨ ਵਾਸਤੇ।

ਇਹ ਵੀ ਕਾਹਦੀ ਜ਼ਿੰਦਗੀ ਹੋਈ ਕਿ ਸਾਹ ਚਲਦਾ ਰਹੇ,
ਸਿਰਫ਼ ਪਿਛਲੇ ਜਨਮ ਦਾ ਕਰਜ਼ਾ ਉਤਾਰਨ ਵਾਸਤੇ।

ਸੌ ਵਸੀਲੇ ਮੇਰੇ ਤਪਦੇ ਜਿਸਮ ਨੂੰ ਹਾਸਲ ਨੇ, ਪਰ,
ਕਿਸ ਨਦੀ ਵਿਚ ਛਾਲ਼ ਮਾਰਾਂ ਰੂਹ ਨੂੰ ਠਾਰਨ ਵਾਸਤੇ।

ਹਾਸਿਆਂ ਪਿੱਛੇ ਖ਼ੁਸ਼ੀ ਹੋਵੇ ਜ਼ਰੂਰੀ ਤਾਂ ਨਹੀਂ,
ਬਸ ਹੁਨਰ ਦੀ ਲੋੜ ਹੈ ਇਹ ਸਾਂਗ ਧਾਰਨ ਵਾਸਤੇ।

ਦੇਖਿਆ ਤਾਂ ਦੂਰ ਤਕ ਕੋਈ ਨਹੀਂ ਆਇਆ ਨਜ਼ਰ,
ਸੋਚਿਆ ਜਦ ਵੀ ਕਦੇ ਖ਼ੁਦ ਨੂੰ ਪੁਕਾਰਨ ਵਾਸਤੇ।

ਚੇਤਿਆਂ ’ਚੋਂ ਬਸ ਉਹੀ ਇਕ ਨਾਮ ਨਾ ਮਿਟਿਆ ਕਦੇ,
ਸੋਚਿਆ ਮੁੜ ਮੁੜ ਕੇ ਮੈਂ ਜਿਸ ਨੂੰ ਵਿਸਾਰਨ ਵਾਸਤੇ।

## - 3 -

ਰਸਤਾ ਇਸ ਜ਼ਿੰਦਗੀ ਦਾ ਮੁਸ਼ਕਿਲ ਹੈ।
ਤੁਰਦੇ ਰਹਿਣਾ ਵੀ ਬੜਾ ਹਾਸਿਲ ਹੈ।

ਚੋਟ ਖਾ ਕੇ ਵੀ ਉਫ਼ ਨਹੀਂ ਕਰਦਾ,
ਕੌਣ ਮੇਰੇ 'ਚ ਏਨਾ ਬੁਜ਼ਦਿਲ ਹੈ।

ਅਕਲਾਂ ਵਾਲੇ ਉਦਾਸ ਰਹਿੰਦੇ ਨੇ,
ਏਥੇ ਖ਼ੁਸ਼ ਹੈ ਉਹੀ ਜੋ ਜਾਹਿਲ ਹੈ।

ਜਾਵਾਂ ਕਿੱਧਰ ਜੇ ਬਚ ਕੇ ਜਾਵਾਂ ਵੀ,
ਮੇਰੇ ਅੰਦਰ ਹੀ ਮੇਰਾ ਕਾਤਿਲ ਹੈ।

ਉਮਰ ਸਾਰੀ ਗਈ ਸਫ਼ਰ 'ਚ ਮੇਰੀ,
ਦੂਰ ਫਿਰ ਵੀ ਨਜ਼ਰ ਤੋਂ ਮੰਜ਼ਿਲ ਹੈ।

ਸਿਰਫ਼ ਹੰਝੂ ਹੀ ਨਹੀਂ ਇਸ 'ਚ ਮੇਰੇ,
ਸ਼ਾਇਰੀ ਵਿਚ ਲਹੂ ਵੀ ਸ਼ਾਮਿਲ ਹੈ।

## - 4 -

1947 ਨੂੰ ਯਾਦ ਕਰਦਿਆਂ

ਬੀਤੇ ਸਮਿਆਂ ਬਾਰੇ ਦਸਦਾ ਲੰਮੇ ਹਉਕੇ ਭਰਦਾ ਉਹ।
ਫੇਰ ਅਚਾਨਕ ਚੁੱਪ ਹੋ ਜਾਵੇ ਗੱਲਾਂ ਕਰਦਾ ਕਰਦਾ ਉਹ।

ਹਿਜਰਤ ਵੇਲੇ ਜਿੰਦਰੇ ਲਾ ਆਇਆ ਸੀ ਜਿਸ ਦੇ ਬੂਹਿਆਂ ਨੂੰ,
ਲੋਕਾਂ ਨੂੰ ਸਮਝਾਉਂਦਾ ਰਹਿੰਦਾ ਹੈ ਨਕਸ਼ਾ ਉਸ ਘਰ ਦਾ ਉਹ।

ਵਿਹਲ ਨਹੀਂ ਇਕ ਪਲ ਦੀ ਉਸਨੂੰ ਏਸੇ ਅਦਲਾ-ਬਦਲੀ ਤੋਂ,
ਸਾਰਾ ਦਿਨ ਯਾਦਾਂ ਨੂੰ ਚੁੱਕ ਕੇ ਏਧਰ-ਓਧਰ ਧਰਦਾ ਉਹ।

ਮਿੱਤਰ-ਬੇਲੀ ਰਿਸ਼ਤੇ-ਨਾਤੇ ਸਾਂਝ-ਮੁਹੱਬਤ ਅਪਣਾਪਨ,
ਨਿੱਘ ਇਨ੍ਹਾਂ ਦਾ ਚੇਤੇ ਕਰਕੇ ਸਿਖ਼ਰ ਦੁਪਹਿਰੇ ਠਰਦਾ ਉਹ।

ਜਿਸਮਾਂ ਨਾਲ ਜਦੋਂ ਰਾਹਾਂ ਵਿਚ ਰੂਹਾਂ ਵੀ ਜ਼ਖ਼ਮੀ ਹੋਈਆਂ,
ਹੁਣ ਵੀ ਰੋਵੇ ਹਾਲ ਸੁਣਾਉਂਦਾ ਅਪਣੇ ਓਸ ਸਫ਼ਰ ਦਾ ਉਹ।

ਨਾਮ ਖ਼ੁਦਾ ਦਾ ਲੈਂਦਾ ਰਹਿੰਦਾ ਉਠਦਾ-ਬਹਿੰਦਾ ਹਰ ਵੇਲੇ,
ਪਰ ਮਜ਼ਹਬ ਦੇ ਨਾਂ ਤੋਂ ਖ਼ੌਰੇ ਕਿਹੜੀ ਗੱਲੇ ਡਰਦਾ ਉਹ।

# ਡਾ. ਵਨੀਤਾ

## - 1 -

ਥਾਪ ਬਣ ਜਾਵਾਂ ਮੈਂ ਢੋਲਕ ਦੀ ਇਹ ਟੀਚਾ ਹੀ ਨਹੀਂ।
ਖ਼ੁਦ ਨੂੰ ਪਰਿਭਾਸ਼ਿਤ ਕਰਨ ਦੀ ਕੋਈ ਇੱਛਾ ਹੀ ਨਹੀਂ।

ਆਪਣੇ ਫੈਲਾਅ ਵਿਚਾਲੇ ਦੀ ਖ਼ਲਾ ਨੂੰ ਭਰਦਿਆਂ,
ਮੁਕਤ ਹੋ ਜਾਵਾਂ ਮੈਂ ਆਪੇ ਤੋਂ ਇਰਾਦਾ ਹੀ ਨਹੀਂ।

ਮੇਰੀ ਕੋਝੀ ਸੋਚ ਦੀ ਮਿੱਟੀ ਨੂੰ ਜਿਹੜਾ ਗੁੰਨ੍ਹ ਕੇ,
ਚਾਕ 'ਤੇ ਲੈ ਜਾਵੇ ਉਹ ਘੁਮਿਆਰ ਲੱਭਾ ਹੀ ਨਹੀਂ।

ਹਰ ਕਿਸੇ ਨੂੰ ਡਰ ਹੈ ਕਿ ਜ਼ਖ਼ਮੀ ਨਾ ਹੋ ਜਾਵੇ ਕਿਤੇ,
ਕੋਈ ਢਹਿੰਦੀ ਕੰਧ ਦੇ ਨੇੜੇ ਤੋਂ ਲੰਘਦਾ ਹੀ ਨਹੀਂ।

ਬੰਨ੍ਹ ਦਿੱਤੀ ਘੁੱਟ ਕੇ ਯਾਦਾਂ ਦੀ ਜਦ ਮੈਂ ਪੋਟਲੀ,
ਫਿਰ ਖ਼ਿਆਲ ਆਇਆ ਕਿ ਅਪਣੇ ਦਿਲ ਤੋਂ ਪੁੱਛਿਆ ਹੀ ਨਹੀਂ।

## – 2 –

ਇਸਦਾ ਚਰਚਾ ਤਾਂ ਬਥੇਰਾ ਹੋ ਗਿਆ।
ਮੈਂ ਕਿਵੇਂ ਆਖਾਂ ਸਵੇਰਾ ਹੋ ਗਿਆ।

ਆ ਗਈ ਲਫ਼ਜ਼ਾਂ 'ਚ ਮੇਰੇ ਰੌਸ਼ਨੀ,
ਹੋਇਆ ਕੀ ਜੇਕਰ ਹਨ੍ਹੇਰਾ ਹੋ ਗਿਆ।

ਆਜ਼ਮਾਇਆ ਵਕਤ ਨੇ ਕੁਝ ਇਸ ਤਰ੍ਹਾਂ,
ਹੋਰ ਵੱਡਾ ਸਾਡਾ ਜੇਰਾ ਹੋ ਗਿਆ।

ਮੇਰੀਆਂ ਸੱਧਰਾਂ ਦਾ ਮੇਰੀ ਉਮਰ ਤੋਂ,
ਜਾਪਦਾ ਹੈ ਵੱਡਾ ਘੇਰਾ ਹੋ ਗਿਆ।

ਹਰ ਕਿਸੇ ਦੇ ਹੱਥ ਵਿਚ ਹੁਣ ਬੀਨ ਹੈ,
ਹਰ ਕੋਈ ਹੁਣ ਤਾਂ ਸਪੇਰਾ ਹੋ ਗਿਆ।

# ਸਤੀਸ਼ ਗੁਲਾਟੀ

## - 1 -

ਰੋਟੀ ਰੋਜ਼ੀ ਦੇ ਚੱਕਰ ਜਦ ਸੋਚਾਂ ਦੇ ਵਿਚ ਫੈਲ ਗਏ।
ਫੇਰ ਆਰੀਅਨ ਸਫ਼ਰ ’ਤੇ ਨਿਕਲੇ ਮੁਲਕਾਂ ਦੇ ਵਿਚ ਫੈਲ ਗਏ।

ਉਹਨਾਂ ਦੀ ਮੰਸ਼ਾ ਸੀ ਸੂਬਾ ਟੁਕੜੇ ਟੁਕੜੇ ਕਰ ਦੇਵੋ,
ਇਹ ਸਾਡੀ ਹਿੰਮਤ ਹੈ, ਪੂਰੀ ਦੁਨੀਆ ਦੇ ਵਿਚ ਫੈਲ ਗਏ।

ਧੁੱਪ ਦਾ ਮਨ ਕੀਤਾ ਸੀ ਕਿ ਉਹ ਪੀਂਘ ਚੜ੍ਹਾਵੇ ਅਸਮਾਨੀ,
ਵਰਖਾ ਦੇ ਕਣ ਹਸ ਹਸ ਕੇ ਸਤ ਰੰਗਾਂ ਦੇ ਵਿਚ ਫੈਲ ਗਏ।

ਇਕ ਹੰਝੂ ਦੀ ਦਰਦ ਕਹਾਣੀ ਕੀ ਲਿਖਣੀ ਸੀ ਉਸ ਵੇਲੇ,
ਸੱਤ ਸਮੁੰਦਰ, ਦਰਿਆ, ਝਰਨੇ, ਅੱਖਾਂ ਦੇ ਵਿਚ ਫੈਲ ਗਏ।

ਮਾਂ ਦੇ ਫ਼ਿਕਰਾਂ ਦੀ ਪੰਡ ਸਾਰੀ ਝੁਰੀਆਂ ਦੇ ਵਿੱਚ ਫੈਲ ਗਈ,
ਧੀ ਦੇ ਸਾਰੇ ਸੁਪਨੇ ਵੀਣੀ, ਵੰਗਾਂ ਦੇ ਵਿੱਚ ਫੈਲ ਗਏ।

## – 2 –

ਉਹ ਫੁੱਟਦੇ ਪੱਤਿਆਂ ਨੂੰ ਲੋਰੀਆਂ ਦੀ ਝੋਲ ਦਿੰਦੀ ਹੈ।
ਚਿੜੀ ਜਦ ਫੜ੍ਹ ਫੜਾਕੇ ਆਪਣੇ ਪਰ ਤੋਲ ਦਿੰਦੀ ਹੈ।

ਕੋਈ ਸਮਝੇ ਨਾ ਸਮਝੇ ਪਰ ਅਮੂਮਨ ਬੋਲ ਦਿੰਦੀ ਹੈ।
ਕਿ ਇਹ ਆਕਾਸ਼ ਗੰਗਾ ਅਪਣਾ ਆਪਾ ਫੋਲ ਦਿੰਦੀ ਹੈ।

ਸ਼ਿਕਨ ਚਿਹਰੇ ਦੀ, ਧੀ ਦਾ ਫ਼ਿਕਰ, ਕੁਛ ਸ਼ਿਕਵੇ, ਗਿਲੇ, ਸ਼ੰਕੇ,
ਕਿ ਮਾਂ ਬੋਲੇ ਬਿਨਾਂ ਅੱਖਾਂ ’ਚੋਂ ਸਭ ਕੁਝ ਬੋਲ ਦਿੰਦੀ ਹੈ।

ਜਦੋਂ ਵੀ ਥੱਕਿਆ ਟੁੱਟਿਆ ਮੈਂ ਘਰ ਵਿੱਚ ਪੈਰ ਧਰਦਾ ਹਾਂ,
ਤਾਂ ਧੀ ਗਲਵੱਕੜੀ ਪਾ ਕੇ ਥਕੇਵਾਂ ਰੋਲ ਦਿੰਦੀ ਹੈ।

ਅਸੀਂ ਤਾਂ ਜਾਗਦੇ ਹੋਏ ਵੀ ਅੱਖਾਂ ਬੰਦ ਰੱਖਦੇ ਹਾਂ,
ਮੁਸੀਬਤ ਆਉਂਦੀ ਹੈ ਤੇ ਆ ਕੇ ਅੱਖਾਂ ਖੋਲ੍ਹ ਦਿੰਦੀ ਹੈ।

ਜੇ ਛੋਟੀ ਸੱਟ ਵੀ ਵੱਜੇ ਤਾਂ ਦਸ ਦਿੰਨਾ ਜ਼ਮਾਨੇ ਨੂੰ,
ਤੇ ਪਤਨੀ ਚੁਪ-ਚੁਪੀਤੇ ਆਪਣਾ ਦੁੱਖ ਫੋਲ ਦਿੰਦੀ ਹੈ।

ਕਦੋਂ ਤੜਪੀ, ਕਦੋਂ ਉਛਲੀ, ਕਦੋਂ ਸੁੱਕੀ ਕਦੋਂ ਤਰ ਸੀ,
ਨਦੀ ਪਾਣੀ ਦੇ ਅੱਗੇ ਦਰਦ ਸਾਰਾ ਫੋਲ ਦਿੰਦੀ ਹੈ।

## – 3 –

ਮੈਂ ਤੱਕਿਆ ਹੈ ਤੂੰ ਤੱਕਣਾ ਹੈ ਅੱਜ ਨਹੀਂ ਤਾਂ ਭਲਕੇ।
ਜਲ੍ਹਿਆਂਵਾਲਾ ਬਾਗ਼ ਦਿਸੂਗਾ ਸ਼ਕਲਾਂ ਬਦਲ ਬਦਲ ਕੇ।

ਮੇਰੇ ਸ਼ਹਿਰ 'ਚ ਵੀ ਅਣਹੋਣੀ ਹੋ ਸਕਦੀ ਹੈ ਰਾਤੀਂ,
ਤੇਰਾ ਸ਼ਹਿਰ ਵੀ ਇਕੋ ਰੰਗ 'ਚ ਰੰਗ ਸਕਦਾ ਹੈ ਭਲਕੇ।

ਜਾਂ ਤਾਂ ਸਾਹਾਂ ਦੇ ਵਿਚ ਚੁੱਪ-ਚੁਪੀਤੇ ਸ਼ਾਮਿਲ ਹੋ ਜਾ,
ਜਾਂ ਫਿਰ ਸ਼ੋਰ ਜਿਹਾ ਕੁਝ ਕਰਦੇ ਪੌਣਾਂ ਦੇ ਵਿਚ ਰਲਕੇ।

ਸਾਡੀ ਵੀ ਕੋਈ ਗੱਲ ਸੁਣ ਜਾਓ ਤੇਜ਼ ਦੌੜਦਿਓ ਲੋਕੋ,
ਰਸਤੇ ਦੇ ਵਿੱਚ ਹਾਕਾਂ ਮਾਰਨ ਚੁੱਪ-ਚੁਪੀਤੇ ਨਲ਼ਕੇ।

ਏਦਾਂ ਦਾ ਕੋਈ ਬੱਦਲ ਬਣਕੇ ਮਿੱਟੀ ਨੂੰ ਮਹਿਕਾ ਜਾ,
ਜਿੱਦਾਂ ਤ੍ਰੇਲ ਦੀਆਂ ਕੁਝ ਬੂੰਦਾਂ ਮਿਲਦੀਆਂ ਹਲਕੇ ਹਲਕੇ।

## – 4 –

ਹਰ ਯੁੱਗ ਅੰਦਰ ਅੱਥਰੂਆਂ ਦੇ ਸੋਮੇ ਸਨ।
ਪਹਿਲਾਂ ਵੀ ਤਾਂ ਤਾਰੇ ਟੁੱਟਦੇ ਰਹਿੰਦੇ ਸਨ।

ਹਰ ਯੁੱਗ ਵਿੱਚ ਬੰਦੇ ਨੂੰ ਜੀਣਾ ਆਉਂਦਾ ਸੀ,
ਹਰ ਯੁੱਗ ਕੋਲੇ ਜੀਵਨ ਲਈ ਕਲਪੁਰਜ਼ੇ ਸਨ।

ਨਿਊਟਨ ਦੀ ਹੀ ਅੱਖ ਨੇ ਭੇਤ ਨੂੰ ਸਮਝ ਲਿਆ,
ਸੇਬ ਤਾਂ ਉਸਤੋਂ ਪਹਿਲਾਂ ਪਹਿਲ ਵੀ ਡਿੱਗਦੇ ਸਨ।

ਪਹਿਲਾਂ ਵੀ ਤਾਂ ਆਫ਼ਤ ਆਉਂਦੀ ਰਹਿੰਦੀ ਸੀ,
ਪਹਿਲਾਂ ਵੀ ਦੁਨੀਆਂ ਵਿੱਚ ਰਾਹ-ਰੁਸ਼ਨੇਰੇ ਸਨ।

ਉਸਨੂੰ ਮਿਲ ਕੇ ਬਹੁਤ ਨਿਰਾਸ਼ਾ ਹੋਈ ਹੈ,
ਉਸਦੇ ਕੋਲੇ ਘੜੇ-ਘੜਾਏ ਫਿਕਰੇ ਸਨ।

ਉਹਨਾਂ ਦੇ ਘਰ ਵਿੱਚ ਵੀ ਨ੍ਹੇਰਾ ਫੈਲ ਰਿਹੈ,
ਜਿਨ੍ਹਾਂ ਦੇ ਘਰ ਵਿੱਚ ਸੁਣਿਐ ਬਹੁਤ ਉਜਾਲੇ ਸਨ।

ਪਹਿਲਾਂ ਵੀ ਸੰਗੀਤ ਗੂੰਜਦਾ ਰਹਿੰਦਾ ਸੀ,
ਪਹਿਲਾਂ ਵੀ ਤਾਂ ਸੁੱਖ-ਦੁੱਖ ਹੁੰਦੇ ਰਹਿੰਦੇ ਸਨ।

## ਸੁਖਵਿੰਦਰ ਅਮ੍ਰਿਤ

**- 1 -**

ਕਿਉਂ ਨਾ ਕਰੀਏ ਤਬਸਰੇ ਇਸ ਤੋਤਾ-ਚਸ਼ਮ ਨਿਜ਼ਾਮ 'ਤੇ।
ਜ਼ਹਿਰ ਹੀ ਦਿੰਦਾ ਹੈ ਜਿਹੜਾ ਜ਼ਿੰਦਗੀ ਦੇ ਨਾਮ 'ਤੇ।

ਲੰਘ ਜਾਂਦੇ ਜਗਮਗਾਉਂਦੇ ਰੱਥ ਹਵਾ ਨੂੰ ਚੀਰਦੇ,
ਹੋਰ ਗੂੜ੍ਹੀ ਰਾਤ ਪੈ ਜਾਂਦੀ ਹੈ ਕੁੱਲ ਅਵਾਮ 'ਤੇ।

ਸਾਡਿਆਂ ਰਾਹਾਂ 'ਚੋਂ ਗ਼ੁਰਬਤ ਦਾ ਹਨੇਰਾ ਨਾ ਗਿਆ,
ਦੀਪ ਤਾਂ ਬਾਲ਼ੇ ਅਸੀਂ ਵੀ ਰਹਿਬਰਾਂ ਦੇ ਪੈਗ਼ਾਮ 'ਤੇ।

ਰੁਲ ਰਹੇ ਵਾਰਸ ਅਸਾਡੇ ਕਿਉਂ ਬਗ਼ਾਨੀ ਖ਼ਾਕ ਵਿਚ,
ਐ ਵਤਨ, ਵਾਰੇ ਅਸੀਂ ਤਾਂ ਸਿਰ ਵੀ ਤੇਰੇ ਨਾਮ 'ਤੇ।

ਸੜਿਆ ਜੰਗਲ ਅੱਗ ਨੂੰ ਜਿੱਥੇ ਕਟਹਿਰੇ ਚਾੜ੍ਹਦਾ,
ਆ ਗਿਆ ਹੈ ਕਾਫ਼ਲਾ ਸਾਡਾ ਵੀ ਮੁਕਾਮ 'ਤੇ।

## - 2 -

ਲਿਖਦੀ ਸੀ ਚੰਨ ਤਾਰੇ ਜੋ ਧਰਤੀ ਨੂੰ ਪੋਚ ਕੇ।
ਖਾ ਹੀ ਗਏ ਉਸ ਕੂੰਜ ਨੂੰ ਉਹ ਸ਼ਿਕਰੇ ਨੋਚ ਕੇ।

ਪਾਇਓ ਧਮਾਲ ਜ਼ਿੰਦਗੀ ਦੇ ਵਿਹੜਿਆਂ ’ਚ ਪਰ,
ਰਾਹਾਂ ’ਚ ਪੈਰ ਧਰਿਓ ਨੀ ਧੀਓ ਬੋਚ ਬੋਚ ਕੇ।

ਮਿਲ ਜਾਂਦੇ ਰਸਤਿਆਂ ’ਚ ਕੁਝ ਐਸੇ ਵੀ ਮਿਹਰਬਾਨ,
ਅੱਖੀਆਂ ਚੋਂ ਕੱਢ ਲੈਂਦੇ ਜੋ ਸੁਪਨੇ ਖਰੋਚ ਕੇ।

ਰਾਹਾਂ ’ਚ ਜਾ ਕੇ ਧੂੜ ਹੀ ਰਾਹਾਂ ਦੀ ਹੋ ਗਿਆ,
ਘਰ ਤੋਂ ਮੁਸਾਫ਼ਰ ਨਿਕਲਿਆ ਸੀ ਕੀ ਕੀ ਸੋਚ ਕੇ।

ਪੁੱਤਰ ਤਾਂ ਤੇਰੇ ਧਰਤੀਏ ਨੀ ਕਮਾਲ ਕਰ ਰਹੇ,
ਨਕਸ਼ੇ ਬਣਾ ਰਹੇ ਨੇ ਤੇਰੇ ਨਕਸ਼ ਨੋਚ ਕੇ।

## - 3 -

ਪਰਾਂ ਵਿਚ ਹੋਣ ਪਰਵਾਜ਼ਾਂ ਤਾਂ ਅੰਬਰ ਮਿਲ ਹੀ ਜਾਂਦੇ ਨੇ।
ਨੀ ਕੁੜੀਓ ਵਗਦੀਆਂ ਨਦੀਆਂ ਨੂੰ ਸਾਗਰ ਮਿਲ ਹੀ ਜਾਂਦੇ ਨੇ।

ਜੇ ਤਾਰੇ ਤੋੜਨੇ ਤਾਂ ਡਰ ਨਾ ਜਾਇਓ ਠੋ੍ਕਰਾਂ ਕੋਲੋਂ,
ਨੀ ਅੜੀਓ ਰਸਤਿਆਂ ਵਿਚ ਰੋੜ ਪੱਥਰ ਮਿਲ ਹੀ ਜਾਂਦੇ ਨੇ।

ਦੁਆਪਰ ਦਾ ਉਹ ਹੋਵੇ ਕੰਸ ਜਾਂ ਰਾਵਣ ਤ੍ਰੇਤੇ ਦਾ,
ਕਿ ਹਰ ਇਕ ਯੁਗ ’ਚ ਨਾਰੀ ਨੂੰ ਇਹ ਨਸ਼ਤਰ ਮਿਲ ਹੀ ਜਾਂਦੇ ਨੇ।

ਉਨ੍ਹਾਂ ਰਾਹਾਂ ’ਚੋਂ ਹੁਣ ਵੀ ਲੰਘੀਏ ਤਾਂ ਰੁਦਨ ਸੁਣਦਾ ਹੈ,
ਉਹ ਪੰਚਾਲੀ ਦੇ ਰੁਲ਼ਦੇ ਕੇਸ ਵਸਤਰ ਮਿਲ ਹੀ ਜਾਂਦੇ ਨੇ।

ਕਿਤੇ ਨਿਰਭੈ ਦੀਆਂ ਚੀਕਾਂ ਕਿਤੇ ਕੋਈ ਆਸਿਫ਼ਾ ਵਿਲਕੇ,
ਮੇਰੀ ਇਸ ਦੇਵਭੂਮੀ ’ਤੇ ਇਹ ਮੰਜ਼ਰ ਮਿਲ ਹੀ ਜਾਂਦੇ ਨੇ।

ਤੁਸੀਂ ਦੁਰਗਾ ਤੋਂ ਬਲ ਮੰਗਿਉ ਤੇ ਵਿੱਦਿਆ ਸਰਸਵਤੀ ਕੋਲੋਂ,
ਜੇ ਕਰੀਏ ਸਾਧਨਾ ਇਹ ਦੈਵੀ ਅਸਤਰ ਮਿਲ ਹੀ ਜਾਂਦੇ ਨੇ।

## – 4 –

ਕਲੇਜੇ ਤੀਰ ਵੇਖਣ ਨੂੰ ਤੇ ਸਿਰ ’ਤੇ ਤਾਜ ਵੇਖਣ ਨੂੰ।
ਜ਼ਮਾਨਾ ਰੁਕ ਗਿਆ ਤੇਰਾ ਉਹੀ ਅੰਦਾਜ਼ ਵੇਖਣ ਨੂੰ।

ਤੂੰ ਅਪਣੀ ਰਾਖ਼ ’ਚੋਂ ਕੁਕਨੂਸ ਵਾਂਗੂੰ ਫਿਰ ਉਦੈ ਹੋ ਜਾ,
ਬੜੀ ਬੇਤਾਬ ਹੈ ਦੁਨੀਆ ਤੇਰੀ ਪਰਵਾਜ਼ ਵੇਖਣ ਨੂੰ।

ਨੀ ਜਾਨੇ ਉੱਠ ਜ਼ਰਾ ਤੇ ਫਿਰ ਉਹੀ ਤੇਵਰ ਵਖਾ ਅਪਣੇ,
ਕਿ ਅੱਖਾਂ ਤਰਸੀਆਂ ਪਈਆਂ ਨੇ ਤੇਰੇ ਨਾਜ਼ ਵੇਖਣ ਨੂੰ।

ਸਜਾ ਕੇ ਰੱਖ ਲੈ ਕੁੜੀਏ ਨੀ ਜਜ਼ਬੇ ਹੀਰਿਆਂ ਵਰਗੇ,
ਸ਼ਰੀਕਾ ਆਊਗਾ ਤੇਰਾ ਸੁਹੰਢਣਾ ਦਾਜ ਵੇਖਣ ਨੂੰ।

ਜੇ ਮੁੱਦਾ ਹੱਕ ਦਾ ਹੋਇਆ ਤਾਂ ਤੀਰਾਂ ਵਾਂਗ ਟੱਕਰਾਂਗੇ,
ਅਸੀਂ ਬੈਠੇ ਨਹੀਂ ਹਾਂ ਸਿਰ ’ਤੇ ਉੱਡਦੇ ਬਾਜ਼ ਵੇਖਣ ਨੂੰ।

# ਜਗਤਾਰ ਸੇਖਾ

**– 1 –**

ਰੀਝ ਹੈ ਦਿਲ ਦੀ ਕਿ ਆਪਣੀ ਹੀਰ ਲਈ ਰਾਂਝਣ ਬਣਾਂ।
ਭਾਵਨਾ ਇਹ ਵੀ ਹੈ ਕਿ ਮੈਂ ਮਾਂ ਲਈ ਸਰਵਣ ਬਣਾਂ।

ਇੱਕ ਮਹਾਂਭਾਰਤ ਮੇਰੇ ਅੰਦਰ ਤੇ ਬਾਹਰ ਫੈਲਿਐ,
ਖ਼ੁਦ ਹੀ ਦੁਰਯੋਧਨ, ਕਦੇ ਭੀਸ਼ਮ, ਕਦੇ ਅਰਜਣ ਬਣਾਂ।

ਲਾਲਸਾ ਇਹ ਵੀ ਕਿ ਹਾਸਲ ਕਰ ਲਵਾਂ ਕੋਈ ਸਥਾਨ,
ਇਹ ਵੀ ਖ਼ਾਹਿਸ਼ ਨਿੱਤ ਨਵੇਂ ਰਾਹਾਂ ਲਈ ਭਟਕਣ ਬਣਾਂ।

ਕਿਸ ਤਰ੍ਹਾਂ ਦੇ ਨਾਚ ਹਰ ਦਿਨ ਹੀ ਨਚਾਉਂਦੀ ਜ਼ਿੰਦਗੀ,
ਇੱਕ ਪਲ ਨੇਰ੍ਹਾ ਅਤੇ ਦੂਜੇ ਹੀ ਪਲ ਚਾਨਣ ਬਣਾਂ।

ਜੀਅ ਤਾਂ ਕਰਦੈ ਆਪਣੀ ਮੈਂ ਹਰ ਹਕੀਕਤ ਜੀ ਲਵਾਂ,
ਰਾਮ ਵੀ ਹੋਵਾਂ ਅਤੇ ਕੁਝ ਪਲ, ਕਦੇ ਰਾਵਣ ਬਣਾਂ।

ਕਰ ਰਿਹਾ ਹਾਂ ਮੈਂ ਸਮਾਜ ਅੰਦਰ ਭਲਾ ਕੈਸਾ ਸਫ਼ਰ,
ਨਿੱਤ ਕੋਈ ਸੁਲਝਾ ਕੇ ਉਲਝਣ, ਖ਼ੁਦ ਹੀ ਫਿਰ ਉਲਝਣ ਬਣਾ।

ਮੁੱਲ ਕੋਈ ਵੀ ਨਾ ਪਵੇ ਭਾਵੇਂ ਕਿਸੇ ਬਜ਼ਾਰ ਵਿੱਚ,
ਜ਼ਿੰਦਗੀ ਮੇਰੀ ਤਾਂ ਕੋਸ਼ਿਸ਼ ਹੈ ਤੇਰੀ ਧੜਕਣ ਬਣਾਂ।

ਦੌਰ ਇਹ ਹੈ ਜ਼ਿੰਦਗੀ ਮਾਰੂਥਲਾਂ ਵਰਗੀ ਮੇਰੀ,
ਲੋਚਦਾ ਇਹ ਹਾਂ ਤੇਰੀ ਹਰ ਪਿਆਸ ਲਈ ਸਾਵਣ ਬਣਾਂ।

## – 2 –

ਫੇਰ ਕੀ ਹੈ ਜੇ ਮੈਂ ਬੁਰਾ ਹੋਇਆ।
ਚੱਲ ਸ਼ਰਾਫ਼ਤ 'ਚੋ ਤਾਂ ਰਿਹਾਅ ਹੋਇਆ।

ਆਦਮੀ ਆਦਮੀ ਰਹੇ ਕੀਕਣ,
ਇਮਤਿਹਾਨਾਂ ਦਾ ਘੇਰਿਆ ਹੋਇਆ।

ਜ਼ਿੰਦਗੀ ਨਾਲ ਕੀ ਵਫ਼ਾ ਪਾਲੀ,
ਸਾਰੀ ਦੁਨੀਆਂ 'ਚ ਬੇਵਫ਼ਾ ਹੋਇਆ।

ਧਰਤ ਆਪਣੀ ਦਾ ਹੋ ਨਾ ਸਕਿਆ ਮੈਂ,
ਕੋਈ ਅੰਬਰ ਨਹੀਂ ਮੇਰਾ ਹੋਇਆ।

ਮੈਂ ਗੁਨਾਹਾਂ 'ਚੋਂ ਵੀ ਗੁਜ਼ਰਿਆ ਹਾਂ,
ਜ਼ਿੰਦਗੀ ਤੈਨੂੰ ਭਾਲਦਾ ਹੋਇਆ।

ਜੰਗਲਾ ਦੀ ਜਦੋਂ ਫਿਜ਼ਾ ਮਾਣੀ,
ਸ਼ਹਿਰ ਮੇਰੇ ਲਈ ਸਜ਼ਾ ਹੋਇਆ।

ਰੌਸ਼ਨੀ ਨੂੰ ਵੀ ਮਾਨਣਾ ਚਾਹਾਂ,
ਮਨ 'ਚ ਨ੍ਹੇਰਾ ਵੀ ਸਾਂਭਿਆ ਹੋਇਆ।

ਕੋਈ ਪਲ ਦੇ ਗਿਆ ਖ਼ਤਾ ਮੈਨੂੰ
ਵਕਤ ਸਾਰਾ ਹੀ ਹੁਣ ਸਜ਼ਾ ਹੋਇਆ।

ਜੋ ਮੇਰੇ ਜੀਣ ਵਾਸਤੇ ਜੀਵਨ,
ਕਿਉਂ ਨਹੀਂ ਉਹ ਕਦੀ ਮੇਰਾ ਹੋਇਆ।

ਇਸ ਤਰ੍ਹਾਂ ਵਕਤ ਆ ਰਿਹਾ ਹੈ ਜਿਵੇਂ
ਹੋਵੇ ਪਹਿਲਾਂ ਹੀ ਬੀਤਿਆ ਹੋਇਆ।

## – 3 –

ਸ਼ਹਿਰਾਂ ਦਾ ਏਸ ਹੱਦ ਤੱਕ ਵਿਸਥਾਰ ਹੋ ਗਿਆ ਹੈ।
ਹੁਣ ਤਾਂ ਹਰੇਕ ਘਰ ਹੀ ਬਾਜ਼ਾਰ ਹੋ ਗਿਆ ਹੈ।

ਮਿਲਦਾ ਹੈ ਸ਼ਹਿਰ ਅੰਦਰ ਸਤਿਕਾਰ ਓਸ ਨੂੰ ਹੀ,
ਖ਼ੁਦ ਵਿਕਣ ਵਾਸਤੇ ਜੋ ਤੈਯਾਰ ਹੋ ਗਿਆ ਹੈ।

ਈਮਾਨ ਵੇਚਕੇ ਮੈਂ ਕੁਝ ਉਮਰ ਕੀ ਖ਼ਰੀਦੀ,
ਹੁਣ ਜ਼ਿੰਦਗੀ ਨੂੰ ਮਿਲਣਾ ਦੁਸ਼ਵਾਰ ਹੋ ਗਿਆ ਹੈ।

ਇਹ ਵੀ ਤਾਂ ਪਿਆਸ ਦੀ ਹੀ ਇਕ ਸਿਰਜਣਾ ਹੈ ਯਾਰੋ,
ਨਦੀਆਂ ਲਈ ਜੋ ਏਨਾ ਸਤਿਕਾਰ ਹੋ ਗਿਆ ਹੈ।

ਸੰਗੀਤ ਦੇ ਪਰਾਂ ’ਤੇ ਉਡਿਆ ਮੈਂ ਗੀਤ ਬਣਕੇ,
ਧੜਕਣ ਮੇਰੀ ਦਾ ਜਦ ਵੀ ਵਿਸਥਾਰ ਹੋ ਗਿਆ ਹੈ।

ਆਪਣੇ ਇਰਾਦਿਆਂ ਨੂੰ ਮੈਂ ਪਰ ਬਣਾ ਰਿਹਾ ਹਾਂ,
ਅੰਬਰ ਦੇ ਨਾਲ ਮੇਰਾ ਇਕਰਾਰ ਹੋ ਗਿਆ ਹੈ।

ਆਪਣੀ ਅਵਾਰਗੀ ਨੂੰ ਲੈ ਕੇ ਕਿਧਰ ਮੈਂ ਜਾਵਾਂ,
ਰਾਹਾਂ ਦੇ ਨਾਲ ਮੇਰਾ ਤਕਰਾਰ ਹੋ ਗਿਆ ਹੈ।

## - 4 -

ਕਾਸ਼ ਲੰਘ ਸਕਦੇ ਅਸੀਂ ਇਸਦੇ ਅਸਰ ਤੋਂ ਪਾਰ ਵੀ।
ਦਰਮਿਆਨ ਆਪਣੇ ਰਹੇ ਜੋ ਵਿਚਰਦਾ ਸੰਸਾਰ ਵੀ।

ਜਦ ਮੇਰੇ ਵਿੱਚ ਖਿੜਨ ਲਗਦੀ ਹੈ ਕਿਸੇ ਜਿੱਤ ਦੀ ਖ਼ੁਸ਼ੀ,
ਓਸ ਦੀ ਤਹਿ 'ਚੋਂ ਉਭਰ ਆਉਂਦੀ ਹੈ ਕੋਈ ਹਾਰ ਵੀ।

ਆਪਣੀ ਮਰਜ਼ੀ ਦੇ ਸੱਚ ਨੂੰ ਦੇ ਲਿਆ ਕਰ ਅਰਥ ਤੂੰ,
ਮਹਿਕਦੇ ਫੁੱਲ ਵੀ ਮੇਰੇ ਵਿੱਚ ਸੁਲਗਦੇ ਅੰਗਿਆਰ ਵੀ।

ਦੇ ਗਏ ਹਾਲਾਤ ਮੈਨੂੰ ਕਿਸ ਤਰ੍ਹਾਂ ਦੀ ਬੇਵਸੀ,
ਪੈ ਗਏ ਝੂਠੇ ਮੇਰੇ ਇਕਰਾਰ ਵੀ, ਇਨਕਾਰ ਵੀ।

ਸੁਲਗ ਉੱਠੀ ਫਿਰ ਮੇਰੀ ਨਸ-ਨਸ 'ਚ ਕਿਉਂ ਤੇਰੀ ਉਡੀਕ,
ਜਾਣਦਾ ਹਾਂ ਜਦ ਤੂੰ ਆ ਸਕਣਾ ਨਹੀਂ ਇਸ ਵਾਰ ਵੀ।

ਫ਼ੈਲਦਾ ਜਾਂਦੈ ਮੇਰੇ ਅੰਦਰ ਤੇ ਬਾਹਰ ਸ਼ਹਿਰ ਵੀ,
ਭਟਕਣਾ ਮੇਰੀ ਦਾ ਜੰਗਲ ਨਾਲ਼ ਹੈ ਇਕਰਾਰ ਵੀ।

ਆਪਣੀ ਕੋਈ ਹਕੀਕਤ ਜੀਣ ਖ਼ਾਤਿਰ, ਦੇਰ ਤੱਕ,
ਭਟਕਦਾ ਹਾਂ ਮੈਂ ਵਫ਼ਾ ਦੇ ਦਾਇਰਿਆਂ ਤੋਂ ਪਾਰ ਵੀ।

ਭਰ ਗਿਆ ਮੇਰੇ 'ਚ ਦੁਨੀਆਂ ਦਾ ਚਲਨ ਕੁਝ ਇਸ ਤਰ੍ਹਾਂ,
ਆਪਣਾ ਕਿੱਥੇ ਰਿਹਾ ਹੁਣ ਆਪਣਾ ਕਿਰਦਾਰ ਵੀ।

# ਤ੍ਰੈਲੋਚਨ ਲੋਚੀ

**- 1 -**

ਸੁੱਕ ਨਾ ਕਿਧਰੇ ਜਾਣ ਇਹ ਸਰਵਰ ਸਾਂਭ ਲਵੋ।
ਸੋਹਣੇ ਸੋਹਣੇ ਦਿਲਕਸ਼ ਮੰਜ਼ਰ ਸਾਂਭ ਲਵੋ।

ਆਉਣ ਵਾਲੀਆਂ ਨਸਲਾਂ ’ਤੇ ਕੁਝ ਤਰਸ ਕਰੋ,
ਬਿਰਖ, ਬੂਟੜੇ, ਸਾਵੇ ਪੱਤਰ ਸਾਂਭ ਲਵੋ।

ਇਹਨਾਂ ਵਿੱਚ ਹੀ ਰਾਜ਼ ਰੌਸ਼ਨੀ ਦਾ ਛੁਪਿਐ,
ਜਿਓਣ ਜੋਗਿਓ ਪੈਂਤੀ ਅੱਖਰ ਸਾਂਭ ਲਵੋ।

ਚੰਨ, ਤਾਰਿਆਂ ਨੂੰ ਵੀ ਇੱਕ ਦਿਨ ਤਰਸੋਗੇ,
ਅਜੇ ਵਕਤ ਹੈ ਨੀਲਾ ਅੰਬਰ ਸਾਂਭ ਲਵੋ।

ਬਿਨਾਂ ਲਗਾਮੋਂ ਭੱਜਿਆ ਇਹ ਬਾਜ਼ਾਰ ਫਿਰੇ,
ਸੱਜਨੋ, ਆਪੋ ਆਪਣੀ ਚਾਦਰ ਸਾਂਭ ਲਵੋ।

ਉਹ ਵੀ ਜਿਓਂਦੇ ਜਾਗਦਿਆਂ ਵਿੱਚ ਹੋ ਜਾਊ,
ਲੋਚੀ ਦੇ ਬਸ ਚੰਦ ਕੁ ਅੱਖਰ ਸਾਂਭ ਲਵੋ।

## - 2 -

ਮੈਨੂੰ ਪਰਖਣ ਆਏ ਸੀ ਜੋ ਚਾਂਵਾਂ ਨਾਲ।
ਝੂੰਮਣ ਲੱਗੇ ਮੇਰੀਆਂ ਹੀ ਕਵਿਤਾਵਾਂ ਨਾਲ।

ਨਿੱਤ ਬੁਝਾਉਣ ਉਹ ਦੀਵੇ, ਮੈਂ ਫਿਰ ਬਾਲ ਦਿਆਂ,
ਅੱਜਕੱਲ੍ਹ ਮੇਰਾ ਇੱਟ ਖੜਿੱਕਾ 'ਵਾਂਵਾਂ ਨਾਲ।

ਤੇਰੀ ਥਾਲੀ ਵਿੱਚ ਹੀ ਚੁੰਝਾਂ ਮਾਰ ਗਏ,
ਕੀ ਖੱਟਿਆ ਤੂੰ ਯਾਰੀ ਲਾ ਕੇ ਕਾਂਵਾਂ ਨਾਲ।

ਭਰਮ ਹੈ ਤੇਰਾ, ਤੇਰੇ ਲਈ ਕੋਈ ਹੋਰ ਲੜੂ,
ਲੜਨਾ ਪੈਂਦਾ ਆਪਣੀਆਂ ਹੀ ਬਾਂਹਵਾਂ ਨਾਲ।

ਧੁੱਪਾਂ ਵਿੱਚ ਨਾ ਤੁਰਨਾ ਔਖਾ ਹੋ ਜਾਵੇ,
ਏਡਾ ਵੀ ਨਾ ਰਿਸ਼ਤਾ ਰੱਖੀਂ ਛਾਂਵਾਂ ਨਾਲ।

ਜਿੱਥੇ ਲੋਚੀ ਤੇਰੀਆਂ ਗ਼ਜ਼ਲਾਂ ਟਹਿਲਦੀਆਂ,
ਅੱਜਕੱਲ੍ਹ ਮੋਹ ਜਿਹਾ ਆਉਂਦੈ ਉਹਨਾਂ ਰਾਹਵਾਂ ਨਾਲ।

## - 3 -

ਪਲ ਦੀ ਪਲ ਉਸਨੇ ਕੀ ਪਾਈ ਝਾਤ ਸੀ।
ਮੇਰਿਆਂ ਕਦਮਾਂ 'ਚ ਕਾਇਨਾਤ ਸੀ।

ਨਾ ਬਿਰਖ ਨੱਚੇ ਨਾ ਫ਼ਸਲਾਂ ਝੂੰਮੀਆਂ,
ਕੇਹੜੀ ਰੁੱਤ ਦੀ ਇਹ ਭਲਾ ਬਰਸਾਤ ਸੀ।

ਸ਼ਹਿਰ 'ਚੋਂ ਨਾਗਾਂ ਨੇ ਤਾਂ ਭੱਜਣਾ ਹੀ ਸੀ,
ਬੰਦਿਆਂ ਵਿੱਚ ਜ਼ਹਿਰ ਦੀ ਬਹੁਤਾਤ ਸੀ।

ਉੱਠਕੇ ਬੂਹਾ ਕਿਸੇ ਨਾ ਖੋਲ੍ਹਿਆ,
ਮੁੜ ਗਈ ਦਰਵਾਜ਼ਿਓਂ ਪ੍ਰਭਾਤ ਸੀ।

ਜ਼ਹਿਰ ਦੇ ਪਿਆਲੇ ਤੋਂ 'ਲੋਚੀ' ਕਿਉਂ ਡਰੇਂ,
ਉਹ ਵੀ ਤਾਂ ਬੰਦਾ ਸੀ ਜੋ ਸੁਕਰਾਤ ਸੀ।

## – 4 –

ਹੋਵੇਗਾ ਇੱਕ ਦਿਨ ਇਹ ਆਖ਼ਰ ਹੋਵੇਗਾ।
ਧਰਤੀ ਦਾ ਹਰ ਸ਼ਖਸ ਬਰਾਬਰ ਹੋਵੇਗਾ।

ਇਹ ਨਾ ਸਮਝੀਂ ਡੁੱਬ ਗਿਆ, ਉਹ ਮੁੱਕ ਗਿਆ,
ਕੱਲ੍ਹ ਫਿਰ ਦੇਖੀਂ ਸੂਰਜ ਹਾਜ਼ਰ ਹੋਵੇਗਾ।

ਉਹ ਮਾਵਾਂ ਇੱਕ ਦਿਨ ਪਛਤਾਈਆਂ ਹੋਣਗੀਆਂ,
ਜਿਹਨਾਂ ਜੰਮਿਆ ਕੋਈ ਸਿਕੰਦਰ ਹੋਵੇਗਾ।

ਜਿਸਦੇ ਸੁਪਨ ਸਬੂਤੇ, ਸਿਦਕ ਸਲਾਮਤ ਹੈ,
ਇੱਕ ਦਿਨ ਉਸਦੇ ਪੈਰੀਂ ਅੰਬਰ ਹੋਵੇਗਾ।

ਤੈਨੂੰ 'ਲੋਚੀ' ਕਵੀ ਕਿਸੇ ਨੇ ਮੰਨਣਾ ਨਹੀਂ,
ਜੇ ਨਾ ਤੇਰੀ ਅੱਖ 'ਚ ਅੱਥਰ ਹੋਵੇਗਾ।

# ਮਨਜਿੰਦਰ ਸਿੰਘ ਧਨੋਆ

## - 1 -

ਤੱਕਿਆ ਸੀ ਰਾਤ ਭਰ ਮੈਂ ਸ਼ੋਖ ਮੰਜ਼ਰ ਚਾਨਣੀ ਦਾ।
ਉਤਰਿਆ ਸੀ ਰੇਤਲੀ ਧਰਤੀ ਤੇ ਅੰਬਰ ਚਾਨਣੀ ਦਾ।

ਦਹਿਕਦਾ ਸੂਰਜ ਜਦੋਂ ਮੈਂ ਪਾਣੀਆਂ ਵਿਚ ਡੋਬਿਆ ਸੀ,
ਜ਼ਿੰਦਗੀ ਦੇ ਰੂ-ਬ-ਰੂ ਸੀ ਇਕ ਸਮੁੰਦਰ ਚਾਨਣੀ ਦਾ।

ਇਸ਼ਕ ਨੇ ਕੀ ਛੂਹ ਲਿਆ ਏ ਅਜ਼ਲ ਤੋਂ ਜੰਮੇ ਲਹੂ ਨੂੰ,
ਰਾਗ ਬਣ ਕੇ ਲਹਿ ਗਿਆ ਸੀਨੇ ’ਚ ਖੰਜਰ ਚਾਨਣੀ ਦਾ।

ਟੁੱਟ ਕੇ ਜਾਂ ਖਿੰਡਿਆ ਮੈਂ ਦੂਰ ਤਕ ਫਿਰ ਨੂਰ ਹੀ ਸੀ,
ਦਰਦ ਇਕ ਲੁਕਿਆ ਪਿਆ ਸੀ ਦਿਲ ਦੇ ਅੰਦਰ ਚਾਨਣੀ ਦਾ।

ਅੱਗ ਪੀ ਕੇ ਵੰਡਦਾ ਹੈ ਫੁੱਲ ਨੂੰ ਬੂੰਦਾ ਸ਼ਬਨਮੀਂ,
ਚੰਨ ਵਰਗਾ ਕੌਣ ਹੋਵੇਗਾ ਪੈਗ਼ੰਬਰ ਚਾਨਣੀ ਦਾ।

## – 2 –

ਖ਼ੁਸ਼ਬੂ ਤੋਂ ਸੱਖਣੇ ਪਿਆਰਿਆਂ ਤੋਂ ਵਾਂਝੇ ਹਾਂ।
ਕਾਹਦੇ ਅਸਮਾਨ ਚੰਨ ਤਾਰਿਆਂ ਤੋਂ ਵਾਂਝੇ ਹਾਂ।

ਜ਼ਿੰਦਗੀ ਦੇ ਧੰਦਿਆਂ ’ਚ ਏਨੇ ਮਸਰੂਫ਼ ਹੋਏ,
ਨੈਣਾਂ ’ਚ ਬਹਾਰ ਹੈ ਨਜ਼ਾਰਿਆਂ ਤੋਂ ਵਾਂਝੇ ਹਾਂ।

ਪਾਣੀਆਂ ਤੇ ਤੁਰਦੇ ਆਂ ਅੰਬਰ ’ਚ ਉੱਡਦੇ ਹਾਂ,
ਅਸੀਂ ਹਾਂ ਉਹ ਤਾਰੂ ਜੋ ਕਿਨਾਰਿਆਂ ਤੋਂ ਵਾਂਝੇ ਹਾਂ।

ਅਸੀਂ ਹਾਂ ‘ਧਨੋਆ’ ਵਾਸੀ ਅੱਗ ਲੱਗੇ ਸ਼ਹਿਰ ਦੇ,
ਝੂਟਦੇ ਹਾਂ ਪੀਂਘ ਤੇ ਹੁਲਾਰਿਆਂ ਤੋਂ ਵਾਂਝੇ ਹਾਂ।

- 3 -

ਰਾਗ ਅੰਨ੍ਹੇ ਸ਼ਬਦ ਕਾਣੇ ਹੋ ਗਏ।
ਕਿਸ ਤਰ੍ਹਾਂ ਦੇ ਗੀਤ ਗਾਣੇ ਹੋ ਗਏ।

ਸ਼ਹਿਰ ਦਾ ਮੂੰਹ ਧੋ ਦਿਓ ਚਮਕਾ ਦਿਓ,
ਰੰਗ ਕੰਧਾਂ ਦੇ ਪੁਰਾਣੇ ਹੋ ਗਏ।

ਕਿੱਲ ਕਾਂਟੇ ਚੁਗਣ ਬੱਚੇ ਪੇਟ ਲਈ,
ਬਿਨ ਸਕੂਲਾਂ ਤੋਂ ਸਿਆਣੇ ਹੋ ਗਏ।

ਸੋਚ ਉਹਨਾਂ ਦੀ ਸਿਮਟਕੇ ਰਹਿ ਗਈ,
ਜਦ ਘਰਾਂ ਤੋਂ ਓਹ ਘਰਾਣੇ ਹੋ ਗਏ।

ਸ਼ੁਕਰੀਆ ਬਰਸਾਤ ਤੇਰਾ ਸ਼ੁਕਰੀਆ,
ਖਾਣ ਜੋਗੇ ਚਾਰ ਦਾਣੇ ਹੋ ਗਏ।

ਦੋ ਪੁੜਾਂ ਵਿਚਕਾਰ ਫਿਰ ਨਾ ਬੋਲਦੇ,
ਲੋਕ ਕਿਉਂ ਏਨੇ ਨਿਤਾਣੇ ਹੋ ਗਏ।

ਬਣ ਗਏ ਪੱਥਰ ਦਿਲੇ ਨੇ ਆਦਮੀ,
ਸ਼ੀਸ਼ਿਆਂ ਵਰਗੇ ਨੇ ਬਾਣੇ ਹੋ ਗਏ।

## – 4 –

ਮੈਂ ਤੇਰੀ ਮਹਿਕ ਨੂੰ ਇਕ ਨਾਮ ਤਕ ਲੈ ਆਇਆ ਹਾਂ।
ਕਿ ਆਪਣੇ ਇਸ਼ਕ ਨੂੰ ਅੰਜਾਮ ਤਕ ਲੈ ਆਇਆ ਹਾਂ।

ਉਹ ਜਿੱਥੇ ਹਾਰ ਕੇ ਵੀ ਆਦਮੀ ਖੁਸ਼ ਰਹਿੰਦਾ ਹੈ,
ਮੈਂ ਸਫ਼ਰ ਦਿਲ ਦਾ ਉਸ ਮੁਕਾਮ ਤਕ ਲੈ ਆਇਆ ਹਾਂ।

ਤੁਸੀਂ ਇਸ ਚਾਨਣੀ ਨੂੰ ਚੰਨ ਵਾਂਗੂੰ ਸਾਂਭ ਰੱਖਣਾ,
ਮੈਂ ਸੂਰਜ ਦੋਸਤੀ ਦਾ ਸ਼ਾਮ ਤੱਕ ਲੈ ਆਇਆ ਹਾਂ।

ਅਜੇ ਤੱਕ ਸੁਪਨ ਜਿਹੜੇ ਖ਼ਾਸ ਲੋਕੀਂ ਪਾਲਦੇ ਸੀ,
ਉਹੀ ਅਹਿਸਾਸ ਮੈਂ ਹੁਣ ਆਮ ਤਕ ਲੈ ਆਇਆ ਹਾਂ।

ਮੈਂ ਗੂੰਗੀ ਧਰਤ ਦੀ ਆਵਾਜ਼ ਬਣ ਕੇ ਆ ਗਿਆ ਵਾਂ,
ਤੇ ਚੁੱਪ ਦੀ ਪੀੜ ਨੂੰ ਕੁਹਰਾਮ ਤਕ ਲੈ ਆਇਆ ਹਾਂ।

ਤੁਹਾਡੇ ਹੱਥ ਵਿਚ ਹੁਣ ਹੈ ਵਤਨ ਦੀ ਆਬਰੂ, ਮੈਂ ਤਾਂ,
ਸੁਨੇਹਾ ਵਕਤ ਦਾ ਅਵਾਮ ਤਕ ਲੈ ਆਇਆ ਹਾਂ।

## ਰਮਨ ਸੰਧੂ

**– 1 –**

ਇਸ਼ਾਰਾ ਕਰ ਕੇ ਨੈਣਾਂ ਨਾਲ ਉਛਲਣ ਦਾ ਸਮੁੰਦਰ ਨੂੰ
'ਰਹੇ ਵਸਦਾ ਯੁਗਾਂ ਤੱਕ' ਆਖਦੇ ਹੋ ਰੇਤ ਦੇ ਘਰ ਨੂੰ?

ਅਜੇ ਕੁਝ ਦੇਰ ਚਾਹੁੰਦਾ ਹਾਂ ਕਿ ਤੈਨੂੰ ਯਾਰ ਮੈਂ ਆਖਾਂ,
ਅਜੇ ਬੁੱਲ੍ਹਾਂ 'ਤੇ ਰਖ ਹਾਸੇ, ਲੁਕਾ ਕੇ ਰੱਖ ਖ਼ੰਜਰ ਨੂੰ।

ਤੂੰ ਦਿਲ ਵਿਚ ਥਾਂ ਦੀ ਗੱਲ ਕਰਦੈਂ? ਮੈਂ ਦਿਲ ਹੀ ਦੇ ਦੇਊਂ, ਲੇਕਿਨ,
ਕਦੇ ਦੱਸ ਤਾਂ ਸਹੀ ਮੈਨੂੰ, ਤੂੰ ਕੀ ਕਰਨਾ ਏ ਖੰਡਰ ਨੂੰ?

ਖ਼ੁਦਾ! ਜੇ ਤੂੰ ਮੇਰੇ ਅੰਦਰ ਤਾਂ ਫਿਰ ਤੌਫ਼ੀਕ ਦੇ ਐਨੀ,
ਕਰਾਂ ਸਜਦਾ ਨਾ ਦਰ-ਦਰ 'ਤੇ, ਨਾ ਮਸਜਿਦ ਨੂੰ ਨਾ ਮੰਦਰ ਨੂੰ।

ਉਦ੍ਹੇ ਕੁਤਰੋ ਜ਼ਰਾ ਪਰ, ਐਤਕੀਂ ਪਿੰਜਰੇ 'ਚ ਵੀ ਡੱਕਿਓ,
ਕਿਵੇਂ ਕੰਬਖ਼ਤ ਕਹਿੰਦਾ ਹੈ ਕਿ ਛੋਹ ਸਕਦਾ ਹਾਂ ਅੰਬਰ ਨੂੰ।

ਖ਼ਲਾਅ ਹੈ ਦੂਰ ਤੱਕ, ਭਟਕਣ ਹੈ, ਚੁੱਪ ਹੈ ਤੇ ਉਦਾਸੀ ਹੈ,
ਜਦੋਂ ਸਾਇਆ ਵੀ ਬੇਮੁਖ ਹੈ ਤਾਂ ਕਾਹਦਾ ਦੋਸ਼ ਰਹਿਬਰ ਨੂੰ।

## - 2 -

ਹਕੀਕਤ ਨਾ ਬਿਆਨੇ ਉਹ, ਜ਼ਰਾ ਸਮਝਾ ਦਿਓ ਉਸ ਨੂੰ।
ਗਵਾਹ ਤੋੜੋ, ਖਰੀਦੋ, ਨਈਂ ਤਾਂ ਫਿਰ ਮਰਵਾ ਦਿਓ ਉਸ ਨੂੰ।

ਸਿਰਾਂ ’ਤੇ ਉਮਰ ਭਰ ਅਰਥੀ ਨੂੰ ਢੋਣਾ ਬੇਵਕੂਫ਼ੀ ਹੈ,
ਜੋ ਰਿਸ਼ਤਾ ਮਰ ਗਿਆ ਹੈ ਵਕਤ ਸਿਰ ਦਫ਼ਨਾ ਦਿਓ ਉਸ ਨੂੰ।

ਜਦੋਂ ਵੀ ਜ਼ਿੰਦਗੀ ਇਕ ਡੁਸਕਦੇ ਬੱਚੇ ਜਿਹੀ ਜਾਪੇ,
ਖਿਡੌਣਾ ਖ਼ਾਬ ਦਾ ਦਿਖਲਾ ਦਿਓ, ਪਰਚਾਅ ਦਿਓ ਉਸ ਨੂੰ।

ਇਹਤੋਂ ਪਹਿਲਾਂ ਕਿ ਮਤਦਾਤਾ ਸੜਕ ਬਿਜਲੀ ਦੀ ਮੰਗ ਰੱਖੇ,
ਸਿਆਸਤ ਵਾਲਿਓ! ਧਰਮਾਂ ’ਚ ਮੁੜ ਉਲਝਾ ਦਿਓ ਉਸ ਨੂੰ।

ਰਹੀ ਖ਼ਾਮੋਸ਼ ਜੇ ਝਾਂਜਰ ਤਾਂ ਇਕ ਦਿਨ ਬਣ ਜਾਊ ਬੇੜੀ,
ਸੁਣੋ ਦਿਲ ਦੀ, ਬਣੋ ਬਾਗ਼ੀ ਚਲੋ ਛਣਕਾ ਦਿਓ ਉਸ ਨੂੰ।

ਇਹ ਮੁਮਕਿਨ ਹੈ ਕਿ ਅਗਲੇ ਵਰਕਿਆਂ ’ਚੋਂ ਚੈਨ ਲੱਭ ਜਾਵੇ,
ਹਯਾਤੀ ਦਾ ਸਫ਼ਾ ਬੇਚੈਨ ਹੈ? ਪਲਟਾ ਦਿਓ ਉਸ ਨੂੰ।

## - 3 -

ਅਸੀਂ ਕਿਉਂ ਝਿੜਕੀਏ ਉਸ ਪੌਣ ਦੇ ਮਦਮਸਤ ਬੁੱਲੇ ਨੂੰ।
ਅਗਰ ਬੇਸ਼ਰਮ ਹੈ ਖਿੜਕੀ ਤਾਂ ਕਾਹਦਾ ਦੋਸ਼ ਪਰਦੇ ਨੂੰ।

ਸੁਆਰਥ ਦੀ ਗ਼ਰਦ 'ਚੋ ਭਾਲਦਾ ਅਪਣੇ ਹੀ ਚਿਹਰੇ ਨੂੰ,
ਮੈਂ ਹੁਣ ਮਾਯੂਸ ਹੋ ਜਾਂਦਾ ਹਾਂ ਜਦ ਤਕਦਾ ਹਾ ਸ਼ੀਸ਼ੇ ਨੂੰ।

ਉਨ੍ਹਾਂ ਮੈਨੂੰ ਪਰੋ ਛਡਿਆ ਏ ਇਕ ਧਾਗੇ 'ਚ, ਗ਼ਮ ਨਈਂ ਹੈ,
ਮਗਰ ਘੁੰਗਰੂ ਸਮਝ ਬੈਠੇ ਨੇ ਉਹ ਤਸਬੀ ਦੇ ਮਣਕੇ ਨੂੰ।

ਬਿਨਾਂ ਮੇਰੀ ਇਜਾਜ਼ਤ ਦੇ ਮੇਰੇ ਲੇਖਾਂ 'ਚ ਘਰ ਕਰ ਗਏ,
ਦਰਦ ਗੁਸਤਾਖ਼ ਏਨੇ ਨੇ ਕਿ ਹੱਕ ਦੱਸਦੇ ਨੇ ਕਬਜ਼ੇ ਨੂੰ।

ਹਾਯਾਤੀ ਦੇ ਹਰ ਇਕ ਰੰਗ-ਮੰਚ 'ਤੇ ਅਣਗੌਲਿਆ ਕਿਉਂ ਹਾਂ?
ਨਿਭਾਉਂਦਾ ਹਾਂ ਮੈਂ ਸ਼ਿੱਦਤ ਨਾਲ ਹਰ ਕਿਰਦਾਰ ਅਪਣੇ ਨੂੰ।

ਮੁਹੱਬਤ ਵੀ, ਭਰੋਸਾ ਵੀ, ਇਬਾਦਤ ਵੀ ਕਰਾਂ ਉਸ ਦੀ,
ਉਹ ਝੱਲਾ ਨਾਮ ਦੇਣਾ ਲੋਚਦਾ ਰਹਿੰਦਾ ਹੈ ਰਿਸ਼ਤੇ ਨੂੰ।

## – 4 –

ਜਿਦ੍ਹੇ ਤੋਂ ਦਿਲ ਮੇਰਾ ਧੜਕਣਾਂ ਕੁਰਬਾਨ ਕਰਦਾ ਹੈ।
ਉਹ ਗੱਲ ਵੀ ਇਸ ਤਰ੍ਹਾਂ ਕਰਦਾ ਜਿਵੇਂ ਅਹਿਸਾਨ ਕਰਦਾ ਹੈ।

ਮੇਰਾ ਹੈ ਮਸ਼ਵਰਾ ਕਿ ਨਾ ਉਗਾਇਓ ਖ਼ਾਬ ਨੈਣਾਂ ਵਿਚ,
ਜਦੋਂ ਜੋਬਨ 'ਤੇ ਆਵੇ ਉਹ ਬੜਾ ਨੁਕਸਾਨ ਕਰਦਾ ਹੈ।

ਮੁਹੱਬਤ ਕੀ ਉਨ੍ਹਾਂ ਕਰਨੀ ਜੋ ਗੱਲ ਅਕਲਾਂ ਦੀ ਕਰਦੇ ਨੇ,
ਇਹ ਗੁਸਤਾਖ਼ੀ ਤਾਂ ਕੋਈ ਨਾ-ਸਮਝ, ਨਾਦਾਨ ਕਰਦਾ ਹੈ।

ਫਿਰਾਂ ਚਿਹਰੇ 'ਤੇ ਮੈਂ ਚਿਪਕਾ ਕੇ ਹੁਣ ਕਿਰਦਾਰ ਹੀ ਐਨੇ,
ਬੜਾ ਚਿਰ ਸੋਚ ਕੇ ਸ਼ੀਸ਼ਾ ਮੇਰੀ ਪਹਿਚਾਨ ਕਰਦਾ ਹੈ।

ਮੇਰੇ ਸ਼ਿਅਰਾਂ 'ਤੇ 'ਵਾਹ-ਵਾਹ' ਨਾ ਕਰੇ ਪਰਵਾਹ ਨਹੀਂ ਮੈਨੂੰ,
ਜ਼ਮਾਨਾ ਸੱਚ ਬੋਲਣ 'ਤੇ ਮੇਰਾ ਸਨਮਾਨ ਕਰਦਾ ਹੈ।

# ਅਨੂ ਬਾਲਾ

**- 1 -**

ਬਣੀ ਸੀ ਆਸ ਸ਼ਾਇਦ ਬਾਗ਼ ਨੂੰ ਸਰਗਮ ਸੁਣਾ ਦੇਵੇ।
ਹਵਾ ਲਈ ਹੁਕਮ ਹੈ ਰੁੱਖਾਂ ਤੋਂ ਪੱਤੇ ਹੀ ਉਡਾ ਦੇਵੇ।

ਉਹ ਕਹਿੰਦੇ ਨੇ ਕਿ ਪੱਕੇ ਫ਼ਸਲ ਸੰਗੀਨਾਂ ਦੀ ਛਾਂ ਹੇਠਾਂ,
ਲਗਾਈਏ ਬੋਲੀਆਂ ਕੰਜਕ ਜਦੋਂ ਜੋਬਨ ਤੇ ਆ ਜਾਵੇ।

ਤੁਸੀਂ ਚੱਲੇ ਹੋ ਇੱਕ ਦੂਜੇ ਦਾ ਹੱਥ ਫੜ ਕੇ ਤਾਂ ਲਾਜ਼ਿਮ ਹੈ,
ਤੁਹਾਡਾ ਕਾਫ਼ਲਾ ਮਹਿਲਾਂ ਦੀਆਂ ਨੀਹਾਂ ਹਿਲਾ ਦੇਵੇ।

ਜੇ ਬਾਜ਼ੀ ਪਲਟ ਗਈ ਤਾਂ ਦੇਖ ਲਈ ਏਦਾਂ ਵੀ ਹੋ ਸਕਦਾ,
ਜਮੂਰਾ ਡੁਗ-ਡੁਗੀ ਖੋਹ ਕੇ ਮਦਾਰੀ ਨੂੰ ਨਚਾ ਦੇਵੇ।

ਓ ਜ਼ਾਲਮ ਨੇਰ੍ਹਿਆ ਹੱਸਦਾ ਹੈ ਜਗਦੇ ਦੀਵਿਆਂ ਤੇ ਤੂੰ,
ਇਹੀ ਲੋਅ ਨਾ ਤੇਰੇ ਹੰਕਾਰ ਦੀਆਂ ਧੱਜੀਆਂ ਉਡਾ ਦੇਵੇ।

ਦਿਲਾਂ ਨੂੰ ਸਾੜਦੀ ਅਗਨੀ ਯੁਗਾਂ ਤੀਕਰ ਨਹੀਂ ਠਰਦੀ,
ਕਹੋ ਉਸ ਨੂੰ ਮਚੇ ਭਾਂਬੜ ਨੂੰ ਨਾ ਐਨੀ ਹਵਾ ਦੇਵੇ।

ਪਿਆਸੇ ਖੇਤ ਸਿੰਜਣ ਦਾ ਕੋਈ ਹੀਲਾ ਨਹੀਂ ਕਰਦਾ,
ਉਹ ਆ ਕੇ ਰੇਡੀਓ ਤੇ ਗੀਤ ਪਾਣੀ ਦਾ ਸੁਣਾ ਦੇਵੇ।

ਉਹਨ੍ਹਾਂ ਦੇ ਉਜਲੇ ਚਿਹਰੇ ਨੂੰ ਮੈਲਾ ਕਹਿਣ ਤੋਂ ਪਹਿਲਾਂ,
ਉਹ ਆਪਣੇ ਸ਼ੀਸ਼ਿਆਂ ਉੱਤੇ ਚੜ੍ਹੀ ਮਿੱਟੀ ਹਟਾ ਦੇਵੇ।

ਬੜੇ ਪੱਕੇ ਨੇ ਚਾਨਣ ਦੇ ਇਰਾਦੇ ਹੁਣ ਨਹੀਂ ਹੋਣਾ,
ਉਹ ਮਾਰੇ ਫੂਕ ਤੇ ਜਗਦੇ ਚਿਰਾਗ਼ਾਂ ਨੂੰ ਡਰਾ ਦੇਵੇ।

## - 2 -

ਥਲਾਂ ਦਾ ਇਸ਼ਕ ਚਲਦੇ ਪਾਣੀਆਂ ਦੇ ਨਾਲ ਚਲਦਾ ਹੈ।
ਬਿਨਾਂ ਕਾਰਣ ਕੋਈ ਦਰਿਆ ਕਦੋਂ ਰਸਤਾ ਬਦਲਦਾ ਹੈ।

ਉਹਦੇ ਚਾਨਣ ਦੇ ਕਣ ਕਣ ਨੂੰ ਤਾਂ ਸੀਨੇ ਸਾਂਭਦੇ ਸਾਡੇ,
ਤੇਰੇ ਸਾਗਰ 'ਚ ਤਾਂ ਸੂਰਜ ਦਾ ਬਸ ਆਕਾਰ ਢਲਦਾ ਹੈ।

ਤੇਰੇ ਆਖੇ ਮੈਂ ਕਿਉਂ ਸਾਰੀ ਦੀ ਸਾਰੀ ਭਾਫ਼ ਹੋ ਜਾਵਾਂ,
ਮੇਰੀ ਮਿੱਟੀ ਦੀ ਤਹਿ ਹੇਠਾਂ ਵੀ ਇੱਕ ਸੰਸਾਰ ਪਲਦਾ ਹੈ।

ਅਖੀਰਾਂ ਤੀਕ ਆਪਣੇ ਅਸਲ ਖ਼ਾਤਰ ਤੜਫਦਾ ਰਹਿੰਦਾ,
ਉਮਰ ਭਰ ਆਦਮੀ ਆਪਣੇ ਮੁਖੌਟੇ ਹੀ ਬਦਲਦਾ ਹੈ।

ਮੇਰੀ ਦੁਬਿਧਾ ਨੂੰ ਇਸ ਦਾ ਕੋਈ ਪਹਿਲੂ ਨਜ਼ਰ ਨੀ ਆਉਂਦਾ,
ਮੇਰੇ ਮਨ ਦੀ ਸਤਰ 'ਤੇ ਰੋਜ਼ ਇਕ ਸਿੱਕਾ ਉਛਲਦਾ ਹੈ।

ਇਹਨਾਂ ਜੰਗਲਾਂ 'ਚ ਨਿਸਦਿਨ ਹਿਰਨੀਆਂ ਦੀਆਂ ਸੁਣਦੀਆਂ ਚੀਕਾਂ,
ਨਾ ਸੀਨਾ ਪਾਟਦਾ ਧਰਤੀ ਦਾ ਨਾ ਅੰਬਰ ਪਿਘਲਦਾ ਹੈ।

## – 3 –

ਨਮੀ ਅਪਣੀ ਤੇ ਜੇ ਕਰਦੀ ਭਰੋਸਾ,
ਤਾਂ ਇਉਂ ਬੰਜਰ ਨਾ ਬੀਆਬਾਨ ਹੁੰਦੀ।
ਹਨੇਰੀ ਛੂਹ ਵੀ ਨਾ ਸਕਦੀ ਜੜ੍ਹਾਂ ਨੂੰ,
ਜੋ ਇਸ ਮਿੱਟੀ ’ਚ ਥੋੜੀ ਜਾਨ ਹੁੰਦੀ।

ਜੋ ਲਗਦਾ ਤੀਰ ਨਾ ਤਾਂ ਕਿੰਜ ਵਿਛਦਾ
ਮੇਰੇ ਦਿਲ ਦਾ ਸੁੱਹਪਣ ਕਾਗਜ਼ਾਂ ’ਤੇ,
ਜਦੋਂ ਵੀ ਫੁਟਦੀਆਂ ਮੇਰੇ ’ਚੋਂ ਸੂਲਾਂ
ਮੈਂ ਫੁੱਲਾਂ ਦੇ ਦਰੀਂ ਪਰਵਾਨ ਹੁੰਦੀ।

ਮੈਂ ਅਪਣੇ ਦਿਲ ਦਾ ਸ਼ੀਸ਼ਾ ਦੇਖਦੀ ਹਾਂ
ਤੇਰੇ ਕਾਫ਼ਰ ਖ਼ੁਦਾ ਨੂੰ ਛੇਕਦੀ ਹਾਂ,
ਕਿ ਰੂਹ ਦੀ ਫੁਲਝੜੀ ’ਚੋਂ ਰੰਗ ਫੜਦੀ
ਮੈਂ ਬਸ ਅਪਣੇ ’ਚ ਅੰਤਰ ਧਿਆਨ ਹੁੰਦੀ,

ਮੈਂ ਤਿੱਖੀ ਤੇਗ਼ ਹਾਂ ਡਰ ਐ ਜ਼ਮਾਨੇ
ਮੇਰੇ ਤੀਰਾਂ ਦੇ ਨਾ ਉਕਦੇ ਨਿਸ਼ਾਨੇ,
ਲਹੂ ਡੁਲ੍ਹਦਾ ਹੈ ਤੇ ਯੁੱਗ ਪਲਟਦੇ ਨੇ
ਜਦੋਂ ਕੋਈ ਪੰਖੜੀ ਕਿਰਪਾਨ ਹੁੰਦੀ।

ਮੇਰੀ ਕਿਸਮਤ ਨਹੀਂ ਮਾਲਕ ਬਦਲਦੇ
ਮੇਰੇ ਸੀਨੇ ਚ ਧੁਖਦੇ ਬਿਰਖ ਫਲਦੇ,
ਮੈਂ ਟੁਕੜੀ ਧਰਤ ਦੀ ਹਾਂ ਬਾਬਲਾ ਵੇ
ਕਿਤੇ ਵਿਕਦੀ ਕੀਤੇ ਮੈਂ ਦਾਨ ਹੁੰਦੀ।

## – 4 –

ਸੁਣ ਹੁੰਗਾਰੇ ਸਿੰਮਦਾ ਪੱਥਰਾਂ ਦੀਆਂ ਅੱਖਾਂ ’ਚੋਂ ਆਬ।
ਕਤਲ ਹੋਏ ਸੂਰਜਾਂ ਦੀ ਜਦ ਕਥਾ ਕਹਿੰਦੀ ਕਿਤਾਬ।

ਤੋਰਨਾ ਧੀਆਂ ਨੂੰ ਸੁਹਰੇ, ਪੁੱਤ ਬਗਾਨੇ ਦੇਸ ਨੂੰ,
ਸਹਿ ਗਿਆ ਬਾਪੂ ਵਹੀ ਤੇ ਛਪ ਗਏ ਗੂਠੇ ਦੀ ਦਾਬ।

ਰੁੱਖ ਉਤੇ ਲਟਕਦੇ ਰੱਸੇ ਦੇ ਵਰਗਾ ਹੋ ਗਿਆ,
ਪੌਣ ਵਿਚ ਲਹਿਰਾ ਰਹੀ ਚੁੰਨੀ ਜਿਹਾ ਮੇਰਾ ਪੰਜਾਬ।

ਬੋਚ ਲੈਂਦੇ ਪੱਲਿਆਂ ਵਿਚ ਬਾਰਿਸ਼ਾਂ ਦਾ ਨੀਰ ਉਹ,
ਰਹਿ ਗਏ ਨੇ ਖੇਤ ਸੁੱਕੇ, ਭਰ ਗਏ ਸ਼ਾਹੀ ਤਲਾਬ।

ਪੌਧ ਸਾਡੀ ਪੁੰਗਰਦੀ ਅੱਜਕਲ੍ਹ ਬਗਾਨੀ ਧਰਤ ’ਤੇ,
ਹੁਣ ਪਰਾਏ ਅੰਬਰਾਂ ਤੇ ਚੜ੍ਹਨ ਸਾਡੇ ਆਫ਼ਤਾਬ।

ਉਂਗਲਾਂ ਦੀ ਛੂਹ ’ਚ ਹੀ ਸਾਰਾ ਜ਼ਮਾਨਾ ਨੱਚਦਾ,
ਇਹ ਨਵੀਂ ਪੀੜ੍ਹੀ ਚ ਆਇਆ ਕਿਸ ਤਰ੍ਹਾਂ ਦਾ ਇਨਕਲਾਬ।

ਕਰਦੀਆਂ ਗੁਮਰਾਹ ਜੋ ਤੈਨੂੰ ਭੰਨ ਦੇ ਉਹ ਮੂਰਤਾਂ,
ਤੋੜ ਦੇ ਸ਼ੀਸ਼ੇ ਜੋ ਤੇਰੇ ਅਕਸ ਨੂੰ ਕਰਦੇ ਖ਼ਰਾਬ।

# ਅਜੀਤਪਾਲ

**- 1 -**

ਵਕਤ ਦਾ ਬੇ-ਰਹਿਮ ਤਕਾਜ਼ਾ ਹੈ।
ਸਾਰਾ ਆਲਮ ਹੀ ਬੇ-ਲਿਹਾਜ਼ਾ ਹੈ।

ਖ਼ੈਰ ਹੋਵੇ ਖ਼ੁਦਾ, ਕਰੀਂ ਰਹਿਮਤ,
ਅਦਬ ਦਾ ਉੱਠ ਰਿਹਾ ਜਨਾਜ਼ਾ ਹੈ।

ਹੋਣੋਂ ਨਾਸੂਰ ਦੇਰ ਨਹੀਂ ਲੱਗਣੀ,
ਬੋਚ ਲੈ, ਜ਼ਖ਼ਮ ਹਾਲੇ ਤਾਜ਼ਾ ਹੈ।

ਚੰਗੇ ਦਿਨ ਭਾਲਿਆਂ ਨਹੀਂ ਲੱਭਣੇ,
ਬਹੁਤਿਆਂ ਦਾ ਇਹੋ ਅੰਦਾਜ਼ਾ ਹੈ।

## – 2 –

ਰਾਤ ਗਹਿਰੀ ਹੋ ਰਹੀ ਹੈ, ਜਗਦੀਆਂ ਗੱਲਾਂ ਕਰੋ।
ਸੀਤ ਹੋਈਆਂ ਮਹਿਫ਼ਲਾਂ ਵਿਚ ਭਖਦੀਆਂ ਗੱਲਾਂ ਕਰੋ।

ਰੌਸ਼ਨੀ ਦੀ ਗੱਲ 'ਚੋਂ ਤੁਰਦੀ ਗੱਲ, ਬਣਦਾ ਕਾਫ਼ਲਾ,
ਕਾਫ਼ਲੇ 'ਚੋਂ ਲਹਿਰ ਬਣ ਕੇ ਉੱਠਦੀਆਂ ਗੱਲਾਂ ਕਰੋ।

ਜਾਬਰਾਂ ਦੇ ਹਾਣ ਦੇ ਹਥਿਆਰ ਵੀ ਉੱਗ ਪੈਣਗੇ,
ਜ਼ੁਲਮ ਦੀ ਹਰ ਤੱਕਣੀ ਵਿਚ ਤੱਕਦੀਆਂ ਗੱਲਾਂ ਕਰੋ।

ਗੱਲ ਦੇ ਭਟਕਣ ਲਈ ਕਾਰਨ ਬਹੁਤ ਨੇ, ਫੇਰ ਵੀ,
ਘੁੰਮ ਘੁਮਾ ਮੁੱਦੇ 'ਤੇ ਆ ਕੇ ਮੁੱਕਦੀਆਂ ਗੱਲਾਂ ਕਰੋ।

ਗੱਲ ਅਧੂਰੀ ਹੈ ਤਾਂ ਪੂਰੀ ਕਰਨ ਦਾ ਹੀਲਾ ਕਰੋ,
ਆ ਜੁੜੋ, ਗੱਲਾਂ 'ਚੋਂ ਅੱਗੇ ਤੁਰਦੀਆਂ ਗੱਲਾਂ ਕਰੋ।

ਵਗਦੀਆਂ 'ਵਾਵਾਂ 'ਚ ਦੀਵੇ ਬਾਲਣੇ ਮੁਸ਼ਕਿਲ ਤਾਂ ਨੇ,
ਚਾਨਣਾ ਕਰਨੋ ਨਾ ਫਿਰ ਵੀ ਹਟਦੀਆਂ ਗੱਲਾਂ ਕਰੋ।

## - 3 -

ਏਥੋਂ ਤੱਕ ਹੀ ਆਪਣਾ ਸਾਥ ਬਥੇਰਾ ਏ।
ਅੱਜ ਤੋਂ ਧਰਤੀ ਤੇਰੀ, ਅੰਬਰ ਮੇਰਾ ਏ।

ਸਭ ਕੁਝ ਲੁੱਟ ਕੇ ਵੀ ਤੂੰ ਸਾਥੋਂ ਛੋਟਾ ਏਂ,
ਤੇਰੇ ਹਿੱਸੇ ਭਣਕਣ, ਸਾਡੇ ਜੇਰਾ ਏ।

ਤੇਰਾ ਕੌਲ ਕਿਨਾਰੇ ਨਾਲ ਵੀ ਕੱਚਾ ਏ,
ਸਾਡਾ ਨਾਤਾ ਛੱਲਾਂ ਨਾਲ ਪਕੇਰਾ ਏ।

ਕਿਸ ਚਾਨਣ ਨੂੰ ਖੋਹਣ ਦੀ ਗੱਲ ਕਰਦੇ ਹੋ,
ਇਸ ਨਗਰੀ ਤਾਂ ਅਜ਼ਲਾਂ ਤੋਂ ਹੀ ਨ੍ਹੇਰਾ ਏ।

ਸੱਚ ਤਾਂ ਉਸਦੇ ਅੰਦਰ ਹੀ ਦਮ ਤੋੜੇਗਾ,
ਆਲ ਦੁਆਲੇ ਅਹਿਸਾਨਾਂ ਦਾ ਘੇਰਾ ਏ।

ਯਾਦਾਂ ਨੇ ਦਿਲ ਛਲਣੀ ਕੀਤਾ ਹੋਇਆ ਏ,
ਸਿਰਫਿਰੀਆਂ ਦਾ ਰਾਤ ਦਿਹਾੜੇ ਫੇਰਾ ਏ।

ਚੜ੍ਹਦਾ ਸੂਰਜ ਅੱਖ ਮਿਲਾਉਣੋਂ ਟਲਦਾ ਏ,
ਸਾਡਾ ਅੱਜਕਲ੍ਹ ਲਹਿੰਦੇ ਵੱਲੀਂ ਡੇਰਾ ਏ।

# ਜਗਵਿੰਦਰ ਜੋਧਾ

## - 1 -

ਫਜ਼ੂਲ ਦੇ ਖਲਜਗਣ ਤੋਂ ਅੱਕਿਆ ਇਹ ਕੌਣ ਸੀਨੇ 'ਚ ਚੀਕਦਾ ਹੈ।
ਕਚੂਰ ਬਿਰਛਾਂ ਦੀ ਤਾਣ ਛਤਰੀ ਪਹਾੜ ਮੈਨੂੰ ਉਡੀਕਦਾ ਹੈ।

ਜੋ ਆਪਣੇ ਖੇਤਾਂ 'ਚ ਸਿਰ 'ਤੇ ਸੂਰਜ ਨੂੰ ਧਰ ਕੇ ਪੱਛਮ 'ਚ ਛੱਡ ਆਉਂਦਾ,
ਉਹ ਆਪਣੇ ਦਫ਼ਤਰ 'ਚ ਫਾਇਲ ਹੇਠੋਂ ਮਸਾਂ ਹੀ ਖ਼ੁਦ ਨੂੰ ਧਰੀਕਦਾ ਹੈ।

ਅਖ਼ੀਰਲੀ ਗੱਡੀ ਲੰਘਦੀ ਹੈ ਤਾਂ ਲੰਘ ਜਾਵੇ, ਕਿਉਂ ਕਾਹਲ ਵਿਚ ਏਂ?
ਹਨ੍ਹੇਰੇ ਕਮਰੇ ਦੀ ਚੁੱਪ ਬਿਨਾਂ ਹੋਰ ਕੌਣ ਤੈਨੂੰ ਉਡੀਕਦਾ ਹੈ।

ਇਹ ਜ਼ਿੰਦਗੀ ਲਹਿਰ ਵਾਂਗ ਹੈ ਜੋ ਹਮੇਸ਼ਾ ਸੁਪਨੇ ਮਿਟਾ ਕੇ ਜਾਂਦੀ,
ਤੇ ਮੈਂ ਉਹ ਬੱਚਾ ਹਾਂ ਰੇਤ 'ਤੇ ਜੋ ਦੁਬਾਰਾ ਸੁਪਨਾ ਉਲੀਕਦਾ ਹੈ।

ਉਹ ਧੁੱਪਾਂ ਵਿਚ ਜਜ਼ਬ ਛਾਂ ਤੇ ਛਾਵਾਂ ਚ ਜਜ਼ਬ ਧੁੱਪਾਂ ਨੂੰ ਕਿੱਦਾ ਵੇਖਣ,
ਜਿਨ੍ਹਾਂ ਲਈ ਹਰ ਸਵਾਲ ਹੀ ਪੁੰਨ-ਪਾਪ ਤੇ ਗ਼ਲਤ ਠੀਕ ਦਾ ਹੈ।

ਨਾ ਉਸਨੂੰ ਮੀਰਾ ਕਹੇਗੀ ਤਾਰੀਖ ਨਾ ਉਹ ਸੁਕਰਾਤ ਹੋ ਸਕੇਗਾ,
ਇਹ ਵੱਖਰੀ ਗੱਲ ਹੈ ਕਿ ਹਰ ਪੜਾਅ 'ਤੇ ਉਹ ਜ਼ਹਿਰ ਦਾ ਪਿਆਲਾ ਡੀਕਦਾ ਹੈ।

ਉਦਾਸ ਸ਼ਾਮਾਂ 'ਚ ਜਿਹੜੇ ਦੀਵੇ ਉਹ ਹੱਥੀਂ ਲਹਿਰਾਂ 'ਤੇ ਤਾਰ ਆਇਆ,
ਸ਼ੁਦਾਈ ਦਰਿਆ ਕਿਨਾਰੇ ਖੜ੍ਹ ਕੇ ਉਨ੍ਹਾਂ ਨੂੰ ਅਕਸਰ ਉਡੀਕਦਾ ਹੈ।

## – 2 –

ਬੜਾ ਕੁਝ ਸਰਦ ਹੈ ਉਸ ਸ਼ਹਿਰ ਦੇ ਧੁੰਦਲੇ ਦਸੰਬਰ ਤੋਂ ਇਲਾਵਾ ਵੀ।
ਤੂੰ ਕੋਸੇ ਸਾਹ ਧਰੀਂ ਸਾਮਾਨ ਵਿਚ ਊਨੀ ਸਵੈਟਰ ਤੋਂ ਇਲਾਵਾ ਵੀ।

ਤੇਰੀ ਆਦਤ ਹੈ ਛੇਤੀ ਖਿਝ ਕੇ ਚੀਜ਼ਾਂ ਨੂੰ ਬਦਲ ਲੈਣਾ ਬਿਨਾਂ ਕਾਰਨ,
ਪਤਾ, ਈਮੇਲ ਸਭ ਕੁਝ ਡਾਇਰੀ ਵਿਚ ਲਿਖ ਜਾ ਨੰਬਰ ਤੋਂ ਇਲਾਵਾ ਵੀ।

ਕਈ ਖੁਸ਼ੀਆਂ, ਗ਼ਮਾਂ ਦੇ ਲਮਹੇ ਉਸ ਦੀਵਾਰ ’ਤੇ ਲਟਕੇ ਹੀ ਛੱਡ ਆਇਆਂ,
ਮੈਂ ਉਸ ਕਮਰੇ ’ਚ ਵੀਹ ਸੌ ਸੌਲਾਂ ਦੇ ਪਾਟੇ ਕੈਲੰਡਰ ਤੋਂ ਇਲਾਵਾ ਵੀ।

ਉਹ ਜਿਸਦਾ ਗਿਆਨ ਅੱਖਰੀ ਵਿਆਕਰਨ ਤੀਕਰ ਹੀ ਸੀਮਤ ਸੀ,
ਉਹ ਤੈਨੂੰ ਪੜ੍ਹ ਨਾ ਸਕਿਆ ਜਿਸਮ ਤੋਂ ਅੱਗੇ ਜਾਂ ਬਿਸਤਰ ਤੋਂ ਇਲਾਵਾ ਵੀ।

ਕੋਈ ਆਵਾਜ਼ ਪੁੜਪੁੜੀਆਂ ਨੂੰ ਸਾਰੀ ਰਾਤ ਖੰਜਰ ਵਾਂਗ ਵਿੰਨਦੀ ਹੈ,
ਸਿਰ੍ਹਾਣੇ ਚਲਦੇ ਟੇਬਲ ਫ਼ੈਨ ਦੀ ਬੇਰੋਕ ਘਰਘਰ ਤੋਂ ਇਲਾਵਾ ਵੀ।

## - 3 -

ਕੋਲ ਤੇਰੇ ਰੰਗ ਨੇ ਕੱਚੇ, ਤੂੰ ਫਿਰ ਵੀ ਹੱਦ ਕਰਦੈਂ।
ਰੂਹ ਦੀ ਕੈਨਵਸ 'ਤੇ ਵਾਹੇ ਸੁਰਖ਼ ਚਿੱਤਰ ਰੱਦ ਕਰਦੈਂ।

ਤੇਰੀ ਮੇਰੀ ਤੁਲਨਾ ਕਿੱਦਾਂ ਹੋ ਸਕੇਗੀ ਦੋਸਤ, ਤੂੰ ਤਾਂ,
ਦੂਜਿਆਂ ਦੇ ਮੋਢਿਆਂ ਤੇ ਚੜ੍ਹ ਕੇ ਉੱਚਾ ਕੱਦ ਕਰਦੈਂ।

ਹੱਦ ਕਰਦੈਂ ਤੂੰ ਵੀ, ਦਰਿਆ ਦੇ ਅਵੱਲੇ ਵਹਿਣ ਅੱਗੇ,
ਦੇਰ ਦੇ ਵੇਲਾ ਵਿਹਾਏ ਜਜ਼ਬਿਆਂ ਦੀ ਹੱਦ ਕਰਦੈਂ।

ਫਰਸ਼ 'ਤੇ ਵੱਜ ਕੇ ਉਤਾਂਹ ਜਾਂਦੀ ਰਬੜ ਦੀ ਗੇਂਦ ਵਾਂਗੂੰ,
ਓਨਾ ਹੀ ਉੱਭਰਦਾ ਹਾਂ ਮੈਂ ਜਿੰਨਾ ਵੀ ਤੂੰ ਰੱਦ ਕਰਦੈਂ।

ਮੇਰੀ ਦੋਚਿੱਤੀ, ਤੇਰੀ ਬੁੜਬੁੜ 'ਚ ਹਉਮੈਂ ਰੜਕਦੀ ਹੈ,
ਨਾ ਮੈਂ ਆਪੇ ਪਰਤਦਾਂ ਤੇ ਨਾ ਤੂੰ ਉੱਚੀ ਸੱਦ ਕਰਦੈਂ।

## – 4 –

ਮੇਰੀ ਕਾਇਆ 'ਚ ਪਾਰਾ ਹੈ ਤੇ ਚਿਹਰਾ ਜ਼ਰਦ ਸ਼ੀਸ਼ੇ ਦਾ।
ਤੁਸੀਂ ਅੱਖਾਂ 'ਚ ਪੜ੍ਹ ਸਕਦੇ ਹੋ ਲੁਕਿਆ ਦਰਦ ਸ਼ੀਸ਼ੇ ਦਾ।

ਸਦੀਵੀ ਯਾਤਰਾ ਦੀ ਧੂੜ ਨੇ ਜਦ ਵੇਖਿਆ ਉਸਨੂੰ,
ਪਲਾਂ ਵਿਚ ਹੋ ਗਿਆ ਮੈਲਾ ਬਦਨ ਬੇ-ਪਰਦ ਸ਼ੀਸ਼ੇ ਦਾ।

ਉਦ੍ਹੇ ਪਾਣੀ 'ਚ ਮੇਰੇ ਮਨ ਦੀ ਸਾਰੀ ਮੈਲ ਘੁਲ਼ ਚੱਲੀ,
ਮੇਰੇ ਚਿਹਰੇ ਤੇ ਜ਼ਾਹਿਰ ਹੋ ਗਿਆ ਕੁੱਲ ਗਰਦ ਸ਼ੀਸ਼ੇ ਦਾ।

ਸਮੇਂ ਅਨੁਸਾਰ ਸਭ ਕੁਝ ਬਦਲਦਾ ਰਹਿੰਦਾ ਹੈ ਦੋਵਾਂ ਵਿਚ,
ਨਾ ਔਰਤ ਮੋਮ ਦੀ ਹੁੰਦੀ ਹੈ ਨਾ ਹੀ ਮਰਦ ਸ਼ੀਸ਼ੇ ਦਾ।

ਤੁਹਾਡੇ ਅਕਸ਼ ਨੂੰ ਮਰਜ਼ੀ ਮੁਤਾਬਕ ਪੇਸ਼ ਕਰ ਸਕਦੈ,
ਕਦੇ ਇਤਬਾਰ ਨ ਕਰਿਓ ਅਵਾਰਾਗਰਦ ਸ਼ੀਸ਼ੇ ਦਾ।

ਉਹ ਮੇਰੇ ਸਾਮ੍ਹਣੇ, ਮੈਂ ਉਸਦੇ ਸਨਮੁਖ ਫਿਰ ਵੀ ਦੋਵਾਂ ਵਿਚ,
ਇਕ ਅਣਦਿਸਦਾ ਜਿਹਾ ਪਰਦਾ ਹੈ ਜੀਕੂੰ ਸਰਦ ਸ਼ੀਸ਼ੇ ਦਾ।

# ਬਲਕਾਰ ਔਲਖ

**– 1 –**

ਖ਼ਤਾਂ ਦੇ ਢੇਰ ਨਈਂ ਹੁੰਦੇ ਤੇ ਨਾ ਅੰਬਾਰ ਹੁੰਦੇ ਨੇ।
ਜਿਹੜੇ ਖ਼ਤ ਸਾਂਭੇ ਜਾਂਦੇ ਨੇ ਉਹ ਬਸ ਦੋ ਚਾਰ ਹੁੰਦੇ ਨੇ।

ਅਸੀਂ ਤਾਂ ਡੁੱਬਦੇ ਹੋਇਆ ਨੂੰ ਆਪਣੇ ਦਿਲ ’ਚ ਥਾਂ ਦਿੱਤੀ,
ਤੁਸੀਂ ਬਸ ਮੰਨਿਆ ਉਹਨਾਂ ਨੂੰ ਜਿਹੜੇ ਪਾਰ ਹੁੰਦੇ ਨੇ।

ਇਹ ਦੁਨੀਆ ਇਸ਼ਤਿਹਾਰਾਂ ਦੀ ਭਰੋਸਾ ਨਾ ਕਰੋ ਇਸਦਾ,
ਤੁਹਾਨੂੰ ਪੇਸ਼ ਗੁਲਦਸਤੇ ਦੇ ਅੰਦਰ ਖ਼ਾਰ ਹੁੰਦੇ ਨੇ।

ਬਣੇ ਨੇ ਰੰਗਕਰਮੀ ਕਈ ਉਹਦੇ ਹੱਥਾਂ ਦੀ ਕਠਪੁੱਤਲੀ,
ਜਦੋਂ ਉਹ ਡੋਰ ਖਿੱਚਦਾ ਹੈ ਤਾਂ ਨਾਟਕ ਤਿਆਰ ਹੁੰਦੇ ਨੇ।

ਅਸਾਡੇ ਕੋਲ਼ ਹੁੰਦਾ ਹੈ ਵਿਚਾਰਾਂ ਦਾ ਜ਼ਖ਼ੀਰਾ ਇਕ,
ਉਹਨਾਂ ਦੇ ਕੋਲ਼ ਜੇਕਰ ਆਧੁਨਿਕ ਹਥਿਆਰ ਹੁੰਦੇ ਨੇ।

ਲਓ ਹੁਣ ਆ ਗਿਆ ਹੈ ਉਹ ਤੁਸੀਂ ਖ਼ਬਰਾਂ ਸੁਣੋ ਉਸ ਤੋਂ,
ਕਈ ਬੰਦੇ ਨਹੀਂ ਹੁੰਦੇ ਨਿਰੇ ਅਖ਼ਬਾਰ ਹੁੰਦੇ ਨੇ।

ਝਨ੍ਹਾ ਵੀ ਡੋਬ ਨਹੀਂ ਸਕਦਾ ਨਾ ਮਾਰੂਥਲ ਹੀ ਸਾੜੇਗਾ,
ਜੋ ਮਰਦੇ ਜ਼ਿੰਦਗੀ ਖ਼ਾਤਰ ਯੁਗਾਂ ਤੋਂ ਪਾਰ ਹੁੰਦੇ ਨੇ।

## - 2 -

ਜਦੋਂ ਪਿੰਜਰੇ ਬਣਾਏ ਜਾ ਰਹੇ ਨੇ।
ਪਰਿੰਦੇ ਬੇਖ਼ਬਰ ਨੇ ਗਾ ਰਹੇ ਨੇ।

ਨਦੀ ਵਿਚ ਰੇਤ ਭਰਿਆ ਜਾ ਰਿਹਾ ਹੈ,
ਅਤੇ ਪਾਣੀ ਡਰਾਏ ਜਾ ਰਹੇ ਨੇ।

ਚਲੋ ਕੁਰਬਾਨੀਆਂ ਦੇ ਗੀਤ ਲਿਖੀਏ,
ਕਸੀਦੇ ਵੀ ਲਿਖਾਏ ਜਾ ਰਹੇ ਨੇ।

ਹਨੇਰੇ ਨਾਲ਼ ਟੱਕਰ ਨਈਂ ਲਈਦੀ,
ਚਿਰਾਗ਼ਾਂ ਨੂੰ ਕਈ ਸਮਝਾ ਰਹੇ ਨੇ।

ਅਸਾਂ ਨੂੰ ਪਿੰਜਰਾ ਨਾ ਰਾਸ ਆਇਆ,
ਜਿਹੜੇ ਮਿੱਠੂ ਨੇ ਚੂਰੀ ਖਾ ਰਹੇ ਨੇ।

ਉਹ ਬਖ਼ਤਰਬੰਦ ਗੱਡੀਆਂ ਵਿਚ ਵੀ ਬੈਠੇ,
ਅਸਾਡੀ ਕਲਮ ਤੋਂ ਘਬਰਾ ਰਹੇ ਨੇ।

ਤੂੰ ਪੁਛਦੈ ਇਹ ਕਿਹਦੀ ਅਰਥੀ ਹੈ ਉਠਦੀ,
ਤੇਰੇ ਵਾਅਦੇ ਉਠਾਏ ਜਾ ਰਹੇ ਨੇ।

ਗੁਲਾਮੋਂ ਤਾੜੀਆਂ ਪਰ ਕਿਸ ਖ਼ੁਸ਼ੀ ਵਿਚ?
ਮਹਿਜ਼ ਚੀਨੇ ਉਡਾਏ ਜਾ ਰਹੇ ਨੇ।

ਕਿਹਾ ਸੀ ਤੂੰ ਕਿ ਪੁੱਤ ਰੋਣਾ ਕਦੇ ਨੀ,
ਤੇਰੇ ਮਾਂ ਖ਼ਿਆਲ ਅੱਜ ਫਿਰ ਆ ਰਹੇ ਨੇ।

ਇਹਨਾਂ ਦਾ ਹਰ ਸ਼ਬਦ ਚੇਤੇ ਹੈ ਮੈਨੂੰ,
ਇਹ ਖ਼ਤ ਉਂਝ ਹੀ ਜਲਾਏ ਜਾ ਰਹੇ ਨੇ।

ਤੇਰੇ ਦਿੱਤੇ ਹੋਏ ਮਫ਼ਲਰ ਦੇ ਵਾਂਗੂੰ,
ਤੇਰੇ ਗ਼ਮ ਵੀ ਹੰਢਾਏ ਜਾ ਰਹੇ ਨੇ।

## - 3 -

ਕਦੇ ਮੈਂ ਖ਼ੁਦ ਨੂੰ ਏਨਾ ਘੜ ਲਵਾਂਗਾ।
ਕਿ ਅਪਣਾ ਦਿਲ ਤੇਰੇ ਵਿਚ ਜੜ ਲਵਾਂਗਾ।

ਅਜੇ ਤਾਂ ਮੌਤ ਪਿੱਛੇ ਦੌੜਦਾ ਹਾਂ,
ਮੈਂ ਸ਼ਾਇਦ ਜ਼ਿੰਦਗੀ ਨੂੰ ਫੜ ਲਵਾਂਗਾ।

ਮੇਰੀ ਬਰਸਾਤ ਮੇਰੇ ਤੋਂ ਖ਼ਫ਼ਾ ਹੈ,
ਉਹਦੀ ਖ਼ਾਤਰ ਥਲਾਂ ਵਿਚ ਸੜ ਲਵਾਂਗਾ।

ਮੈਂ ਹਾਲੇ ਰੇਤ ਉੱਪਰ ਲਿਖ ਰਿਹਾਂ, ਪਰ,
ਕਦੀ ਪੌਣਾਂ ’ਚੋਂ ਵੀ ਉੱਘੜ ਲਵਾਂਗਾ।

ਫ਼ਿਕਰ ਵਿਚ ਵਸਲ ਦੀ ਸ਼ਿੱਦਤ ਘਟਾ ਨਾ,
ਵਿਛੋੜੇ ਵਕਤ ਮੈਂ ਵਿੱਛੜ ਲਵਾਂਗਾ।

ਮੈਂ ਤੇਰੇ ਦਿਲ ’ਤੇ ਕੁਝ ਸ਼ਿਅਰ ਲਿਖਾਂਗਾ,
ਤੇ ਨੈਣਾਂ ਤੇਰਿਆਂ ’ਚੋਂ ਪੜ੍ਹ ਲਵਾਂਗਾ।

ਹਮੇਸ਼ਾ ਦੇਸ ਵਸਣਾ ਲੋਚਿਆ ਹੈ,
ਤੇ ਹੁਣ ਰੁਜ਼ਗਾਰ ਲਈ ਉੱਜੜ ਲਵਾਂਗਾ।

ਉਦੋਂ ਕੁਝ ਮੌਤ ਬਾਰੇ ਵੀ ਲਿਖਾਂਗਾ,
ਜਦੋਂ ਮੈਂ ਜ਼ਿੰਦਗੀ ਨੂੰ ਪੜ੍ਹ ਲਵਾਂਗਾ।

## - 4 -

ਜੇਕਰ ਉਸਦੀ ਪੁਸ਼ਤ-ਪਨਾਹੀ ਹੋਵੇਗੀ।
ਤਾਂ ਏਥੇ ਹਰ ਵਾਰ ਤਬਾਹੀ ਹੋਵੇਗੀ।

ਸਾਡੀ ਜ਼ਿੱਦ ਹੈ ਏਥੇ ਫੁੱਲ ਖਿੜਾਂਵਾਂਗੇ,
ਉਹ ਕਹਿੰਦਾ ਹੈ ਏਥੇ ਕਾਹੀ ਹੋਵੇਗੀ।

ਤੇਰੇ ਮਹਿਲਾਂ 'ਤੇ ਜੋ ਮੀਨਾਕਾਰੀ ਏ,
ਮੇਰੇ ਦਿਲ ਤੋਂ ਪੱਚਰ ਲਾਹੀ ਹੋਵੇਗੀ।

ਘੱਟਾ ਉੱਡਕੇ ਅੱਖਾਂ ਨੂੰ ਭਰ ਦੇਵੇਗਾ,
ਵੱਤਰ ਲੰਘੇ ਤੋਂ ਜੇ ਵਾਹੀ ਹੋਵੇਗੀ।

ਇੱਕ ਘੜੇ ਨੂੰ ਚਿੰਤਾ ਖਾਈ ਜਾਂਦੀ ਏ,
ਕਿੰਨੀ ਮੁਸ਼ਕਲ ਵਿੱਚ ਸੁਰਾਹੀ ਹੋਵੇਗੀ।

ਉਹ ਆਖੇਗੀ ਛੱਡ ਪੰਜਾਬ 'ਚ ਕੀ ਰੱਖਿਐ,
ਏਸੇ ਗੱਲ 'ਤੇ ਫੇਰ ਜ਼ਿਰਾਹੀ ਹੋਵੇਗੀ।

ਉਸ ਔਰਤ ਦੀਆਂ ਅੱਖਾਂ ਅੰਦਰ ਰਾਂਝਾ ਹੈ,
ਉਹ ਵੀ ਸੈਦੇ ਨਾਲ਼ ਵਿਆਹੀ ਹੋਵੇਗੀ।

# ਕੁਲਵਿੰਦਰ ਬੱਛੋਆਣਾ

## - 1 -

ਖੰਭ ਤੜਪਣਗੇ, ਜਦੋਂ ਤੱਕ ਪਿੰਜਰੇ ਖੁਲ੍ਹਦੇ ਨਹੀਂ।
ਕੈਦ ਹੋ ਕੇ ਵੀ ਪਰਿੰਦੇ ਉੱਡਣਾ ਭੁਲਦੇ ਨਹੀਂ।

ਪੁੱਛਦਾ ਰੰਗਾਂ ਨੂੰ ਅਕਸਰ ਹੀ ਲਲਾਰੀ ਅੱਕਿਆ,
ਜ਼ਿੰਦਗੀ ਮੇਰੀ 'ਚ ਬੇਰਹਿਮੋ ਕਿਉਂ ਘੁਲ਼ਦੇ ਨਹੀਂ।

ਹੰਝੂਆਂ ਵਾਂਗੂੰ ਕਈ ਰਿਸ਼ਤੇ ਨੇ ਪਲਕੀਂ ਲਟਕਦੇ,
ਜੋ ਬਣੇ ਮੋਤੀ ਵੀ ਨਾ, ਮਿੱਟੀ 'ਚ ਵੀ ਡੁਲ੍ਹਦੇ ਨਹੀਂ।

ਵਕਤ ਦੇ ਸੰਗ ਜ਼ਖ਼ਮ ਵੀ ਭਰਦੇ ਨੇ ਘਟਦੈ ਦਰਦ ਵੀ,
ਉਮਰ ਲੰਘ ਜਾਂਦੀ ਹੈ ਪਰ ਕੁਝ ਹਾਦਸੇ ਭੁਲਦੇ ਨਹੀਂ।

ਰੜਕਦੇ ਮੰਡੀ ਦੀ ਅੱਖ ਅੰਦਰ ਉਹ ਸਾਰੇ ਲੋਕ ਹੀ,
ਵਸਤੂਆਂ ਵਾਂਗੂੰ ਕਿਸੇ ਕੀਮਤ 'ਤੇ ਜੋ ਤੁਲਦੇ ਨਹੀਂ।

## – 2 –

ਤਿੜਕੇ ਬੂਹੇ ਬਿਰਧ ਦੀਵਾਰਾਂ ਨੂੰ ਕਾਹਦਾ ਧਰਵਾਸ।
ਘਰ ਦੀ ਰੌਣਕ ਸਨ ਜੋ ਕਰ ਗਏ ਉਮਰਾਂ ਲਈ ਪਰਵਾਸ।

ਮੇਰੇ ਪਿੰਡ ਵਿਚ ਰਹਿੰਦੇ ਕਿੰਨੇ ਹੀ ਅਣਗੌਲ਼ੇ ਰਾਮ,
ਅਪਣੇ-ਅਪਣੇ ਘਰ ਵਿਚ ਜਿਹੜੇ ਭੋਗ ਰਹੇ ਬਨਵਾਸ।

ਓਸ ਨਦੀ ਨੇ ਤਾਂ ਨਈਂ ਕੀਤਾ ਪਾਣੀ ਤੋਂ ਇਨਕਾਰ,
ਮੇਰੇ ਅੰਦਰ ਮਾਰੂਥਲ ਸੀ ਬੁਝਦੀ ਕਿੰਝ ਪਿਆਸ।

ਆਪਾਂ ਤਾਂ ਖੇਤਾਂ ਵਿਚ ਬੀਜੇ ਸਨ ਸੱਧਰਾਂ ਦੇ ਬੀਜ,
ਜ਼ਹਿਰੀ ਰੁੱਤ ਕੀ ਕਰ ਗਈ ਖੌਰੇ, ਉੱਗ ਪਈ ਸਲਫਾਸ।

ਮਾਂ ਹੀ ਵਾਪਸ ਆ ਜਾਵੇ ਬਸ ਕੀ ਕਰਨੀ ਐ ਚੋਗ,
ਵਹਿਸ਼ੀ ਰੁੱਤ 'ਚ ਕੀਤੀ ਕੰਬਦੇ ਬੋਟਾਂ ਨੇ ਅਰਦਾਸ।

## - 3 -

ਤੂੰ ਫੁੱਲ ਦੀ ਥਾਂ ਭਾਵੇਂ ਆਜੀਂ ਕਟਾਰ ਲੈ ਕੇ।
ਆਈਂ ਨਾ ਪਰ ਤੂੰ ਅਪਣੇ ਚਿਹਰੇ ਹਜ਼ਾਰ ਲੈ ਕੇ।

ਤੈਨੂੰ ਸਮਝ ਨਾ ਆਉਣਾ ਹੈ ਕਿੰਨਾ ਔਖਾ ਜਿਉਣਾ,
ਪੈਰਾਂ 'ਚ ਮਸਲੇ ਫੁੱਲ ਦਾ ਦਿਲ ਉੱਤੇ ਭਾਰ ਲੈ ਕੇ।

ਪਹਿਲਾਂ ਇਹ ਦੇਖ ਲੈ ਕਿ ਉਸ ਧੜ 'ਤੇ ਸੀਸ ਵੀ ਹੈ?
ਚੱਲਿਆ ਏਂ ਜਿਸ ਲਈ ਤੂੰ ਫੁੱਲਾਂ ਦਾ ਹਾਰ ਲੈ ਕੇ।

ਉਹ ਆਖੇ ਪਰਤ ਜਾਓ, ਘਰ ਮੇਰਾ ਮੋਮ ਦਾ ਹੈ,
ਪਹੁੰਚੇ ਸੀ ਬਲ਼ਦੀ ਰੂਹ ਨੂੰ ਜਿਸ ਦੇ ਦੁਆਰ ਲੈ ਕੇ।

ਕੱਚੇ ਤਾਂ ਖੁਰ ਹੀ ਜਾਂਦੇ ਰਸਤੇ 'ਚ ਭੁਰ ਹੀ ਜਾਂਦੇ,
ਆਖ਼ਰ ਜਨੂੰਨ ਜਾਵੇ ਨਦੀਆਂ ਤੋਂ ਪਾਰ ਲੈ ਕੇ।

## – 4 –

ਖ਼ੁਦ ਜਿਹੜੇ ਨਾਕਾਮ ਰਹਿ ਗਏ ਕੁਝ ਸਿਰਜਣ ਜਾਂ ਜੋੜਨ ਵਿਚ।
ਉਹ ਲੋਕੀਂ ਮਸ਼ਰੂਫ ਬੜੇ ਨੇ ਅਜਕਲ੍ਹ ਮੈਨੂੰ ਤੋੜਨ ਵਿਚ।

ਮੋਏ ਨਈਂ ਸਨ ਲੋਕੀਂ ਇਹ ਬਸ ਗੂੜ੍ਹੀ ਨੀਂਦ ਹੀ ਸੁੱਤੇ ਸਨ,
ਸਾਡੇ ਕੋਲੋਂ ਰਹਿ ਗਈ ਸ਼ਾਇਦ ਕੋਈ ਕਸਰ ਝੰਜੋੜਨ ਵਿਚ।

ਤੇਰੇ ਸਾਰੇ ਮੰਤਰ ਤੰਤਰ ਉਹਨੂੰ ਨਹੀਂ ਮਿਲਾ ਸਕਦੇ ਜੇ,
ਚਲ ਕੋਈ ਕਰਾਮਾਤ ਵਿਖਾ ਫਿਰ ਉਹਦੀ ਯਾਦ ਵਿਛੋੜਨ ਵਿਚ।

ਜਿੱਦਾਂ ਤੁਪਕਾ ਤੁਪਕਾ ਕਰ ਕੇ ਪੀਨਾ ਏਂ ਤੂੰ ਰੱਤ ਸਾਡੀ,
ਇੰਝ ਤਾਂ ਉਮਰਾਂ ਲਾ ਦੇਵੇਂਗਾ ਸਾਰਾ ਖ਼ੂਨ ਨਿਚੋੜਨ ਵਿਚ।

# ਲਹਿੰਦੇ ਪੰਜਾਬ ਦੀ ਗ਼ਜ਼ਲ

## ਬਾਬਾ ਨਜਮੀ

**- 1 -**

ਇਸ਼ਕ ਦੀ ਬਾਜ਼ੀ ਜਿੱਤਣ ਨਾਲ਼ੋਂ ਹਰ ਜਾਈਏ ਤੇ ਚੰਗਾ ਏ।
ਭੱਜਣ ਨਾਲੋਂ ਵਿਚ ਮੈਦਾਨੋ ਮਰ ਜਾਈਏ ਤਾਂ ਚੰਗਾ ਏ।

ਚੜ੍ਹੀ ਹਨੇਰੀ ਰੱਬ ਈ ਜਾਣੇ ਕਿਹੜਾ ਰੰਗ ਵਿਖਾਏਗੀ,
ਇਹਦੇ ਆਉਣ ਤੋਂ ਪਹਿਲਾਂ ਪਹਿਲਾਂ ਘਰ ਜਾਈਏ ਤੇ ਚੰਗਾ ਏ।

ਖ਼ੌਰੇ ਕੱਲ ਮਿਲੇ ਨਾ ਮੌਕਾ ਫੇਰ ਇਕੱਠਿਆਂ ਹੋਵਣ ਦਾ,
ਕੱਲ੍ਹ ਦੀਆਂ ਵੀ ਕੁਝ ਅੱਜ ਗੱਲਾਂ ਕਰ ਜਾਈਏ ਤੇ ਚੰਗਾ ਏ।

ਕਿਉਂ ਵੇਲੇ ਦੀ ਉਂਗਲ ਫੜ ਕੇ ਬਾਲ ਸਦਾਈਏ ਲੋਕਾਂ ਤੋਂ,
ਨਕਲਾਂ ਨਾਲ਼ੋਂ ਕੋਰਾ ਪਰਚਾ ਧਰ ਜਾਈਏ ਤੇ ਚੰਗਾ ਏ।

ਰਹਿ ਦੁਨੀਆਂ ਤੇ ਸੱਤਰ ਆਖ਼ਿਰ ਜਿਹੜਾ ਹੋਕਾ ਦੇਂਦਾ ਏ,
ਏਸ ਵਿਚਾਰੇ ਨਾਲ਼ ਵੀ ਸੌਦਾ ਕਰ ਜਾਈਏ ਤੇ ਚੰਗਾ ਏ।

ਖੂਹ ਗ਼ਰਜਾਂ ਦਾ ਸਦੀਆਂ ਹੋਈਆਂ ਸਾਡੇ ਕੋਲੋਂ ਭਰਿਆ ਨਈਂ,
ਅਜੇ ਵੀ ਵੇਲਾ ਇਹਦੇ ਕੋਲੋਂ ਡਰ ਜਾਈਏ ਤੇ ਚੰਗਾ ਏ।

ਖ਼ੌਰੇ ਕੱਲ੍ਹ ਨੂੰ ਪੀੜ ਮਨਾਵੇ ਜੁੱਸਾ 'ਬਾਬਾ' ਫੁੱਲਾਂ ਦੀ,
ਪਰਖ ਕਰਾਉਣ ਲਈ ਕੁਝ ਪੱਥਰ ਜਰ ਜਾਈਏ ਤੇ ਚੰਗਾ ਏ।

## - 2 -

ਅੱਗ ਵੀ ਹੱਦੋਂ ਬਹੁਤੀ ਦਿੱਤੀ, ਫਿਰ ਵੀ ਭਾਂਡੇ ਪਿੱਲੇ ਰਹੇ।
ਭਾਂਬੜ ਜਿਹੀਆਂ ਧੁੱਪਾਂ ਵਿੱਚ ਵੀ ਮੇਰੇ ਲੀੜੇ ਗਿੱਲੇ ਰਹੇ।

ਦੋਸ਼ ਦਿਓ ਨਾ ਝੱਖੜਾਂ ਉੱਤੇ ਸਿਰ ਤੋਂ ਉੱਡੇ ਤੰਬੂਆਂ ਦਾ,
ਕਿੱਲੇ ਠੀਕ ਨਈਂ ਠੋਕੇ, ਖ਼ੌਰੇ ਸਾਥੋਂ ਰੱਸੇ ਢਿੱਲੇ ਰਹੇ।

ਐਧਰ ਗੱਭਰੂ ਲਾਸ਼ਾਂ ਡਿੱਗੀਆਂ, ਸੀਨੇ ਪਾਟੇ ਮਾਵਾਂ ਦੇ,
ਓਧਰ ਠੀਕ ਨਿਸ਼ਾਨੇ ਬਦਲੇ ਲਗਦੇ ਤਕਮੇ ਬਿੱਲੇ ਰਹੇ।

ਮੈਂ ਵੀ ਧੀ ਸੀ ਡੋਲੇ ਪਾਉਣੀ ਸੂਹਾ ਚੂੜਾ ਲੈਣ ਗਿਆ,
ਵੇਖ ਕੇ ਮੇਰੀ ਹਾਲਤ ਵੱਲੇ ਹਸਦੇ ਗੋਟੇ ਤਿੱਲੇ ਰਹੇ।

ਰਸਤਾ, ਪੈਂਡਾ, ਵੇਲਾ ਇੱਕੋ ਮੰਜ਼ਿਲ ਉੱਤੇ ਅਪੜਨ ਦਾ,
ਪਿੱਟਣਗੇ ਤਕਦੀਰਾਂ ਬਹਿ ਕੇ, ਜ਼ਰਾ ਵੀ ਜਿਹੜੇ ਜਿੱਲ੍ਹੇ ਰਹੇ।

ਇਕ ਦਿਹਾੜੇ ਬੱਦਲ ਵਸਿਆ, ਜਸ਼ਨ ਮਨਾਇਆ ਚੌਧਰੀਆਂ,
ਝੁੱਗੀਆਂ ਦੇ ਫਿਰ ਕਈ ਦਿਹਾੜੇ ਬਾਲਣ ਚੁੱਲ੍ਹੇ ਸਿੱਲ੍ਹੇ ਰਹੇ।

ਸਾਡਾ ਹਾਲ ਵੀ ਪੁੱਛਣ ਜੋਗੀ ਉਹਨਾਂ ਪੱਲੇ ਫੁਰਸਤ ਨਈਂ,
ਜਿਨ੍ਹਾਂ ਦੀ ਤੰਦਰੁਸਤੀ ਦੇ ਲਈ 'ਬਾਬਾ' ਕੱਟਦੇ ਚਿੱਲੇ ਰਹੇ।

## - 3 -

ਮਸਜਿਦ ਮੇਰੀ ਤੂੰ ਕਿਉਂ ਢਾਹਵੇਂ, ਮੈਂ ਕਿਉਂ ਢਾਹਵਾਂ ਮੰਦਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ, ਇਕ ਦੂਜੇ ਦੇ ਅੰਦਰ ਨੂੰ।

ਸਦੀਆਂ ਵਾਂਗੂ ਅਜ ਵੀ ਕੁਝ ਨਈਂ ਜਾਣਾ ਮਸਜਿਦ ਮੰਦਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ, ਤੇਰੇ ਮੇਰੇ ਖੰਜਰ ਨੂੰ।

ਡੁੱਬੇ ਵਿਚ ਸਮੁੰਦਰ ਬੇੜੇ, ਸਾਥੋਂ ਹਾਲੇ ਨਿਕਲੇ ਨਈਂ,
ਦੇਖੋ ਢੋਲ ਵਜਾ ਕੇ ਚੱਲੇ ਫੋਲਣ ਉਹਦੇ ਅੰਬਰ ਨੂੰ।

ਕਦੇ ਕਦੇ ਤੇ ਏਹੋ ਜਿਹੀ ਵੀ ਹਰਕਤ ਬੰਦਾ ਕਰਦਾ ਏ,
ਅਪਣਾ ਮੂੰਹ ਲੁਕਾਉਣਾ ਔਖਾ ਹੋ ਜਾਂਦਾ ਏ ਡੰਗਰ ਨੂੰ।

ਅਸਾਂ ਨਈਂ ਆਉਣਾ 'ਬਾਬਾ' ਤੇਰਾ ਮੁੜ ਕੇ ਮੇਲਾ ਦੇਖਣ ਲਈ,
ਸ਼ਕਲਾਂ ਦੇਖ ਕੇ ਦੇਂਦੇ ਨੇ ਵਰਤਾਵੇ ਤੇਰੇ ਲੰਗਰ ਨੂੰ।

## – 4 –

ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ।
ਉੱਗਣ ਵਾਲੇ ਉੱਗੇ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ।

ਮੰਜ਼ਿਲ ਦੇ ਮੱਥੇ ਦੇ ਉੱਤੇ ਤਖਤੀ ਲੱਗਦੀ ਉਹਨਾਂ ਦੀ,
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ।

ਸੂਲੀ ’ਤੇ ਮਨਸੂਰ ਨੂੰ ਟੰਗਦੇ ਕਦੀ ਵੀ ਨਾ ਬੇਇਲਮੇ ਲੋਕ,
ਜੇ ਕੋਈ ਸ਼ਹਿਰ ਦਾ ਦਾਨਾ ਦੱਸਦਾ ਮਤਲਬ ਉਹਦੇ ਅੱਖਰਾਂ ਦਾ।

ਥਾਂਓਂ ਥਾਂਈਂ ਜੇ ਹੋ ਜਾਈਏ ਆਦੀ ਫਰਜ਼ ਨਿਭਾਵਣ ਦੇ,
ਕਦੇ ਨਾ ਕਰੀਏ ਇਕ ਦੂਜੇ ਦੇ ਅੱਗੇ ਠੂਠਾ ਸੱਧਰਾਂ ਦਾ।

ਤੇਰੇ ਸ਼ਹਿਰ ਦੇ ‘ਬਾਬਾ ਨਜਮੀ’ ਕਿਸੇ ਵੀ ਸਿਰ ਨੂੰ ਕੱਜਿਆ ਨਈਂ,
ਏਥੇ ਕਿਸਰਾਂ ਹੋਕਾ ਲਾਵਾਂ ਬੁਰਕਿਆਂ ਦਾ ਤੇ ਚੱਦਰਾਂ ਦਾ।

# ਸਾਬਿਰ ਅਲੀ ਸਾਬਿਰ

**- 1 -**

ਜਿਉਂਦਾ ਨਹੀਂ ਉਹ ਜਿਹੜਾ ਚੁੱਪ ਏ।
ਵੇਖੋ ਕਿਹੜਾ ਕਿਹੜਾ ਚੁੱਪ ਏ।

ਬੋਲ ਚੰਦਰੀਏ ਜੀਭੇ ਬੋਲ,
ਪਿੱਛੇ ਸਾਰਾ ਵਿਹੜਾ ਚੁੱਪ ਏ।

ਫਿਰ ਅੱਜ ਕਾਗ ਬਨੇਰੇ ਬੈਠਾ,
ਹੋਣੈ ਹਿਜਰ ਸੁਨੇਹੜਾ, ਚੁੱਪ ਏ।

ਗੱਲ ਮੈਂ ਕੁਝ ਕੁਝ ਸਮਝ ਗਿਆ ਵਾਂ,
ਠੀਕ ਏ, ਛੱਡੋ ਖਹਿੜਾ, ਚੁੱਪ ਏ।

ਏਥੇ ਸਾਰੇ 'ਸਾਬਰ' ਤੇ ਨਹੀਂ,
ਜਿਹੜਾ ਰਿੜਦੈ ਰੇੜ੍ਹਾ, ਚੁੱਪ ਏ।

**– 2 –**

ਜੋ ਅੱਖਾਂ ਨੀਵੀਆਂ ਨੇ ਸ਼ੀਸ਼ਿਆਂ ਦੇ ਸਾਹਮਣੇ ਬਹਿ ਕੇ
ਤੇ ਕੰਧਾਂ ਨੂੰ ਸੁਨਾਣੀ ਏ,
ਬੜੀ ਲੰਮੀ ਕਹਾਣੀ ਏ
ਮਿਰਾ ਮਤਲਬ ਕਿ ਪਲਕਾਂ ਮੁੱਢ ਜੰਮੀ ਲੂਣੀਆਂ ਬਰਫ਼ਾਂ ਦੀ ਜਿਹੜੀ
ਤਹਿ ਪੁਰਾਣੀ ਏਂ,
ਬੜੀ ਲੰਮੀ ਕਹਾਣੀ ਏ।

ਗ਼ੁਲਾਮਾਂ ਦੇ ਗ਼ੁਲਾਮਾਂ ਦੀ ਗ਼ੁਲਾਮੀ ਕਰਦਿਆਂ ਹੋਇਆਂ
ਵਫ਼ਾ ਦੀ ਰੀਤ ਚੱਲੀ ਸੀ, ਜਵਾਨੀ ਬੀਤ ਚੱਲੀ ਸੀ
ਕਿਸੇ ਜੁਗਨੂੰ ਨੇ ਦੱਸਿਆ ਏ
ਹਨ੍ਹੇਰਾ ਨਾਲ ਨਹੀਂ ਜੰਮਿਆ, ਤਿਰੇ ਪੁਰਖਾਂ ਦਾ ਹਾਣੀ ਏਂ,
ਬੜੀ ਲੰਮੀ ਕਹਾਣੀ ਏ।

ਇਹ ਸ਼ਾਹਵਾਂ ਨੂੰ ਬਚਾਵਣ ਲਈ
ਜੋ ਸਾਵੇ, ਲਾਲ, ਕਾਲ਼ੇ
ਝੰਡਿਆਂ ਦੇ ਨਾਲ ਖਹਿੰਦੇ ਨੇ
ਤੇ ਸਾਨੂੰ ਯਾਰ ਕਹਿੰਦੇ ਨੇ,
ਅਸੀਂ ਇਹ ਸਮਝਦੇ ਕਿਉਂ ਨਹੀਂ ਕਿ ਸਾਡੇ ਖ਼ੂਨ ਪਾਣੀ ਤੇ
ਇਹਨਾਂ ਦਾ ਤੇਲ ਪਾਣੀ ਏਂ,
ਬੜੀ ਲੰਮੀ ਕਹਾਣੀ ਏ।

ਮੈਂ ਅਕਸਰ ਸੋਚਦਾ ਰਹਿਨਾਂ ਖ਼ੁਦਾ ਤਸਲੀਮ ਕੀਤਾ ਏ
ਖ਼ੁਦਾ ਤਸਲੀਮ ਨਹੀਂ ਕਰਦਾ
ਜਮ੍ਹਾ, ਤਕਸੀਮ ਨਹੀਂ ਕਰਦਾ
ਫਿਰ ਆਪੇ ਸਮਝ ਜਾਨਾਂ ਹਾਂ ਖ਼ੁਦਾਵਾਂ ਦੇ ਖ਼ੁਦਾਵਾਂ ਤੋਂ
ਖ਼ੁਦਾ ਨੇ ਮਾਰ ਖਾਣੀ ਏਂ।
ਬੜੀ ਲੰਮੀ ਕਹਾਣੀ ਏ

ਕਦੀ ਤੂੰ ਸੋਚਿਆ ਕਿਉਂ ਨਹੀਂ ਜੇ ਹੋਰਾਂ ਵਾਂਗ 'ਸਾਬਰ' ਵੀ
ਤਿਰੇ ਕੁਨ-ਕੁਨ 'ਤੇ ਕੰਨ ਧਰਦਾ,
ਜ਼ਬਰ ਨੂੰ ਜ਼ੇਰ ਨਾ ਕਰਦਾ
ਇਹ ਮੇਰਾ ਮੋਅਜਜ਼ਾ ਏ ਕਿ ਤੇਰੇ ਆਦਮ ਤੋਂ ਪਹਿਲਾਂ ਦੀ
ਮੈਂ ਕੋਈ ਰਮਜ਼ ਜਾਣੀ ਏਂ
ਬੜੀ ਲੰਮੀ ਕਹਾਣੀ ਏ।

## - 3 -

ਐਵੇਂ ਤੇ ਨਹੀਂ ਤੇਰੀਆਂ ਸ਼ਾਮਾਂ ਤੋਂ ਦਿੱਤਾ ਵਾਰ ਦਿਨ।
ਮੈਂ ਕਿਸੇ ਤੋਂ ਸੁਣ ਲਿਆ ਸੀ ਜ਼ਿੰਦਗੀ ਏ ਚਾਰ ਦਿਨ।

ਤੂੰ ਕੀ ਜਾਣੇ ਰਾਤ ਨੂੰ ਸੁਫ਼ਨੇ ’ਚ ਆਵਣ ਵਾਲਿਆ,
ਤੇਰੇ ਬਾਝੋਂ ਗੁਜ਼ਰਦੇ ਨੇ ਕਿਸ ਤਰ੍ਹਾਂ ਬੇਕਾਰ ਦਿਨ।

ਨਿਕਲ ਆ ਓਏ, ਨਿਕਲ ਆ ਓਏ, ਬਿਸਤਰੇ ’ਚੋਂ ਸੂਰਜਾ,
ਸ਼ਹਿਰ ’ਤੇ ਅਣਹੋਣੀਆਂ ਰਾਤਾਂ ਦੇ ਮੂੰਹ ’ਤੇ ਮਾਰ ਦਿਨ।

ਕੀ ਤਨਾਸਬ ਰੱਖਿਆ ਏ ਜੀਵਨ ਦਾ ਦੁਨੀਆ ਵਾਲਿਆਂ?
ਵਸਲ ਦੀ ਬਸ ਇੱਕ ਘੜੀ ਤੇ ਜ਼ਿੰਦਗੀ ਦੇ ਚਾਰ ਦਿਨ।

ਦਿਨ ਫਿਰਨ, ਜੇ ਦਿਨ ਚੜ੍ਹੇ ਤੇ ਮਿਲ ਪਵੇਂ ਤੂੰ ‘ਸਾਬਰਾ’,
ਬਾਹੋਂ ਫੜ ਕੇ ਡੁੱਬਦੀਆਂ ਨਸਲਾਂ ਦੇ ਦਈਏ ਤਾਰ ਦਿਨ।

## - 4 -

ਮੈਂ ਜੋ ਮਹਿਸੂਸ ਕਰਨਾਂ ਵਾਂ ਜੇ ਉਹ ਸਭ ਲੀਕਣਾ ਚਾਹਵਾਂ ਤੇ ਅੱਖਰ ਸਾਥ ਨਹੀਂ ਦੇਦੇ।
ਜਿਵੇਂ ਡਾਹਢੇ ਕਿਸੇ ਵੇਲੇ ਤੇ ਅਕਸਰ ਚਲਦੀਆਂ ਸਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਪੰਜੀਰੀ ਤਾਰਿਆਂ ਦੀ ਜੇ ਬਣਾ ਕੇ ਖਾਵਣਾ ਚਾਹਵਾਂ ਤੇ ਇਹਦਾ ਮੁੱਲ ਪਾਵਾਂਗਾ,
ਮੈਂ ਦੱਸ ਦੇਵਾਂਗਾ ਸੂਰਜ ਨੂੰ ਕਿਵੇਂ ਬਰਫ਼ੀਲੀਆਂ ਰਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਮਿਰੀ ਜੋ ਅੱਖ ਦੇ ਛਾਲੇ ਸੀ ਰੋ-ਰੋ ਚੰਡੀਆਂ ਬਣ ਗਏ ਕਿ ਕੋਈ ਗੱਲ ਨਹੀਂ ਕਰਦਾ,
ਚਿਖਾ ਹੁਣ ਚੁੱਪ ਦੀ ਬਲਦੀ 'ਚ ਅਪਣੀ ਜੀਭ ਵੀ ਡਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਸਫਾਈ ਦਾ ਜੇ ਮੌਕਾ ਏ ਤੇ ਮੈਨੂੰ ਖੋਲ੍ਹ ਵੀ ਦੇਵੋ ਮਸ਼ੀਨਾਂ ਵਰਗਿਓ ਲੋਕੋ,
ਤੁਹਾਨੂੰ ਕੀ ਪਤਾ ਹੋਵੇ ਕਿ ਹੋਵਣ ਬੱਝੀਆਂ ਬਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਕਿਸੇ ਦਿਨ ਚੱਬ ਕੇ ਸੂਰਜ ਹਵਾ ਵਿਚ ਫੁੜਕੜਾ ਮਾਰਨ ਤੇ ਵੀ ਮਜਬੂਰ ਹੋ ਸਕਨਾਂ,
ਕਿਉਂ ਜੇ ਸੋਚ ਦਾ ਚਾਨਣ ਜੇ ਹੁਣ ਕਾਗਜ਼ ਤੇ ਮੈਂ ਲਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਗ਼ਜ਼ਲ ਦੀ ਮਾਂਗ ਭਰਨੀ ਸੀ ਤੇ ਸਾਹ ਦਾ ਵੇਲਣਾ ਜੋਇਆ ਏ ਪੀੜਾਂ ਪੀੜ ਲਈਆਂ ਨੇ,
ਖ਼ਿਆਲਾਂ ਦੇ ਜੇ ਖਿਲਵਾੜੇ 'ਚ ਅਪਣਾ ਆਪ ਨਾ ਗਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

ਮੁਸੱਵਰ ਹੋ ਗਏ ਪੱਧਰ ਤੇ ਸਾਰੇ ਰੰਗ ਉਹਨਾਂ ਦੇ ਨਮੋਸ਼ੀ ਨਾਲ ਮਰ ਗਏ ਨੇ,
ਮੈਂ 'ਸਾਬਰ', ਹਾਂ ਜੇ ਉਹਦੇ ਲੂੰ ਦਾ ਵੀ ਨਕਸ਼ਾ ਕਦੇ ਵਾਹਵਾਂ ਤੇ ਅੱਖਰ ਸਾਥ ਨਹੀਂ ਦੇਂਦੇ।

# ਤਜੰਮੁਲ ਕਲੀਮ

**- 1 -**

ਮਿਲਨੇ ਗਿਲਨੇ ਓਦੂੰ ਬਾਅਦ ਵਿਛੋੜੇ ਵੀ।
ਅਰਸ਼ਾਂ 'ਤੇ ਜੂ ਬਣ ਜਾਂਦੇ ਨੇ ਜੋੜੇ ਵੀ।

ਭੋਰਾ ਨਹੀਂ ਅਹਿਸਾਨ ਲਿਆ ਮੈਂ ਜੀਵਨ ਦਾ,
ਜਿੰਨੇ ਸਾਹ ਉਸ ਦਿੱਤੇ ਓਨੇ ਮੋੜੇ ਵੀ।

ਪਹਿਲਾਂ ਜੁੱਸਾ ਫੱਟੋ-ਫੱਟ ਚਾ ਕਰਦੇ ਨੇ,
ਮੁੜਕੇ ਪੈਰੀਂ ਆ ਪੈਂਦੇ ਨੇ ਰੋੜੇ ਵੀ।

ਮੈਨੂੰ ਐਵੇਂ ਆਸ ਦੀ ਸੂਲੀ ਟੰਗਿਆ ਸੂ,
ਵਾਅਦਾ ਕੱਚਾ ਧਾਗਾ ਏ ਤੇ ਤੋੜੇ ਵੀ।

ਯਾਰ 'ਕਲੀਮਾ' ਪਿਆਰ ਨਸ਼ਾ ਜੇ ਕੀਤਾ ਈ,
ਤਗੜਾ ਹੋ ਕੇ ਸਹਿ ਦੂਰੀ ਦੇ ਕੋੜੇ ਵੀ।

## – 2 –

ਟਿੱਬਾ ਟੋਆ ਇਕ ਬਰਾਬਰ।
ਕਰਿਆ ਹੋਇਆ ਇਕ ਬਰਾਬਰ।

ਕਸਮੇ ਸੁਣ ਕੇ ਨੀਂਦਰ ਉੱਡੀ,
ਸੁੱਤਾ ਮੋਇਆ, ਇਕ ਬਰਾਬਰ।

ਮਾੜੇ ਘਰ ਨੂੰ ਬੂਹਾ ਕਾਹਦਾ,
ਖੁੱਲਾ, ਢੋਇਆ ਇਕ ਬਰਾਬਰ।

ਰਾਤੀਂ ਅੱਖ ’ਤੇ ਬੱਦਲ ਵੱਸੇ,
ਚੋਇਆ ਚੋਇਆ ਇਕ ਬਰਾਬਰ।

ਯਾਰ ‘ਕਲੀਮਾ’ ਜੋਗੀ ਅੱਗੇ,
ਸੱਪ ਗੰਡੋਇਆ ਇਕ ਬਰਾਬਰ।

## - 3 -

ਏਨਾਂ ਰੱਜ ਕੇ ਤੱਕਿਆ ਭੁੱਖਾਂ ਮਰ ਗਈਆਂ।
ਅਜ ਇਕ ਸੂਰਤ ਵੇਖ ਕੇ ਅੱਖਾਂ ਭਰ ਗਈਆਂ।

ਜਦ ਇਕ ਸੁਫ਼ਨਾ ਕੱਚੀ ਨੀਂਦਰ ਤੋੜ ਗਿਆ,
ਕੀ ਦੱਸਾਂ ਫਿਰ ਯਾਦਾਂ ਕਿਹੜੀ ਕਰ ਗਈਆਂ।

ਏਨਾ ਖ਼ੌਫ਼ ਲੁਟੀਚਣ ਦਾ ਸੀ ਜਿਹਨਾਂ ਵਿਚ,
ਪਿੱਛੇ ਆਉਂਦੇ ਵੀਰ ਤੋਂ ਭੈਣਾਂ ਡਰ ਗਈਆਂ।

ਸੁੱਚੇ ਰਿਸ਼ਤੇ ਵੀ ਹੁਣ ਕੂੜੇ ਲਗਦੇ ਨੇ,
ਮਾਵਾਂ ਜੋ ਰੂੜੀ ’ਤੇ ਬੱਚੇ ਧਰ ਗਈਆਂ।

ਯਾਰ ‘ਕਲੀਮਾ’ ਮੁੜ ਆਇਆ ਤਾਂ ਇੰਝ ਲੱਗਾ,
ਜਿਸਰਾਂ ਡੁੱਬੀਆਂ ਹੋਈਆਂ ਰਕਮਾਂ ਭਰ ਗਈਆਂ।

## - 4 -

ਸੋਚਾਂ ਦੀ ਵੱਲ ਕਿੱਧਰ ਗਈ।
ਸ਼ਿਅਰਾਂ ਦੀ ਡੱਲ ਕਿੱਧਰ ਗਈ।

ਡੁੱਬੀ ਬੇੜੀ ਲਭਦਾ ਨਈਂ,
ਵੇਖ ਰਿਹਾਂ ਛੱਲ ਕਿੱਧਰ ਗਈ।

ਦਾਰੂ ਪੀ ਕੇ ਪੁੱਛਦੇ ਉਹ,
ਕਿੱਕਰਾਂ ਦੀ ਖੱਲ ਕਿੱਧਰ ਗਈ।

ਰੈਫ਼ਲ ਤੇ ਮਕਤੂਲ* ਦੀ ਏ,
ਪਾਗਲ ਜਿਹੀ ਚੱਲ ਕਿੱਧਰ ਗਈ।

ਸੱਪ ਲੋਕਾਂ ਨੂੰ ਆਖੇ ਸੱਪ,
ਕਿਉਂ ਭਈ ਇਹ ਗੱਲ ਕਿੱਧਰ ਗਈ।

*ਜਿਸਦਾ ਕਤਲ ਕੀਤਾ ਗਿਆ ਹੋਵੇ

## ਤਾਹਿਰਾ ਸਰਾ

**– 1 –**

ਪਹਿਲੀ ਗੱਲ ਕਿ ਸਾਰੀ ਗ਼ਲਤੀ ਮੇਰੀ ਨਹੀਂ।
ਜੇ ਕਰ ਮੇਰੀ ਵੀ ਏ, ਕੀ ਮੈਂ ਤੇਰੀ ਨਹੀਂ?

ਉਹ ਕਹਿੰਦਾ ਏ ਪਿਆਰ ਤੇ ਜੰਗ ਵਿੱਚ ਜਾਇਜ਼ ਏ ਸਭ,
ਮੈਂ ਕਹਿਨੀ ਆਂ, ਊਂ ਹੂੰ ... ਹੇਰਾ ਫੇਰੀ ਨਹੀਂ।

ਕਿੱਸਰਾਂ ਡਰ ਦਾ ਘੁਣ ਖਾ ਜਾਂਦਾ ਏ ਨੀਂਦਰ ਨੂੰ,
ਤੂੰ ਕੀ ਜਾਣੇਂ ਤੇਰੇ ਘਰ ਜੋ ਬੇਰੀ ਨਹੀਂ।

ਮੇਰੀ ਮੰਨ ਤੇ ਆਪਣੇ–ਆਪਣੇ ਰਾਹ ਪਈਏ,
ਕੀ ਕਹਿਨਾਂ ਏਂ! ਜਿੰਨੀ ਹੋਈ ਬਥੇਰੀ ਨਹੀਂ?

'ਤਾਹਿਰਾ' ਪਿਆਰ ਦੀ ਖ਼ੌਰੇ ਕਿਹੜੀ ਮੰਜ਼ਿਲ ਏ,
ਸਭ ਕੁਝ ਮੇਰਾ ਏ, ਪਰ ਮਰਜ਼ੀ ਮੇਰੀ ਨਹੀਂ।

## - 2 -

ਖ਼ਤ ਖੋਲ੍ਹਾਂਗੀ ਕੱਠਿਆਂ ਕਰਕੇ ਰੱਖ ਦਾਂ ਗੀ।
ਮੈਂ ਯਾਦਾਂ ਨੂੰ ਯਾਦਾਂ ਕਰਕੇ ਰੱਖ ਦਾਂ ਗੀ।

ਉਹਨੇ ਜਿਹੜੇ ਗ਼ੁੱਸੇ ਦੇ ਵਿੱਚ ਕੀਤੇ ਨੇਂ,
ਸਾਰੇ ਮੈਸਿਜ ਨਜ਼ਮਾਂ ਕਰਕੇ ਰੱਖ ਦਾਂ ਗੀ।

ਖਾ ਬੈਠੀ ਆਂ ਸਹੁੰ ਸਰਘੀ ਦੇ ਤਾਰੇ ਦੀ,
ਆਪਣਾ ਜੁੱਸਾ ਕਿਰਨਾਂ ਕਰਕੇ ਰੱਖ ਦਾਂ ਗੀ।

ਹੁਣ ਜੇ ਮੈਨੂੰ ਜੰਨਤ ਵਿੱਚੋਂ ਕੱਢਿਆ ਤੇ,
ਸੱਭੇ ਫ਼ਸਲਾਂ ਕਣਕਾਂ ਕਰਕੇ ਰੱਖ ਦਾਂ ਗੀ।

ਵੇਖ ਲਏ ਨੇ ਦੋਵੇਂ ਰੁਖ਼ ਤਸਵੀਰਾਂ ਦੇ,
ਹੁਣ ਇਹਨਾਂ ਨੂੰ ਉੱਚਿਆਂ ਕਰਕੇ ਰੱਖ ਦਾਂ ਗੀ।

## - 3 -

ਕੀ ਕਹਿੰਦਾ ਏਂ, ਮੇਰੇ ’ਤੇ ਇਤਬਾਰ ਨਹੀਂ।
ਮਤਲਬ ! ਤੈਨੂੰ ਤੇਰੇ ’ਤੇ ਇਤਬਾਰ ਨਹੀਂ।

ਉਹਦੇ ਪਿੰਡੋਂ ਕਾਂ ਤੇ ਆਉਂਦੇ ਹੋਵਣਗੇ,
ਮੈਨੂੰ ਏਸ ਬਨੇਰੇ ’ਤੇ ਇਤਬਾਰ ਨਹੀਂ।

ਨੁਕਤੇ ਨੂੰ ਪ੍ਰਕਾਰ ਨੇ ਚੱਕਰ ਦਿੱਤਾ ਏ,
ਤਾਹੀਂਓ ਗੋਲ ਘਤੇਰੇ ’ਤੇ ਇਤਬਾਰ ਨਹੀਂ।

ਮੈਂ ਅੱਖਾਂ ’ਤੇ ਚੁੰਨੀ ਵਲ਼ ਕੇ ਸੌਂਨੀ ਆਂ,
ਸੁਫ਼ਨਾ ਕਹਿੰਦਾ ਏ ਨ੍ਹੇਰੇ ’ਤੇ ਇਤਬਾਰ ਨਹੀਂ।

ਪੱਖੀ ਵਾਸਣ* ਅੱਖ ਦਾ ਅੱਲ੍ਹਾ ਹਾਫ਼ਿਜ਼ ਏ,
ਜਿਹਨੂੰ ਆਪਣੇ ਡੇਰੇ ਤੇ ਇਤਬਾਰ ਨਹੀਂ।

ਦਿਲ ਦਰਿਆ ਅੱਜ ‘ਤਾਹਿਰਾ’ ਚੜ੍ਹਿਆ ਹੋਇਆ ਏ,
ਇਹਦੇ ਘੁੰਮਣਘੇਰੇ ’ਤੇ ਇਤਬਾਰ ਨਹੀਂ।

*ਪੱਖੀ ਵਾਸਣ–ਖ਼ਾਨਾਬਦੋਸ਼

## - 4 -

ਬੱਸ ਮੈਂ ਆਪਣੇ ਆਪ ਦੀ ਮੁਨਕਰ ਨਹੀਂ ਹੋਈ।
ਨਹੀਂ ਤੇ ਤੇਰੇ ਪਿੱਛੇ ਕਾਫ਼ਰ ਨਹੀਂ ਹੋਈ।

ਉੱਚੀ ਅੱਡੀ ਵਾਲੀ ਜੁੱਤੀ ਪਾ ਕੇ ਵੀ,
ਮੈਂ ਸ਼ਮਲੇ ਦੇ ਕੱਦ ਬਰਾਬਰ ਨਹੀਂ ਹੋਈ।

ਉਹ ਮੇਰੇ ਲਈ ਤਾਰੇ ਤੋੜ ਲਿਆਇਆ ਏ,
ਦਿਲ ਦੀ ਧਰਤੀ ਐਵੇਂ ਅੰਬਰ ਨਹੀਂ ਹੋਈ।

ਤਿੰਨ ਫ਼ੁੱਟ ਉੱਤੇ ਆਂ ਤੇ ਤੀਹ ਫ਼ੁੱਟ ਥੱਲੇ ਆਂ,
ਮੈਂ ਜਿੰਨੀ ਆਂ ਓਨੀ ਜ਼ਾਹਿਰ ਨਹੀਂ ਹੋਈ।

ਜੋ ਜੋ ਕਹਿੰਦਾ ਏ ਮੈਂ ਮੰਨੀ ਜਾਨੀ ਆਂ,
ਗੱਲ ਅਜੇ ਤੱਕ ਸਮਝੋਂ ਬਾਹਰ ਨਹੀਂ ਹੋਈ।

ਸੋਚ ਜ਼ਰਾ ਤੂੰ ਇੰਜ ਦੀ ਕੋਈ ਸੱਧਰ ਹੈ,
ਜਿਹੜੀ ਤੈਨੂੰ ਵੇਖ ਕੇ ਤਿੱਤਰ ਨਹੀਂ ਹੋਈ।

ਵੇਖਣ ਵਾਲੇ ਵੇਖਕੇ ਪੱਥਰ ਹੋ ਗਈ ਏ,
'ਤਾਹਿਰਾ' ਸ਼ੀਸ਼ਾ ਵੇਖ ਕੇ ਪੱਥਰ ਨਹੀਂ ਹੋਈ।

## ਵਹੀਦ ਰਜ਼ਾ

**- 1 -**

ਕੋਈ ਰਸਤਾ ਨਜ਼ਰ ਨਹੀਂ ਆਂਦਾ।
ਪੰਧ ਮੁਕਦਾ ਨਜ਼ਰ ਨਹੀਂ ਆਂਦਾ।

ਫਿਰ ਖਲੋਣਾ ਮੇਰੀ ਤੌਹੀਨ ਏ ਜੀ,
ਜੇ ਮੈਂ ਬੈਠਾ ਨਜ਼ਰ ਨਹੀਂ ਆਂਦਾ।

ਘਰ ਤੇ ਅਪਣਾ ਈ ਮੈਨੂੰ ਲਗਦਾ ਏ,
ਕੋਈ ਅਪਣਾ ਨਜ਼ਰ ਨਹੀਂ ਆਂਦਾ।

ਅੱਖ ਨਦੀਦੀ ਏ ਵਿਲਕਦੀ ਫਿਰਦੀ,
ਹਾਇ ! ਉਹ ਚਿਹਰਾ ਨਜ਼ਰ ਨਹੀਂ ਆਂਦਾ।

ਹੱਕ ਏ ਕੀੜੀ ਨੂੰ ਵੇਖ ਕੇ ਟੁਰਨਾ,
ਤੈਨੂੰ ਬੰਦਾ ਨਜ਼ਰ ਨਹੀਂ ਆਂਦਾ।

## – 2 –

ਲਬਾਂ 'ਤੇ ਜੋ ਦੁਹਾਈਆਂ ਨੇ।
ਜਵਾਬੀ ਕਾਰਵਾਈਆਂ ਨੇ।

ਅਸੀਂ ਫ਼ਿਤਰਤ ਦੇ ਕੈਦੀ ਆਂ,
ਮਰਨ ਮਗਰੋਂ ਦੁਹਾਈਆਂ ਨੇ।

ਅਸੂਲਾਂ 'ਤੇ ਸੁਲਹ ਸਾਡੀ,
ਅਸੂਲਾਂ 'ਤੇ ਲੜਾਈਆਂ ਨੇ।

ਅਕੀਦਾ ਡੋਲ ਸਕਦਾ ਏ,
ਘਰੇ ਭੁੱਖਾਂ ਜੋ ਆਈਆਂ ਨੇ।

ਇਹ ਧੂੰਆਂ ਕਿਹਨੂੰ ਲੋੜੀਂਦਾ ਐ,
ਇਹ ਅੱਗਾਂ ਕਿਹਨੇ ਲਾਈਆਂ ਨੇ।

## – 3 –

ਅਪਣੇ ਅੱਖਰਾਂ ਅੰਦਰ ਜ਼ਿੰਦਾ ਰਹਿਣਾ ਏ।
ਜੀ ਮੈਂ ਸਦੀਆਂ ਤੀਕਰ ਜ਼ਿੰਦਾ ਰਹਿਣਾ ਏ।

ਮੌਤ ਤੋਂ ਡਰਦੇ ਲੋਕੋ ਡਰਨਾ ਕਿਸ ਗੱਲ ਦਾ,
ਮਰ ਕੇ ਵੀ ਤੇ ਆਖ਼ਰ ਜ਼ਿੰਦਾ ਰਹਿਣਾ ਏ।

ਜ਼ਿੰਦਾ ਰਹਿਣ ਦਾ ਮਤਲਬ ਜ਼ਿੰਦਾ ਰਹਿਣਾ ਨਈਂ,
ਇਕ ਦੂਜੇ ਦੀ ਖ਼ਾਤਰ ਜ਼ਿੰਦਾ ਰਹਿਣਾ ਏ।

ਪਾਣੀ ਬੰਦ ਕਰਨ ਵਾਲੇ ਤੇ ਮਰ ਮਿਟ ਗਏ,
ਪਰ ਕੱਸੀਆਂ ਦਾ ਲਸ਼ਕਰ ਜ਼ਿੰਦਾ ਰਹਿਣਾ ਏ।

ਸੁੱਤਿਆਂ ਨੂੰ ਦਫ਼ਨਾਣ ਦੀ ਨੌਬਤ ਆ ਗਈ ਏ,
ਸੌਂ ਨਾ ਜਾਣਾ ਜੇਕਰ ਜ਼ਿੰਦਾ ਰਹਿਣਾ ਏ।

## – 4 –

ਸ਼ਾਇਰੀ ਦਾ ਸ਼ੁਕਰੀਆ ਨੁਕਸਾਨ ਕੋਲੋਂ ਬਚ ਗਿਆ।
ਸ਼ਿਅਰ ਕਹਿ ਕੇ ਸੋਚ ਦੇ ਸਰਕਾਨ ਕੋਲੋਂ ਬਚ ਗਿਆ।

ਬਚ ਨਾ ਸਕਿਆ ਉਹਦੀਆਂ ਅੱਖਾਂ ਦੇ ਤਿੱਖੇ ਵਾਰ ਤੋਂ,
ਤੀਰ ਕੋਲੋਂ ਬਚ ਗਿਆ, ਕਿਰਪਾਨ ਕੋਲੋਂ ਬਚ ਗਿਆ।

ਪੈਂਦੀ ਸੱਟੇ ਪੁੱਛ ਲਈ ਮੈਂ ਮਰਜ਼ੀ ਅਪਣੇ ਯਾਰ ਦੀ,
ਦਿਨ, ਮਹੀਨੇ, ਸਾਲ ਦੀ ਲਮਕਾਨ ਕੋਲੋਂ ਬਚ ਗਿਆ।

ਬਖ਼ਸ਼ ਦਿੱਤੀ ਇਸ਼ਕ ਨੇ ਏਨੀ ਅਲਾਮਤ ਦੋਸਤੋ,
ਮਰ ਕੇ ਮਿੱਟੀ ਹੋਣ ਦੇ ਇਮਕਾਨ ਕੋਲੋਂ ਬਚ ਗਿਆ।

ਮੈਨੂੰ ਬਹੁਤੀ ਨੇਕ ਨਾਮੀ ਦੀ ਜ਼ਰਾ ਵੀ ਲੋੜ ਨਈਂ,
ਏਨਾ ਵਾਧੂ ਏ ਬੁਰੀ ਪਹਿਚਾਨ ਕੋਲੋਂ ਬਚ ਗਿਆ।

# ਨਸੀਰ ਅਹਿਮਦ ਨਸੀਰ

**– 1 –**

ਸਿਰਫ਼ ਐਨਾ ਆਖਿਆ ਸੀ ਹੋਰ ਦਰਵਾਜ਼ਾ ਬਣਾ।
ਮੈਂ ਕਦੋਂ ਇਹ ਆਖਿਆ ਸੀ ਚੋਰ ਦਰਵਾਜ਼ਾ ਬਣਾ।

ਫ਼ੇਰ ਅੱਖਾਂ ਮੀਟ ਕੇ ਬੈਠਾਂ ਸਾਂ ਉਹਦੀ ਯਾਦ ਵਿੱਚ,
ਫ਼ੇਰ ਅੰਦਰ ਪੈ ਗਿਆ ਸੀ ਸ਼ੋਰ ਦਰਵਾਜ਼ਾ ਬਣਾ।

ਕੀਹ ਕਰੇਗਾ ਜਿਸਮ ਦੀ ਮੱਟੀ ਦਾ ਖ਼ੌਰੇ ਗੋਰਕਣ,
ਐਂਤਕੀ ਜੇ ਆਖ ਦੇਵੇ ਗੋਰ ਦਰਵਾਜ਼ਾ ਬਣਾ।

ਮੰਨ ਜਾਵਾਂਗਾ ਤਿਰੇ ਅੰਦਰ ਦੀ ਅੱਗ ਦਾ ਮੋਅਜਜ਼ਾ,
ਬਰਫ਼ ਦੀ ਇਹ ਕੰਧ ਪਹਿਲੇ ਖੋਰ, ਦਰਵਾਜ਼ਾ ਬਣਾ।

ਫ਼ਿਰ ਤਿਰੇ ਤੇ ਕੰਨ ਲਾ ਕੇ ਬਹਿ ਗਈ ਖ਼ਲਕਤ 'ਨਸੀਰ',
ਛੇੜ ਮਿਸਰਾ ਤੇ ਗ਼ਜ਼ਲ ਨੂੰ ਟੋਰ ਦਰਵਾਜ਼ਾ ਬਣਾ।

**– 2 –**

ਖੜਕ ਰਹੀ ਏ ਤਾਰ ਤਿੜਕਦਾ ਜਾਨਾ ਵਾਂ।
ਹੌਲੀ ਅੱਡੀ ਮਾਰ ਤਿੜਕਦਾ ਜਾਨਾ ਵਾਂ।

ਪਹਿਲੇ ਈ ਟਣਕਾ ਕੇ ਵੇਖ ਲਿਆ ਹੁੰਦਾ,
ਹੁਣ ਜੋ ਵਿੱਚ ਬਜ਼ਾਰ ਤਿੜਕਦਾ ਜਾਨਾ ਵਾਂ।

ਕਿਹੜੀ ਪੱਥਰ ਅੱਖ ਦਾ ਸੁਫ਼ਨਾ ਵਾਂ ਮੈਂ ਵੀ,
ਦੋ ਪਲਕਾਂ ਵਿਚਕਾਰ ਤਿੜਕਦਾ ਜਾਨਾਂ ਵਾਂ।

ਮਲਮਲ ਦਾ ਵਾਲ ਏ ਕਿ ਪੱਥਰ ਘੜਿਆ ਏ,
ਚੁਕ ਅਪਣੀ ਦਸਤਾਰ ਤਿੜਕਦਾ ਜਾਨਾਂ ਵਾਂ।

ਫੇਰ ਜੁ ਕਿਰਚਾਂ ਮਿੱਧ ਕੇ ਗ਼ੁੱਸਾ ਕੱਢੇਂਗਾ,
ਛੇਤੀ ਕਰ ਲੈ ਵਾਰ ਤਿੜਕਦਾ ਜਾਨਾ ਵਾਂ।

## - 3 -

ਹੋ ਨਾ ਜਾਵਾਂ ਕਾਗ਼ਜ਼ਾਂ ਦਾ ਢੇਰ ਮੈਨੂੰ ਸਾਂਭ ਲੈ।
ਲਿਖ ਲਵੀਂ ਬਾਕੀ ਕਹਾਣੀ ਫੇਰ ਮੈਨੂੰ ਸਾਂਭ ਲੈ।

ਹਾਲੇ ਤੇ ਜੰਨਤ 'ਚੋਂ ਧੱਕਾ ਖਾ ਕੇ ਆਇਆ ਵਾਂ ਹੁਣੇ,
ਹਾਲੇ ਕਿਹੜੀ ਹੋ ਗਈ ਏ ਦੇਰ ਮੈਨੂੰ ਸਾਂਭ ਲੈ।

ਝੱਟ ਕੁ ਓਧਰ ਜੇ ਦਿਨ ਢਲਦਾ ਏ ਤੇ ਢਲ ਜਾਣ ਦੇ,
ਝਟ ਕੁ ਮੁਖੜੇ ਨੂੰ ਏਧਰ ਫੇਰ ਮੈਨੂੰ ਸਾਂਭ ਲੈ।

ਝੜ ਗਏ ਪੱਤੇ ਕੜਕਦੇ ਪੈਰਾਂ ਥੱਲੇ ਕਿਸ ਤਰ੍ਹਾਂ,
ਵਕਤ ਨੇ ਦੇਣਾ ਈ ਐਵੇਂ ਕੇਰ ਮੈਨੂੰ ਸਾਂਭ ਲੈ।

ਸੱਚ ਦੱਸਾਂ ਹਾਲੇ ਇਕ ਅੱਧੀ ਕਣੀ ਦਾ ਫ਼ਰਕ ਏ,
ਹਾਲੇ ਕਰ ਸਕਦੀ ਏ ਦੁਨੀਆ ਜ਼ੇਰ ਮੈਨੂੰ ਸਾਂਭ ਲੈ।

## – 4 –

ਰੌਸ਼ਨੀ ਦੀ ਖੇਡ ਰੰਗਾਂ ਦਾ ਖਿਲਾਰਾ ਡੋਬ ਦੇ।
ਅੱਖ ਪਈ ਆਖੇ ਮਿਰੇ ਅੰਦਰ ਨਜ਼ਾਰਾ ਡੋਬ ਦੇ।

ਇਸ਼ਕਾ! ਤੇਰੀ ਮੰਨ ਲਈ ਕਿ ਦੁਨੀਆਦਾਰਾ ਡੋਬ ਦੇ,
ਇਹ ਭਲਾ ਦੀ ਹਰ ਮੁਨਾਫ਼ਾ ਤੇ ਖ਼ਸਾਰਾ ਡੋਬ ਦੇ।

ਤੁਪਕਿਆ ਦਸਿਆ ਸੀ ਤੈਨੂੰ ਵੱਲ ਦਰਿਆ ਹੋਣ ਦਾ,
ਇਸ ਦਾ ਮਤਲਬ ਇਹ ਨਹੀਂ ਸੀ ਸ਼ਹਿਰ ਸਾਰਾ ਡੋਬ ਦੇ।

ਬਾਲ ਕੇ ਅੱਖਾਂ ਨੂੰ ਚੜ੍ਹਦੇ ਪਾਸੇ ਰਖ ਆਇਆ ਵਾਂ ਮੈਂ,
ਮੇਰੇ ਵੱਲੋਂ ਆਖ਼ਰੀ ਵੀ ਹੁਣ ਸਿਤਾਰਾ ਡੋਬ ਦੇ।

ਪੱਥਰ ਅੱਗੇ ਪਾ ਕੇ ਤਰਲਾ ਵੇਖ ਬੈਠੇ ਸਾਂ 'ਨਸੀਰ',
ਫੇਰ ਕਿਹੜੀ ਆਸ 'ਤੇ ਅੱਖਾਂ ਦੁਬਾਰਾ ਡੋਬ ਦੇ।

# ਇਰਸ਼ਾਦ ਸੰਧੂ

**– 1 –**

ਨਿਕਲੀ ਏ ਜਾਗੀਰ ਕਿਤਾਬਾਂ ਵਿੱਚੋਂ।
ਅੱਜ ਉਹਦੀ ਤਸਵੀਰ ਕਿਤਾਬਾਂ ਵਿੱਚੋਂ।

ਮੈਂ ਪੜ੍ਹਿਆ ਏ ਇਸ਼ਕ ਨੂੰ ਅੱਖਾਂ ਵਿੱਚੋਂ,
ਤੂੰ ਪੜ੍ਹਿਆ ਏ ਵੀਰ ਕਿਤਾਬਾਂ ਵਿੱਚੋਂ।

ਤੱਕਦਾ ਰਹਿਣਾਂ ਸੁਫ਼ਨੇ ਵਿੱਚ ਕਈ ਸੁਫ਼ਨੇ,
ਲੱਭੇ ਕੀ ਤਾਬੀਰ ਕਿਤਾਬਾਂ ਵਿੱਚੋਂ।

ਜਿਹੜੀ ਰੁੱਸ ਗਏ ਸੱਜਣ ਮੋੜ ਲਿਆਵੇ,
ਲੱਭ ਖ਼ਾਂ ਕੋਈ ਤਦਬੀਰ ਕਿਤਾਬਾਂ ਵਿੱਚੋਂ।

ਅਹਿਮੇ, ਦੁੱਲੇ, ਭਗਤ ਨੂੰ ਸ਼ਾਮਿਲ ਕਰੀਏ,
ਕੱਢ ਕੇ ਰਾਂਝੇ ਹੀਰ ਕਿਤਾਬਾਂ ਵਿੱਚੋਂ।

ਰਟ ਲੈਂਦੇ ਨੇ ਆਪਣੇ ਕੰਮ ਦੀਆਂ ਗੱਲਾਂ,
ਫ਼ਾਦਰ ਪੰਡਿਤ ਪੀਰ ਕਿਤਾਬਾਂ ਵਿੱਚੋਂ।

ਵੇਖੇ ਨੇ ਮੈਂ ਕਈ ਅੱਖਰਾਂ ਦੇ ਹਾਸੇ,
ਕਈ ਅੱਖਰਾਂ ਦੇ ਨੀਰ ਕਿਤਾਬਾਂ ਵਿੱਚੋਂ।

ਪੜ੍ਹ ਕੇ 'ਸੰਧੂ' ਲਿਖ ਲੈਣਾ ਵਾਂ ਦਿਲ ਤੇ,
ਸਾਂਝ ਦੀ ਹਰ ਤਹਿਰੀਰ ਕਿਤਾਬਾਂ ਵਿੱਚੋਂ।

## – 2 –

ਵਾਰੋ ਵਾਰੀ ਸਾਡੇ ਗੱਲ ਵਿੱਚ ਪਾ ਕੇ ਡੋਰ ਤਮਾਸ਼ਾ।
ਕਰਦੇ ਪਏ ਨੇਂ ਕਿੰਨੇ ਚਿਰ ਤੋਂ ਰਲ਼ ਕੇ ਚੋਰ ਤਮਾਸ਼ਾ।

ਜਿੱਥੇ ਹੋਵੇ ਬਾਗਾਂ ਦੇ ਵਿੱਚ ਉੱਲੂਆਂ ਦੀ ਸਰਦਾਰੀ,
ਬਣਦੇ ਰਹਿੰਦੇ ਕਾਵਾਂ ਹੱਥੋਂ ਤਿੱਤਰ ਮੋਰ ਤਮਾਸ਼ਾ।

ਹੋਰ ਤਮਾਸ਼ਾ ਕਰ ਲਏ ਉਂਜ ਪਰ ਹੋਰ ਤਮਾਸ਼ਾ ਕਰਿਆਂ,
ਵੇਖੀਂ ਕਿਧਰੇ ਬਣ ਨਾ ਜਾਵੇ ਹੋਰ ਦਾ ਹੋਰ ਤਮਾਸ਼ਾ।

ਢੇਰ ਤਮਾਸ਼ੇ ਹੱਥੋਂ ਜਿਸਲੇ ਢੇਰ ਤਮਾਸ਼ਾ ਬਣ ਗਏ,
ਸ਼ਹਿਰਾਂ ਨੇ ਫਿਰ ਪਿੰਡਾਂ ਵੱਲੇ ਦਿੱਤਾ ਟੋਰ ਤਮਾਸ਼ਾ।

ਇੰਜ ਦੀ ਗ਼ਜ਼ਲ ਉਲੀਕਾਂ ਜਿਸ ਦਾ ਅੰਗ ਅੰਗ ਨੱਚਦਾ ਹੋਵੇ,
ਇੱਕ ਇੱਕ ਸਾਹ ਤੇ ਕਰਦੀ ਹੋਵੇ ਇੱਕ ਇੱਕ ਪੋਰ ਤਮਾਸ਼ਾ।

ਬੰਦੇ ਪੂਰੀ ਖਾ ਕੇ ਵੀ ਨਹੀਂ ਇੰਝ ਦੁਆਵਾਂ ਦਿੰਦੇ,
ਮੈਂ ਤੱਕਿਆ ਏ ਪਖਵਾਂ ਅੱਗੇ ਸੁੱਟ ਕੇ ਭੋਰ ਤਮਾਸ਼ਾ।

ਅਜ਼ਲਾਂ ਤੋਂ ਇਸ ਧਰਤੀ ਉਤੇ ਸਾਰੇ ਵਾਂਗ ਮਦਾਰੀ,
ਅਪਣਾ ਅਪਣਾ ਕਰਦੇ ਫਿਰਦੇ ਲਾ ਕੇ ਜ਼ੋਰ ਤਮਾਸ਼ਾ।

ਅੱਜ ਤਮਾਸ਼ੇ ਵਿੱਚ ਮੈਂ ਆਇਆਂ ਆਪ ਤਮਾਸ਼ਾ ਬਣਕੇ,
ਅੱਜ ਵੀ ਆਖੀਂ ਜੇ ਨਾ ਦੇਵੇ ਅੱਜ ਵੀ ਲੋਰ ਤਮਾਸ਼ਾ।

ਭਰਨੇ ਆਂ ਨਹੀਂ ਭਰਿਆ ਜਾਂਦਾ ਕੌੜਾ ਘੁੱਟ ਵੀ ਸਾਥੋਂ,
ਜੀਵਨ ਵਿੱਚ ਏ ਦਿੱਤਾ ਓਹਨੇ ਏਨਾ ਖੋਰ ਤਮਾਸ਼ਾ।

ਬੁੱਲ੍ਹਾਂ ਉੱਤੇ ਉਂਗਲਾਂ ਧਰਕੇ ਤੱਕਣਾ ਸਾਰੇ ਲੋਕਾਂ,
ਜਿਸ ਦਿਨ 'ਸੰਧੂ' ਇੱਕ ਥਾਂ ਕੀਤਾ ਚੁੱਪ ਤੇ ਸ਼ੋਰ ਤਮਾਸ਼ਾ।

## - 3 -

ਅੱਜ ਫਿਰ ਇਉਂ ਦਿਲ ਕਮਲੇ ਨੂੰ ਖੋਹ ਜਿਹੀ ਲੱਗੀ ਹੋਈ ਏ।
ਲੱਗਦੀ ਸੀ ਜੋ ਯਾਰ ਕਦੀ ਬੱਸ ਓਹ ਜਿਹੀ ਲੱਗੀ ਹੋਈ ਏ।

ਬਾਬਾ ਜੀ ਮੈਂ ਧੁੱਪ ਵੀ ਪੀਣਾ ਫਿਰ ਵੀ ਪਾਲ਼ਾ ਲਹਿੰਦਾ ਨਹੀਂ,
ਹਾੜ ਦੇ ਵਿੱਚ ਕੋਈ ਮੇਰੇ ਪਿੱਛੇ ਪੋਹ ਜਿਹੀ ਲੱਗੀ ਹੋਈ ਏ।

ਸਾਡੇ ਲਹੂ ਤੋਂ ਪਹਿਲਾਂ ਜਿਹਨੂੰ ਵੈਰ ਕ੍ਰੋਧ ਈ ਲੱਗਦਾ ਸੀ,
ਮੈਂ ਸੁਣਿਆ ਅੱਜ ਓਸੇ ਰੁੱਖ ਨੂੰ ਮੋਹ ਜਿਹੀ ਲੱਗੀ ਹੋਈ ਏ।

ਨਾ ਕਿਸੇ ਨੂੰ ਲੱਭਣਾ ਏ ਮੈਂ ਨਾ ਕਿਸੇ ਨੂੰ ਲੱਭਣਾ ਵਾਂ,
ਅੱਲ੍ਹਾ ਜਾਣੇ ਅੰਦਰ ਕਾਹਦੀ ਟੋਹ ਜਿਹੀ ਲੱਗੀ ਹੋਈ ਏ।

ਜਿਹੜੇ ਦਿਨ ਤੋਂ ਢਿੱਡ ਦਾ ਕੁੱਤਾ ਸੰਗਲੀ ਤੋੜ ਕੇ ਫਿਰਦਾ ਏ,
ਓਸੇ ਦਿਨ ਦੀ ਪੁੱਚ ਪੁੱਚ ਤੇ ਤੋਹ ਤੋਹ ਜਿਹੀ ਲੱਗੀ ਹੋਈ ਏ।

ਜਦ ਵੀ ਕਰਦੇ ਘਟੀਆ ਈ ਗੱਲ ਕਰਦੇ ਨੇ ਜੋ ਉਨ੍ਹਾਂ ਨੂੰ,
ਸ਼ੱਕ ਪੈਂਦਾ ਏ ਮਿੱਟੀ ਕਿਧਰੇ ਲੋਹ ਜਿਹੀ ਲੱਗੀ ਹੋਈ ਏ।

ਤਾਂ ਨਹੀਂ ਡਿੱਗਦਾ 'ਸੰਧੂ' ਕੰਡ ਦੇ ਪਿੱਛੇ ਮਾਂ ਦੇ ਹੱਥਾਂ ਦੀ,
ਇੰਝ ਲਗਦਾ ਏ ਹਾਲੇ ਤੀਕਰ ਢੋਹ ਜਿਹੀ ਲੱਗੀ ਹੋਈ ਏ।

## – 4 –

ਕਿਰਚੀ ਕਿਰਚੀ ਲੈ ਕੇ ਦਿਲ ਦੀ ਪਾਰਾ ਪਾਰਾ ਖੇਡੇ।
ਰਾਤੀਂ ਮੇਰੀ ਅੱਖ ਤੇ ਮੈਂ ਸਾਂ ਤਾਰਾ ਤਾਰਾ ਖੇਡੇ।

ਮੈਂ ਭਰੋਸੇ ਤੇ ਭਰੋਸਾ ਉਹ ਧੋਖੇ ਤੇ ਧੋਖਾ,
ਜਿਹੜਾ ਜਿਹੜਾ ਰੰਗ ਸੀ ਦੋਵੇਂ ਸਾਰਾ ਸਾਰਾ ਖੇਡੇ।

ਕਈ ਵਾਰੀ ਨੇ ਹੋਈਆਂ ਇੱਥੇ ਇੰਜ ਦੀਆਂ ਕਈ ਖੇਡਾਂ,
ਕਸਮਾਂ ਖਾ ਖਾ ਕੇ ਵੀ ਲੋਕੀਂ ਲਾਰਾ ਲਾਰਾ ਖੇਡੇ।

ਕੁਝ ਵੀ ਹੁੰਦਾ ਜ਼ਹਿਰਾਂ ਹੱਥੋਂ ਹਰਨਾ ਨਹੀਂ ਸੀ ਖੰਡਾਂ,
ਦੋਵੇਂ ਘਰ ਨਾ ਜੇਕਰ ਹੁੰਦੇ ਖਾਰਾ ਖਾਰਾ ਖੇਡੇ।

ਪੈਰਾਂ ਉੱਤੇ ਥੱਪੇ ਘਰ ਨਹੀਂ ਅੱਖਾਂ ਵਿੱਚੋਂ ਨਿਕਲੇ,
ਮਿਟਿਓ ਮਿੱਟੀ ਹੋ ਕੇ ਜਿੱਥੇ ਗਾਰਾ ਗਾਰਾ ਖੇਡੇ।

ਓਥੇ ਮੁੜ ਕੇ ਪੈਰ ਪੈਰ ਤੇ ਖੇਡ ਦੀਆਂ ਨੇ ਧੁੱਪਾਂ,
ਜਿਹੜੇ ਪਿੰਡ ਵਿਚ ਰੁੱਖਾਂ ਉੱਤੇ ਆਰਾ ਆਰਾ ਖੇਡੇ।

ਆਉਂਦਾ ਆਉਂਦਾ ਆ ਜਾਂਦਾ ਏ ਇੱਕ ਦਿਨ ਖੇਡਾਂ ਥੱਲੇ,
'ਸੰਧੂ' ਬੰਦਾ ਜਦ ਵਜੂਦੋਂ ਭਾਰਾ ਭਾਰਾ ਖੇਡੇ।

## ਏ. ਐੱਚ. ਆਤਿਫ਼

**– 1 –**

ਚੰਗੀ ਸੋਚ ਦੇ ਸੱਜਣ ਸਾਰੇ, ਤੇਰੇ ਵੀ ਤੇ ਮੇਰੇ ਵੀ।
ਤਾਂ ਬਦਲੇ ਨੇ ਸੋਚ ਦੇ ਧਾਰੇ, ਤੇਰੇ ਵੀ ਤੇ ਮੇਰੇ ਵੀ।

ਮਿੱਠੇ ਹਾਸੇ ਦੇ ਆਦੀ ਸਾਂ ਏਸੇ ਲਈ ਨਹੀਂ ਪੀ ਹੋਏ,
ਸੀ ਅੱਖਾਂ ਦੇ ਪਾਣੀ ਖਾਰੇ, ਤੇਰੇ ਵੀ ਤੇ ਮੇਰੇ ਵੀ।

ਇਕੋ ਨੂਰ ਤੋਂ ਸਾਰੀਆਂ ਲੋਆਂ, ਇਹ ਨੇ ਸਾਂਝੀਆਂ ਵੰਡ ਨਾ ਕਰ,
ਜੁਗਨੂੰ, ਸੂਰਜ, ਚੰਨ ਤੇ ਤਾਰੇ, ਤੇਰੇ ਵੀ ਤੇ ਮੇਰੇ ਵੀ।

ਝਗੜੇ ਨਾਲੋਂ ਕੱਠਿਆਂ ਹੋ ਕੇ ਅਪਣਾ ਅਪਣਾ ਚੁਗ ਲਈਏ,
ਜੇ ਰੱਬ ਸਾਂਝੇ ਚੋਗ ਖਿਲਾਰੇ, ਤੇਰੇ ਵੀ ਤੇ ਮੇਰੇ ਵੀ।

ਜੇ ਚਾਹਵੇਂ ਪਈ ਸਾਂਝ ਨਾ ਟੁੱਟੇ, ਰਾਹ ਏਹੋ ਜਿਹੀ ਕੱਢਣੀ ਪਊ,
ਹੋਵੇ ਜੋ ਦੋਹਾਂ ਦੇ ਵਾਰੇ, ਤੇਰੇ ਵੀ ਤੇ ਮੇਰੇ ਵੀ।

ਇੰਝ ਦਾ ਦਰਿਆ ਚੜ੍ਹਿਆ ਤੇ ਫਿਰ ਦਿਲ ਵੀ ਢਹਿ ਗਿਆ ਪੁਲ ਦੇ ਨਾਲ,
ਕੰਢੇ ਆ ਕੇ ਲੇਖ ਨੇ ਹਾਰੇ, ਤੇਰੇ ਵੀ ਤੇ ਮੇਰੇ ਵੀ।

ਚੇਤੇ ਰੱਖੀਂ ਵਿਛੜ ਕੇ ਤੇ ਦੋਹਾਂ ਤੋਂ ਨਹੀਂ ਜੀ ਹੋਣਾ,
ਭਾਵੇਂ ਸੈ ਨੇ ਸਾਂਝ ਸਹਾਰੇ, ਤੇਰੇ ਵੀ ਤੇ ਮੇਰੇ ਵੀ।

ਪਿੜ ਲੱਗਾ ਤੇ ਦੋਹਾਂ ਵਿੱਚੋਂ ਇਕ ਨੂੰ ਡਿਗਣਾ ਪੈਣਾ ਏ,
ਭਾਵੇਂ ਲੱਖ ਨੇ ਲੋਕ ਵੰਗਾਰੇ, ਤੇਰੇ ਵੀ ਤੇ ਮੇਰੇ ਵੀ।

'ਆਤਿਫ਼' ਆ ਜਾ ਰਲ਼ ਕੇ ਰੋਈਏ ਅੱਟੀਆਂ ਦੇ ਵਿਚ ਮੂੰਹ ਦੇ ਕੇ,
ਵਿਕ ਗਏ ਯੂਸਫ਼ ਮਿਸਰ ਬਜ਼ਾਰੇ, ਤੇਰੇ ਵੀ ਤੇ ਮੇਰੇ ਵੀ।

## – 2 –

ਜਦ ਵੀ ਬੰਜਰ ਧਰਤੀ ਉੱਤੇ ਹਿੱਮਤ ਨਾਲ ਉਸਾਰੇ ਪਿੰਡ
ਬੂਹੇ ਚੰਨੇ ਅਣਖਾਂ ਜੜ੍ਹਿਆਂ ਸੱਧਰਾਂ ਨਾਲ ਸ਼ਿੰਗਾਰੇ ਪਿੰਡ

ਜਿਹੜਾ ਜੱਗ ਦੇ ਡਰ ਤੋਂ ਮੈਨੂੰ ਰੱਬ ਰਾਖਾ ਨਾ ਕਹਿ ਸਕਿਆ,
ਰੱਬ ਕਰੇ ਉਹ ਸਾਰੀਆਂ ਛੁੱਟੀਆਂ ਖ਼ੁਸ਼ੀਆਂ ਨਾਲ ਗੁਜ਼ਾਰੇ ਪਿੰਡ

ਯਾਦ ਆ ਜਾਵੇ ਤੇ ਫਿਰ ਸੁੰਨੀਆਂ ਸੜਕਾਂ ਦੇ ਵੱਲ ਨਿਕਲ ਜਾਂ,
ਰੁੱਖਾਂ ਤੇ ਫ਼ਸਲਾਂ ਨਾਲ ਸਜਿਆ ਤੇਰਾ ਨਹਿਰ ਕਿਨ੍ਹਾਰੇ ਪਿੰਡ

ਸੋਹਣੇ ਲਗਦੇ ਮਾਂ ਬੋਲੀ ਦੀ ਸੇਵਾ ਦੇ ਵਿਚ ਰੁੱਝੇ ਹੋਏ,
ਰਹਿਤਲ, ਰੀਤਾਂ, ਰਸਮਾਂ, ਸਾਂਗੇ, ਮੇਰੇ ਦੇਸ ਦੇ ਸਾਰੇ ਪਿੰਡ

ਸ਼ਹਿਰਾਂ ਵਿਚ ਤਰੱਕੀ ਕਰ ਲਈ 'ਆਤਿਫ਼' ਇੰਗਲਿਸ਼ ਖੇਡਾਂ ਨੇ,
ਲੁੱਕਣ ਮੀਟੀ, ਜੰਗ ਪਲੰਗਾ, ਰਹਿ ਗਏ ਪੀਂਘ ਹੁਲਾਰੇ ਪਿੰਡ

## ਸ਼ੁ.ਗਰਾ ਸਦਫ਼

**– 1 –**

ਇਸ਼ਕ ਸਮੁੰਦਰ ਤਰ ਕੇ ਵੇਖਾਂ।
ਇੰਜ ਵੀ ਪੈਂਡਾ ਕਰਕੇ ਵੇਖਾਂ।

ਜੀਅ ਕਰਦਾ ਏ ਅਪਣੇ ਅੱਥਰੂ,
ਉਹਦੀ ਅੱਖ ਵਿਚ ਧਰ ਕੇ ਵੇਖਾਂ।

ਤੈਨੂੰ ਵੇਖ ਕੇ ਜੀ ਪੈਣੀ ਆਂ,
ਜੇ ਆਖੇਂ ਤੇ ਮਰ ਕੇ ਵੇਖਾਂ।

ਜਿੱਤਣ ਵਾਲਿਆ ਵੇਖ ਰਹੀ ਆਂ,
ਆਖਿਆ ਸੀ ਤੂੰ ਹਰ ਕੇ ਵੇਖਾਂ।

ਨੈਣਾਂ ਦੀ ਝੋਲੀ ਵਿਚ ਮੁੱਖੜਾ,
ਏਧਰ ਕਰ ਮੈਂ ਭਰ ਕੇ ਵੇਖਾਂ।

ਸਾਰੇ ਤੈਨੂੰ ਰੱਜ ਰੱਜ ਵੇਖਣ,
ਮੈਂ ਦੁਨੀਆਂ ਤੋਂ ਡਰ ਕੇ ਵੇਖਾਂ।

ਤੇਰੀ ਤਾਂਘ ਦੀ ਉਂਗਲੀ ਫੜ ਕੇ,
ਪੰਧ ਅਵੱਲਾ ਕਰਕੇ ਵੇਖਾਂ।

ਵੇਲਾ ਦੂਜਾ ਪੈਰ ਨਾ ਚੁੱਕੇ,
ਮੈਂ ਜੇ ਹਉਕਾ ਭਰ ਕੇ ਵੇਖਾਂ।

ਵਸਲ ਦਾ ਸੁੱਖ ਮੈਂ ਭੋਗ ਲਿਆ ਏ,
ਹੁਣ ਇਕਲਾਪਾ ਜਰ ਕੇ ਵੇਖਾਂ।

ਚੰਨ ਵਿਸਾਲ ਦਾ ਵਿਹੜੇ ਢੁੱਕੇ,
ਉਹਦੇ ਰੂਪ ਨੂੰ ਜਰ ਕੇ ਵੇਖਾਂ।

'ਸੁਗ਼ਰਾ' ਹੁਣ ਤੇ ਜੀਅ ਕਰਦਾ ਏ,
ਪਿਆਰ ਦੀ ਅੱਗ 'ਚ ਠਰ ਕੇ ਵੇਖਾਂ।

## – 2 –

ਸਾਹਵਾਂ ਵਿਚ ਪਰੋ ਵੇ ਮਾਹੀ।
ਮੈਂ ਤੇਰੀ ਖ਼ੁਸ਼ਬੋ ਵੇ ਮਾਹੀ।

ਤੱਕਣਾ, ਕਿਹੜਾ ਬਹੁਤਾ ਸੋਹਣਾ,
ਚੰਨ ਦੇ ਨਾਲ ਖਲੋ ਵੇ ਮਾਹੀ।

ਅੱਜ ਮੈਂ ਤੇਰਾ ਸੁਫ਼ਨਾ ਬਨਣਾ,
ਅੱਖ ਦਾ ਬੂਹਾ ਢੋ ਵੇ ਮਾਹੀ।

ਮੈਨੂੰ ਚਾਨਣ ਕੀਤੀ ਫਿਰਦੀ,
ਇਸ਼ਕ ਤਿਰੇ ਦੀ ਲੋਅ ਵੇ ਮਾਹੀ।

ਅਪਣਾ ਮੰਨ ਕੇ ਵਿਚ ਸ਼ਰੀਕਾਂ,
ਧੋਣੇ ਸਾਰੇ ਧੋ ਵੇ ਮਾਹੀ।

ਅੱਖਾਂ ਵਿਚ ਵਸਾ ਕੇ ਮੈਨੂੰ,
ਖ਼੍ਵਾਬਾਂ ਵਿਚ ਲੁਕੋ ਵੇ ਮਾਹੀ।

ਹਾਲੇ ਲੰਮੀ ਰਾਤ ਨਈਂ ਮੁੱਕੀ,
ਨਵੀਂ ਕਹਾਣੀ ਛੋਹ ਵੇ ਮਾਹੀ।

ਤੇਰੇ ਬਾਝੋਂ ਜੀਵਨ ਕੀਤਾ,
ਸਾਡੇ ਨਾਲ ਧਰੋ ਵੇ ਮਾਹੀ।

ਇਸ਼ਕ ਤਿਰਾ ਨਸ ਨਸ ਵਿਚ ਧੜਕੇ,
ਹੁਣ ਨਾ ਰਹੀਏ ਦੋ ਵੇ ਮਾਹੀ।

ਅੰਦਰੋ-ਅੰਦਰੀ ਝੁਰਦੇ ਪਏ ਆਂ,
ਆ ਗਲ ਲਗ ਕੇ ਰੋ ਵੇ ਮਾਹੀ।

'ਸੁਗ਼ਰਾ' ਤੈਨੂੰ ਸਾਦ ਪਈ ਕਰਦੀ,
ਕਹਿ ਦੇ ਮਨ ਵਿਚ ਜੋ ਵੇ ਮਾਹੀ।

– 3 –

ਅੱਖ ਨਿਸਾਣੀ ਸੁੰਝਮ-ਸੁੰਞੀ ਖ਼ਾਲੀ ਪੱਲੇ ਹੋਏ।
ਸੁਫ਼ਨੇ ਵੇਚਣ ਵਾਲਿਆਂ ਪਿੱਛੇ ਨੱਸ ਨੱਸ ਝੱਲੇ ਹੋਏ।

ਉਹਦੇ ਵੱਲੇ ਤਖ਼ਤ ਮੁਰਾਦਾਂ ਸ਼ਿਮਲੇ ਚਾਨਣ ਜ਼ੋਰੀ,
ਫ਼ਿਕਰਾਂ, ਭੁੱਖਾਂ ਤੇ ਜਗਰਾਤੇ ਸਾਡੇ ਵੱਲੇ ਹੋਏ।

ਵੇਖ ਰਹੀ ਆਂ ਅੱਜ ਨਵਾਂ ਈ ਇਕਲਾਪੇ ਦਾ ਰੰਗ,
ਇੱਕੋ ਘਰ ਦੇ ਸਾਰੇ ਜੀ ਨੇ ’ਕੱਲੇ-’ਕੱਲੇ ਹੋਏ।

ਰੋਟੀ ਦੀ ਥੁੜ ਹੈ ਤੇ ਛੱਲਾ ਪਿੱਤਲ ਦਾ ਮੁੱਲ ਪਿੱਤਲ,
ਚੁੱਲ੍ਹੇ ਦੇ ਵਿਚ ਪਾਵਾਂ ਤੇਰੇ ਤੋਹਫ਼ੇ ਘੱਲੇ ਹੋਏ।

ਬਾਰੀ ਖੋਲ੍ਹ ਕੇ ਵੇਖੀ ਜਾਵਾਂ ਜਿੰਨ ਫਿਰਿਆ ਏ ਕੋਈ,
ਖ਼ੌਫ਼ ਦੇ ਹੱਥੋਂ ਕਿਸਰਾਂ ਖ਼ਾਲੀ ਗਲੀ-ਮੁਹੱਲੇ ਹੋਏ।

ਉਹ ਕਹਿੰਦਾ ਸੀ ਮੇਰੀ ਗੱਲ ’ਤੇ ਈ ਭਰਵਾਸਾ ਰੱਖ,
ਕੰਮ ਸਵੱਲੇ ਹੋ ਜਾਵਣਗੇ, ਕੰਮ ਸਵੱਲੇ ਹੋਏ।

ਹੁੱਕਾ ਠੰਢਾ ਹੋ ਜਾਵਣ ’ਤੇ ਜੁੱਸਾ ਵਿੰਨਣ ਵਾਲਾ,
ਚਾਹੁੰਦਾ ਹੈ ਕਿ ਹਰ ਥਾਂ ਉਹਦੀ ਬੱਲੇ-ਬੱਲੇ ਹੋਏ।

# ਇਬਾਦ ਨਬੀਲ ਸ਼ਾਦ

**– 1 –**

ਮੈਂ ਜੇਕਰ ਡਰ ਗਿਆ ਹੁੰਦਾ।
ਕਦੋਂ ਦਾ ਮਰ ਗਿਆ ਹੁੰਦਾ।

ਜੇ ਹੁੰਦਾ ਸ਼ੌਕ ਡੁੱਬਣ ਦਾ,
ਸਮੁੰਦਰ ਤਰ ਗਿਆ ਹੁੰਦਾ।

ਮੈਂ ਆਪਣੀ ਤਾਂਘ ਜੇ ਕਰਦਾ,
ਮੈਂ ਆਪਣੇ ਘਰ ਗਿਆ ਹੁੰਦਾ।

ਮੈਂ ਜੇਕਰ ਜਿੱਤਣਾ ਚਾਹੁੰਦਾ,
ਤੇਰੇ ਤੋਂ ਹਰ ਗਿਆ ਹੁੰਦਾ।

ਤੂੰ ਮੈਨੂੰ ਰੋਜ਼ ਜੇ ਮਿਲਦਾ,
ਮੇਰਾ ਦਿਲ ਭਰ ਗਿਆ ਹੁੰਦਾ।

## – 2 –

ਉਹਨੇ ਪਾਗਲ ਜਾਣ ਕੇ ਬੂਹਾ ਢੋਇਆ ਏ।
ਮੈਨੂੰ ਵੇਖ ਸਿਆਣ ਕੇ ਬੂਹਾ ਢੋਇਆ ਏ।

ਜੋ ਕਹਿੰਦਾ ਸੀ ਮੇਰਾ ਘਰ ਵੀ ਤੇਰਾ ਏ,
ਉਹਨੇ ਬੂਹੇ ਆਣ ਕੇ ਬੂਹਾ ਢੋਇਆ ਏ।

ਜਿਸਦੀ ਚੌਖਟ ਮੈਨੂੰ ਮਸਜਿਦ ਲਗਦੀ ਸੀ,
ਉਹਨੇ ਕਾਫ਼ਰ ਜਾਣ ਕੇ ਬੂਹਾ ਢੋਇਆ ਏ।

ਮੈਂ ਵੀ ਤੇ ਕੁਝ ਸੋਚ ਕੇ ਏਥੇ ਆਇਆ ਸਾਂ,
ਉਹਨੇ ਵੀ ਕੁਝ ਠਾਣ ਕੇ ਬੂਹਾ ਢੋਇਆ ਏ।

ਇਹਦੇ ਨਾਲ਼ੋਂ ਚੰਗਾ ਸੀ ਮੈਂ ਮਰ ਜਾਂਦਾ,
'ਸ਼ਾਦ' ਉਸ ਪੱਲੂ ਤਾਣ ਕੇ ਬੂਹਾ ਢੋਇਆ ਏ।

## - 3 -

ਅੱਖਾਂ ਉੱਤੇ ਧਰਿਆ ਪੱਥਰ ਸੋਚਾਂ ਦਾ।
ਮੇਰੇ ਚਾਰ ਚੁਫ਼ੇਰੇ ਮੰਜ਼ਰ ਸੋਚਾਂ ਦਾ।

ਮਾਰ ਉਛੱਲਾਂ ਜੱਗ ਨੂੰ ਰੋੜ੍ਹ ਕੇ ਲੈ ਜਾਂਦਾ,
ਤਾਂਹੀਓਂ ਰਖਿਆ ਨਾਲ ਸਮੁੰਦਰ ਸੋਚਾਂ ਦਾ।

ਤੇਰੀ ਯਾਦ ਜਦੋਂ ਵੀ ਘਰ ਤੋਂ ਬਾਹਰ ਗਈ,
ਦਿਲ ਨੇ ਲੱਭ ਕੇ ਦਿੱਤਾ ਛੱਪਰ ਸੋਚਾਂ ਦਾ।

ਗ਼ਮ ਨੇ ਆਗੂ ਬਣ ਕੇ ਰਾਹਾਂ ਮਿੱਥੀਆਂ 'ਤੇ,
ਕਾਫ਼ਲਾਂ ਹੋ ਗਿਆ ਦਰ ਤੋਂ ਬੇ-ਦਰ ਸੋਚਾਂ ਦਾ।

ਤੈਨੂੰ ਜ਼ਹਿਨ 'ਚੋਂ ਕੱਢਿਆ ਤੇ ਚੁੱਪ ਚਾਨ ਹੋਏ,
ਕਿੰਨਾ ਸ਼ੋਰ ਸੀ ਮੇਰੇ ਅੰਦਰ ਸੋਚਾਂ ਦਾ।

'ਸ਼ਾਦ' ਮਰਨ ਲਈ ਕੀ ਇਹ ਰੋਗ ਈ ਕਾਫ਼ੀ ਨਈਂ,
ਰੂਹ ਦੇ ਅੰਦਰ ਲੱਥਾ ਲਸ਼ਕਰ ਸੋਚਾਂ ਦਾ।

## - 4 -

ਸਾਂਝ ਵਧਾਣ ਦਾ ਵੇਲ਼ਾ ਏ।
ਦਰਦ ਵੰਡਾਣ ਦਾ ਵੇਲ਼ਾ ਏ।

ਬੋਹੜਾਂ ਛਾਂਗੀ ਜਾਂਦੇ ਓ,
ਛਾਂ ਵਰਤਾਣ ਦਾ ਵੇਲ਼ਾ ਏ।

ਇਹ ਧਰਤੀ ਏ ਕਰਬਲ ਦੀ,
ਸਿਰ ਕਟਵਾਣ ਦਾ ਵੇਲ਼ਾ ਏ।

ਵੈਰੀ ਨੀਵੇਂ ਹੋਏ ਨੇ,
ਸੀਨੇ ਲਾਣ ਦਾ ਵੇਲ਼ਾ ਏ।

ਗੁੱਠਾਂ ਮੱਲੀ ਬੈਠੇ ਆਂ,
ਨੇੜੇ ਆਣ ਦਾ ਵੇਲ਼ਾ ਏ।

ਕਸਮੇ ਡਾਢਾ ਹੁੱਸੜ ਏ,
ਰੁੱਖ ਉਗਾਣ ਦਾ ਵੇਲਾ ਏ।

ਕੱਲ੍ਹ ਸਲਾਮਤ ਰਹਿ ਜਾਵੇ,
ਅੱਜ ਬਚਾਣ ਦਾ ਵੇਲ਼ਾ ਏ।

'ਸ਼ਾਦ' ਹੁਸੈਨ ਏ ਘੇਰੇ ਵਿਚ,
ਕਰਬਲ ਜਾਣ ਦਾ ਵੇਲ਼ਾ ਏ।

# ਇਰਫ਼ਾਨ ਵਾਰਿਸ

**- 1 -**

ਖਾਧੇ ਲੂਣੇ ਮਿੱਸੇ ਨਈਂ।
ਜੁੱਸੇ ਤਾਹੀਓਂ ਲਿੱਸੇ ਨਈਂ।

ਰੱਬ ਨੂੰ ਮੰਨਣ ਵਾਲੇ ਵੀ,
ਲੋੜ ਪਈ ਤੇ ਦਿੱਸੇ ਨਈਂ।

ਜਿੰਨਾ ਮੈਨੂੰ ਵੰਡਿਆ ਈ,
ਓਨੇ ਮੇਰੇ ਹਿੱਸੇ ਨਈਂ।

ਏਨਾ ਭੈੜੀਆਂ ਅੱਖਾਂ ’ਤੇ,
ਚੰਗੇ ਸੁਫ਼ਨੇ ਵਿੱਸੇ ਨਈਂ।

ਤੇਰੀ ਗੱਲ ਅਥੈਂਟਿਕ ਏ?
ਸਾਡੇ ਵੀ ਤੇ ਕਿੱਸੇ ਨਈਂ।

## – 2 –

ਹਾੜਾ ਮੁੱਖ ਦੀ ਜ਼ਰਦੀ ਦਾ।
ਸੱਜਣ ਨਈਂ ਸੀ ਮਰਜ਼ੀ ਦਾ।

ਇਹ ਸੰਗਤ ਵੀਰਾਨੇ ਦੀ,
ਰਾਹ ਦਾ ਰੁੱਖ ਨਈਂ ਵੱਢੀ ਦਾ।

ਯਾਰਾ ... ਸੁੱਟੀ ਦਾ ਨਈਂ ਸਿਰ,
ਬੀਬਾ ... ਦਿਲ ਨਈਂ ਛੱਡੀਦਾ।

ਮੈਂ ਆਂ ਥੱਕੀ ਟੁੱਟੀ ਸ਼ਾਮ,
ਤੂੰ ਏ ਵੇਲ਼ਾ ਸਰਘੀ ਦਾ।

ਖੁੱਲ੍ਹੀ ਅੱਖ ਮੁਸਾਫ਼ਿਰ ਦੀ,
ਆਖ਼ਰੀ ਟੇਸ਼ਣ ਗੱਡੀ ਦਾ।

## - 3 -

ਲੰਘੇ ਵਕਤ ਦੇ ਯਾਰ ਖਸਾਰੇ ਨਈਂ ਜਾਂਦੇ।
ਪਾਣੀਆਂ ਵਿੱਚੋਂ ਘਿਉ ਨਿਤਾਰੇ ਨਈਂ ਜਾਂਦੇ।

ਡੁੱਬਣ ਲੱਗਿਆ ਦੱਸਿਆ ਸੀ ਗਹਿਰਾਈਆਂ ਨੇ,
ਦਰਿਆਵਾਂ ਵਿਚਕਾਰ ਕਿਨਾਰੇ ਨਈਂ ਜਾਂਦੇ।

ਮੁੱਖ ਦਾ ਅਕਸ ਵਿਖਾ ਕੇ ਚੰਨ ਤੇ ਟੁਰ ਜਾਂਦੇ,
ਯਾਦਾਂ ਦੇ ਕੁੱਝ ਯਾਰ ਸਿਤਾਰੇ ਨਈਂ ਜਾਂਦੇ।

ਮੈਂ ਵੀ ਟੁੱਟ ਕੇ ਕੋਸ਼ਿਸ਼ ਕੀਤੀ ਭੁੱਲਣ ਦੀ,
ਮੈਥੋਂ ਵੀ ਕੁਝ ਲੋਗ ਵਿਸਾਰੇ ਨਈਂ ਜਾਂਦੇ।

ਅਜੇ ਵੀ ਮਿਲਦਾ ਏ ਕਦੀ ਤੇ ਅੱਖ ਮਿਲਾ ਲੈਂਦਾ ਏ,
ਅਜੇ ਵੀ ਉਹਦੀ ਅੱਖ ’ਚੋਂ ਲਾਰੇ ਨਈਂ ਜਾਂਦੇ।

ਐਵੇਂ ਈ ਲੋਕਾਂ ਪੱਥਰ ਮਾਰੇ ਮਜਨੂੰ ਨੂੰ,
ਇਸ਼ਕ ਦੇ ਮਾਰੇ ਲੋਗ ਤੇ ਮਾਰੇ ਨਈਂ ਜਾਂਦੇ।

## – 4 –

ਜੋ ਕਰਨਾ ਏ ਸੋਚੋ ਰਾਹੇ ਪੈ ਜਾਓ।
ਇਹ ਨਾ ਹੋਵੇ ਰਾਹਾਂ ਵਿਚ ਈ ਰਹਿ ਜਾਓ।

ਗ਼ਮ ਦਾ ਹਿੱਸਾ ਅਪਣਾ ਅਪਣਾ ਚੁੱਕੋ ਤੇ,
ਜਿਹਦੇ ਹਿੱਸੇ ਜੋ ਆਉਂਦਾ ਏ ਸਹਿ ਜਾਓ।

ਅੱਖਾਂ ਵਿਚ ਸੈਲਾਬ ਏ ਉੱਚੇ ਦਰਜੇ ਦਾ,
ਐ ਸੁਫ਼ਨੇ ਮਹਿਫ਼ੂਜ਼ ਜਗ੍ਹਾ ਤੇ ਲਹਿ ਜਾਓ।

ਜਾਂਦਾ ਬੰਦਾ ਮਾਰ ਕੇ ਆਖਣ ਪਿਛਲਿਆਂ ਨੂੰ,
ਇਹ ਇਮਦਾਦੀ ਚੈੱਕ ਫੜੋ ਤੇ ਬਹਿ ਜਾਓ।

ਜੇ ਇਹ ਦੁਨੀਆਂ ਬਹੁਤ ਸਿਆਣੀ ਹੋ ਗਈ ਏ,
ਇੰਝ ਕਰੋ ਫਿਰ ਮੈਨੂੰ ਪਾਗਲ ਕਹਿ ਜਾਓ।

## ਮਹਿਬੂਬ ਸਰਮਦ

**- 1 -**

ਨਾ ਕੋਈ ਪੀੜ ਖ਼ਿਜਾਵਾਂ ਦਿੱਤੀ ਨਾ ਕੋਈ ਸੁੱਖ ਬਹਾਰਾਂ ਨੇ।
ਇਨਸਾਨਾਂ ਨੂੰ ਘੇਰ ਲਿਆ ਏ ਗ਼ਰਜ਼ ਦੀਆਂ ਪੁਰਕਾਰਾਂ ਨੇ।

ਇਸਰਾਂ ਕੋਈ ਪੁੱਤ ਜੰਮਣ ਤੇ ਪਿਓ ਵੀ ਲੱਡੂ ਵੰਡਦਾ ਨਈਂ,
ਜਿਸਰਾਂ ਇਹ ਬੇਚੈਨੀ ਵੰਡੀ ਗਲੀ ਗਲੀ ਅਖ਼ਬਾਰਾਂ ਨੇ।

ਵੇਲੇ ਦੇ ਨਾਲ ਟੁਰਨਾ ਏ ਤੇ ਕਦਮ ਅਗੇਰੇ ਧਰਦਾ ਰਹਿ,
ਡਾਰੋਂ ਵਿਛੜੀ ਕੂੰਜ ਕਦੇ ਨਹੀਂ ਨਾਲ਼ ਰਲ਼ਾਈ ਡਾਰਾਂ ਨੇ।

ਕੁਝ ਤੇ ਭੁੱਖ ਦੇ ਕੁੱਠੇ ਹੋਏ ਸਾਂ ਕੁਝ ਜ਼ਖ਼ਮੀ ਸਾਂ ਯਾਰਾਂ ਤੋਂ,
ਰਹਿੰਦਾ ਜੁੱਸਾ ਵੱਢ ਛੱਡਿਆ ਏ ਸੋਚ ਦੀਆਂ ਤਲਵਾਰਾਂ ਨੇ।

ਸ਼ੀਸ਼ੇ ਜਿਹੇ ਅਰਮਾਨ ਕਿਸੇ ਦੇ ਕਿਰਚੀ ਕਿਰਚੀ ਹੋਵਣਗੇ,
ਕਾਅਬੇ ਵਰਗੇ ਦਿਲ ਢਾਂਦਿਆਂ ਕੁਝ ਨਾ ਸੋਚਿਆ ਯਾਰਾਂ ਨੇ।

ਤੇਰੇ ਸ਼ਹਿਰ 'ਚ ਪੱਥਰ ਵੀ ਤੇ ਬੁੱਕ ਬੁੱਕ ਅੱਥਰ ਕੇਰਨ ਪਏ,
ਏਥੇ ਬੀਬਾ ਕੀ ਸਾਹ ਲੈਣੇ, 'ਸਰਮਦ' ਜਿਹੇ ਫ਼ਨਕਾਰਾਂ ਨੇ।

## – 2 –

ਜਿੱਥੇ ਕਲੀਆਂ ਮਹਿਕਦੀਆਂ ਨੇ ਓਥੇ ਅੱਗਾਂ ਹੋਣਗੀਆਂ।
ਖ਼ੌਰੇ ਕੱਲ੍ਹ ਤੱਕ ਇਸ ਧਰਤੀ ਦੀਆਂ ਕਿਹੜੀਆਂ ਸ਼ਕਲਾਂ ਹੋਣਗੀਆਂ।

ਏਹੋ ਖਿੜ ਖਿੜ ਹਸਦੇ ਮੌਸਮ ਮਾਰ ਦੁਹੱਥੜ ਰੋਵਣਗੇ,
ਏਹੋ ਫੁੱਲਾਂ ਵਰਗੀਆਂ ਰੁੱਤਾਂ ਲੀਰਾਂ ਲੀਰਾਂ ਹੋਣਗੀਆਂ।

ਉੱਤੋਂ ਉੱਤੋਂ ਇਕ ਦੂਜੇ ਨੂੰ ਘੁੱਟ ਘੁੱਟ ਜੱਫੀਆਂ ਪਾਵਣਗੇ,
ਵਿੱਚੋਂ ਵਿੱਚੋਂ ਸੈ ਕੋਹਾਂ ਦੀਆਂ, ਐਪਰ ਵਿੱਥਾਂ ਹੋਣਗੀਆਂ।

ਮੇਰੇ ਵਾਂਗੂੰ ਦੱਸ ਖਾਂ ਤੇਰੇ ਬਾਰੇ ਕਿਹੜਾ ਸੋਚੇਗਾ,
ਮੇਰੇ ਵਾਂਗੂੰ ਦੱਸ ਖਾਂ ਤੇਰੀਆਂ ਕਿਹਨੂੰ ਫ਼ਿਕਰਾਂ ਹੋਣਗੀਆਂ।

ਘਰ ਵਿਚ ਬੈਠੀ ਬੁੱਢੜੀ ਮਾਂ ਦੀ ਰੂਹ ਵੀ ਟੋਟੇ ਹੋਵੇਗੀ,
ਵਿਹੜਿਆਂ ਦੀ ਥਾਂ ਜਦੋਂ ਦਿਲਾਂ ਦੇ ਅੰਦਰ ਕੰਧਾਂ ਹੋਣਗੀਆਂ।

ਉਧਰ ਉਹਨੇ ਲੰਮੀ ਤਾਣ ਕੇ ਸੌਂ ਜਾਣਾ ਏ ਕੱਲ੍ਹ ਵਾਂਗੂੰ,
ਏਧਰ ਸਾਡਿਆਂ ਨੈਣਾਂ ਦੇ ਵਿਚ ਅਜ ਵੀ ਫ਼ਜਰਾਂ ਹੋਣਗੀਆਂ।

ਆਪਣੀ ਏਸ ਮੁਹੱਬਤ ਵਾਲ਼ੀ ਕਦੇ ਕਹਾਣੀ ਖੁੱਲ੍ਹੇਗੀ,
ਤੇਰੀਆਂ ਗੱਲਾਂ ਕਿਧਰੇ 'ਸਰਮਦ' ਮੇਰੀਆਂ ਗੱਲਾਂ ਹੋਣਗੀਆਂ।

## – 3 –

ਹਿਜਰ ਦੀ ਰੁੱਤੇ ਅਸਾਡੀ ਖ਼ਾਤਰ ਵਸਲ ਦੇ ਵਗਦੇ ਚਨਾਬ ਲੈ ਕੇ।
ਇਹ ਕੌਣ ਹੈ ਵੇ ਜੋ ਆ ਰਿਹਾ ਏ ਲਬਾਂ ’ਤੇ ਖਿੜਦੇ ਗੁਲਾਬ ਲੈ ਕੇ।

ਤਿਰੀ ਤਬੀਅਤ ਤੋਂ ਢੇਰ ਵਾਕਿਫ਼ ਮੈਂ ਚੁਪ ਚੁਪੀਤਾ ਵਾਂ ਜਾਣਨਾ ਵਾਂ,
ਮੇਰੇ ਸਵਾਲਾਂ ਦਾ ਕੀ ਬਣੇਗਾ ਮੈਂ ਕੀ ਕਰਾਂਗਾ ਜਵਾਬ ਲੈ ਕੇ।

ਚਲੋ ਅਸੀਂ ਤੇ ਖ਼ਿਜ਼ਾਂ ਦੇ ਮਾਰੇ ਜ਼ਰਾ ਉਹਨਾਂ ਦਾ ਖ਼ਿਆਲ ਕਰਨਾ,
ਵਸਾਲ ਮੌਸਮ ’ਚ ਜੋ ਟੁਰੇ ਨੇ ਹਜ਼ਾਰ ਸੋਚਾਂ ਤੇ ਖ਼ਾਬ ਲੈ ਕੇ।

ਹਸੀਨ ਨੈਣਾਂ ਤੁਹਾਡਿਆਂ ਦੇ ਕਿਤੇ ਜੇ ਦਰਸ਼ਨ ਨਸੀਬ ਹੋਵਣ,
ਤੁਹਾਡੀ ਕਸਮੇ ਮੈਂ ਮਰ ਤੇ ਜਾਵਾਂ ਕਦੀ ਨਾ ਬੈਠਾਂ ਸ਼ਰਾਬ ਲੈ ਕੇ।

ਨਵੇਂ ਸਿਰੇ ਤੋਂ ਮੁਹੱਬਤਾਂ ਦੇ ਗ਼ੁਲਾਬ ਚੁਣੀਏ ਮੈਂ ਆਖਿਆ ਸੀ,
ਤੂੰ ਫੇਰ ਆਕੇ ਤੇ ਬਹਿ ਗਿਆ ਏਂ ਗਏ ਦਿਨਾਂ ਦਾ ਹਿਸਾਬ ਲੈ ਕੇ ।

# ਫ਼ਖ਼ਰ ਜ਼ਮਾਨ

ਉੱਚੀ ਟੀਸੀ ਉੱਤੇ ਚੜ੍ਹ ਕੇ ਹੇਠਾਂ ਝਾਤੀ ਪਾਵਾਂ।
ਬੰਦੇ ਦੂਣੇ ਦੂਣੇ ਵੇਖਾਂ ਅਪਣਾ ਕੱਦ ਵਧਾਵਾਂ।

ਆਪਣੇ ਧੌਲੇ ਵੇਖਾਂ ਤੇ ਮੈਂ ਸੋਚੀਂ ਪੈ ਪੈ ਜਾਵਾਂ,
ਲੰਘਦੇ ਵੇਲ਼ੇ ਦੇ ਪੈਰਾਂ ਵਿਚ ਛੇਤੀ ਬੇੜੀ ਪਾਵਾਂ।

ਸਾਰੇ ਲੋਕੀ ਮੱਲ ਬੈਠੇ ਨੇ ਰੁੱਖਾਂ ਦਾ ਪਰਛਾਵਾਂ,
ਬਲਦੀ ਧੁੱਪ ’ਚ ਬਹਿ ਕੇ ਸੋਚਾਂ ਮੰਜੀ ਕਿੱਥੇ ਡਾਹਵਾਂ।

ਅੱਖਾਂ ਵਾਲੇ ਅੰਨ੍ਹੇ ਹੋ ਗਏ, ਅੰਨ੍ਹੇ ਹੋਏ ਸੁਜਾਖੇ,
ਕਿਸਦਾ ਮੋਢਾ ਫੜ ਕੇ ਅੱਜ ਮੈਂ ਪਾਰ ਸੜਕ ਦੇ ਜਾਵਾਂ।

ਅੱਗੇ ਮੇਰੀ ਗੁੱਡੀ ਟੁੱਟ ਗਈ ਚੜ੍ਹ ਕੇ ਅੱਧ-ਅਸਮਾਨੀਂ,
ਰੱਖਾਂਗਾ ਹੁਣ ਅਪਣੇ ਸਿਰ ’ਤੇ ਹੁਣ ਨਾ ਹੋਰ ਵਧਾਵਾਂ।

ਮੈਂ ਵਾਂ ਇਕ ਅਚਰਜ ਪਰਾਹੁਣਾ ਮੇਰੇ ਲੇਖੀਂ ਗ੍ਹਾਲਾਂ,
ਸਰਘੀ ਸਰਘੀ ਖੀਸੇ ਪਾਵਾਂ ਜਿਸ ਭਾਂਡੇ ਵਿਚ ਖਾਵਾਂ।

ਵੇਖੋ ਵੇਖੀ ਰੁੱਤਾਂ ਵੀ ਹੁਣ ਬਦਲੇ ਅਪਣੇ ਚਾਲੇ,
ਧੁੱਪੇ ਕਾਂਬੂ ਛਿੜ ਛਿੜ ਜਾਵੇ ਤੱਤੀਆਂ ਲੱਗਣ ਛਾਵਾਂ।

# ਅੰਜੁਮ ਸਲੀਮੀ

**– 1 –**

ਆਪਣੀ ਸੰਗਤ ਦੇ ਨਿੱਘ ਅੰਦਰ ਦੋ ਦਿਨ ਹਾਸਾ ਕਰਕੇ।
ਤੂੰ ਵੀ ਸਾਨੂੰ ਛੱਡ ਜਾਣਾ ਏ ਹੋਰ ਉਦਾਸਾ ਕਰਕੇ।

ਇਹ ਵੇਲਾ ਵੀ ਆਉਣਾ, ਪਰ ਇਹ ਵੇਲਾ ਕਦੀ ਨਾ ਆਵੇ,
ਲੰਘਿਆ ਕਰਣਾ ਜਦ ਇਕ ਦੂਜੇ ਕੋਲੋਂ ਪਾਸਾ ਕਰਕੇ।

ਕੱਚੀ ਉੱਡਣੀ ਉੱਡਣ ਦੇ ਇਸ ਸ਼ੌਕ ਨੇ ਔਖਾ ਕੀਤਾ,
ਭੰਨ ਲਏ ਆਪਣੇ ਖੰਭ ਹਵਾਵਾਂ 'ਤੇ ਭਰਵਾਸਾ ਕਰਕੇ।

ਨਾਲੇ ਭਰਮ ਗੁਆਇਆ ਆਪਣਾ ਨਾਲੇ ਮਾਣ ਵੀ ਟੁੱਟਾ,
ਲੱਭਾ ਕੀ ਇਸ ਥੋੜ ਦਿਲੇ ਦੇ ਅੱਗੇ ਕਾਸਾ ਕਰਕੇ।

ਮੈਂ ਗਿਰਝਾਂ ਦੇ ਕੋਲੋਂ ਆਪਣਾ ਆਪ ਬਚਾ ਕੇ 'ਅੰਜੁਮ',
ਚਿੜੀਆਂ ਅੱਗੇ ਪਾ ਦਿੱਤਾ ਏ ਮਾਸਾ ਮਾਸਾ ਕਰਕੇ।

## – 2 –

ਕਿਸੇ ਨੇ ਸਾਡੀ ਵਾਤ ਨਾ ਪੁੱਛੀ, ਕਿਸੇ ਨਾ ਦੁੱਖ ਪਛਾਤੇ।
ਦਰਦੀ ਨਈਂ ਜੇ ਇਕ ਦੂਜੇ ਦੇ, ਕਾਹਦੇ ਰਿਸ਼ਤੇ ਨਾਤੇ।

ਕਿਸ ਚਾਅ ਪਿੱਛੇ ਟੁਰ ਪਏ ਖ਼ਾਲੀ ਫੜ ਕੇ ਵਾਅ ਦੀ ਉਂਗਲੀ,
ਕਿਸ ਉਮੀਦ ਤੇ ਛੱਡ ਆਏ ਸਾਂ ਵੇੜ੍ਹੇ ਭਰੇ ਭਰਾਤੇ।

ਨਾ ਉਪਰ ਅਸਮਾਨ ਅਸਾਡਾ ਨਾ ਥੱਲੇ ਕੋਈ ਧਰਤੀ,
ਅਸਾਂ ਤਾਂ ਭਾਈਆ ਮੁੱਢ ਕਦੀਮੋਂ ਬੇ-ਅਸਲੇ, ਬੇ-ਜ਼ਾਤੇ।

ਪੋਰ ਪੋਰ ਵਿਚ ਸਿੰਮਦੀ ਜਾਵੇ ਅਜ ਬੇ-ਸੁਫ਼ਨੀ ਨੀਂਦਰ
ਕਿਸ ਕੰਮ ਆਏ ਸਾਂਭ ਕੇ ਰੱਖੇ ਵਰ੍ਹਿਆਂ ਦੇ ਜਗਰਾਤੇ।

ਸ਼ਹਿਰ ਦੀਆਂ ਖ਼ਾਲੀ ਸੜਕਾਂ ’ਤੇ ‘ਅੰਜੁਮ’ ਕੱਲਮ ਕੱਲਾ,
ਨਾ ਫਿਰਿਆ ਕਰ ਲਾ ਲਾ ਕੇ ਖ਼ੁਸ਼ਬੋਆਂ ਰਾਤ ਬਰਾਤੇ।

# ਰਾਇ ਮੁਹੱਮਦ ਖ਼ਾਨ ਨਾਸਿਰ

**– 1 –**

ਹੱਸ ਯਾ ਰਾਤੇ ਰੋ ਮੈਂ ਪੂਰਾ ਹੋਣਾ ਈ।
ਮੈ *ਫ਼ਜਰਾਂ ਦੀ ਲੋਅ ਮੈਂ ਪੂਰਾ ਹੋਣਾ ਈ।

ਅਜ਼ਲਾਂ ਤੋਂ ਮੈਂ ਧੂੜ ਜੋ ਉੱਡਦੀ ਵਾਂਦੀ ਏ,
ਮੇਰੀ ਮਿੱਟੀ ਗੋ ਮੈਂ ਪੂਰਾ ਹੋਣਾ ਈ।

ਅਜੇ ਤਾਂ ਪੂਰਾ ਤੈਨੂੰ ਕਰਦਾ ਵਾਂ ਨਾ ਮੈਂ,
ਤੂੰ ਹੁਣ ਪੂਰਾ ਹੋ ਮੈਂ ਪੂਰਾ ਹੋਣਾ ਈ।

ਚੇਤਰ ਚੇਤ ਬਹਾਰਾਂ ਆਉਣਾ ਵੇਖ ਲਵੀਂ,
ਰੱਤ ਵੰਡਣੀ ਖ਼ੁਸ਼ਬੋ ਮੈਂ ਪੂਰਾ ਹੋਣਾ ਈ।

ਰਾਤ ਚਿੜੀ ਦੇ ਬੂਹੇ ਅੱਗੇ ਆ ਗਈ ਏ,
ਰੱਖੀਂ ਝੱਟ ਕਨਸੋਅ ਮੈਂ ਪੂਰਾ ਹੋਣਾ ਈ

ਅਜੇ ਇਹ ਘਾਣੀ ਕੰਧ ਕਿਸੇ ਦਾ ਪੋਚਾ ਨਈਂ
ਪੈਰ ਅਜੇ ਨਾ ਧੋ ਮੈਂ ਪੂਰਾ ਹੋਣਾ ਈ

ਮੇਰੀ ਮੌਤ ’ਤੇ ਗੂੰਗੇ ਅੱਥਰੂ, ਨਾ ਬਈ ਨਾ
ਮੈਨੂੰ ਪਿੱਟ ਕੇ ਰੋ ਮੈਂ ਪੂਰਾ ਹੋਣਾ ਈ

ਜਿਹੜੀ *ਹਿਜਰ ਪੜ੍ਹਾਵੀ ਅੱਲ੍ਹਾ ਵਾਸਤੇ ਤੂੰ
'ਨਾਸਰ' ਨੀਤੀਂ ਸੋ ਮੈਂ ਪੂਰਾ ਹੋਣਾ ਈ

*ਫ਼ਜਰਾਂ – ਅਮ੍ਰਿਤ ਵੇਲਾ
*ਹਿਜਰ – ਜੁਦਾਈ

# ਯੂਨਸ ਅਹਿਕਰ

**- 1 -**

ਨਾ ’ਕੱਠ ਚਿੜੀਆਂ ਦਾ ਕੰਮ ਆਇਆ ਨਾ ਕੁਰਲਾਣਾ ਕਾਵਾਂ ਦਾ।
ਚਿੱਟੇ ਦਿਨ ਵਿਚ ਡੰਗ ਗਿਆ ਸਾਨੂੰ ਸੱਪ ਕਲਰਾਠਿਆਂ ਥਾਵਾਂ ਦਾ।

ਸਹਿਜੇ ਸਹਿਜੇ ਨੀਵੇਂ ਪੈ ਗਏ ਉੱਚੇ ਤਰਲੇ ਅਜ਼ਮਾਂ ਦੇ,
ਹੌਲੀ ਹੌਲੀ ਜੁੱਸਿਆਂ ਦੇ ਵਿਚ ਰਲ਼ ਗਿਆ ਜ਼ਹਿਰ ਹਵਾਵਾਂ ਦਾ।

ਪੈਦਲ ਰਾਹੀਆਂ ਦਾ ਕੀ ਹੁਣ ਤੇ ਊਠ ਸਵਾਰ ਵੀ ਕਹਿ ਰਹੇ ਨੇ,
ਖ਼ਬਰੇ ਕਿਹੜੇ ਦਿਨ ਮੁੱਕੇਗਾ ਮਾਰੂ ਪੰਧ ਸਹਿਰਾਵਾਂ ਦਾ।

ਮੁੱਕਦੀਆਂ ਜਾਵਣ ਪਲ ਪਲ ਰੀਤਾਂ ਅਜ਼ਲੀ ਰੱਬ ਤੋਂ ਡਰਨ ਦੀਆਂ,
ਵਧਦਾ ਜਾਵੇ ਖ਼ੌਫ਼ ਦਿਲਾਂ ਵਿਚ ਨਵੇਂ ਨਕੋਰ ਖ਼ੁਦਾਵਾਂ ਦਾ।

ਉਹਦੇ ਕੋਲੋਂ ਆਸ ਫ਼ਜ਼ੂਲ ਏ ਧਰਤੀ ਉੱਤੇ ਖ਼ੁਸ਼ੀਆਂ ਦੀ,
ਜਰਿਆ ਗਿਆ ਨਈਂ ਜਿਸ ਬੰਦੇ ਤੋਂ ਸੁੱਖ ਸਕੂਨ ਖ਼ਲਾਵਾਂ ਦਾ।

ਸੂਰਜ ਸਾਹਮਣੇ ਇਨ੍ਹਾਂ ਦੀ ਬੇਵੱਸੀ ਜ਼ਾਹਿਰ ਕਰਦਾ ਏ,
ਕੰਧਾਂ ਤੇ ਰੁੱਖਾਂ ਦੇ ਉਹਲੇ ਲੁਕ ਲੁਕ ਬਹਿਣਾ ਛਾਵਾਂ ਦਾ।

ਪੈਰ ਪੈਰ ’ਤੇ ਭਾਵੇਂ ਠੰਡੇ ਲੱਗਦੇ ਨੇ ਪਰ ‘ਅਹਿਕਰ’ ਮੈਂ,
ਦੁੱਖਾਂ ਦੀ ਜੂਹ ਗਾਹੀ ਜਾਣਾ ਪੱਲਾ ਫੜ ਕੇ ਚਾਵਾਂ ਦਾ।

## - 2 -

ਦੁੱਖਾਂ ਨੂੰ ਨਈਂ ਗਿਣੀ ਮਿਣੀ ਦਾ ਗ਼ਮ ਨੂੰ ਕੁਝ ਨਈਂ ਜਾਣੀਦਾ।
ਮੰਜ਼ਿਲ ਖ਼ਾਤਰ ਤੂਫਾਨਾਂ ਦੇ ਅੱਗੇ ਸੀਨਾ ਤਾਣੀਦਾ।

ਮਕਸਦ ਪਾਰੋਂ ਡੁੱਬਣ ਵਾਲਾ ਮੋਤੀ ਕਢਦਾ ਰਹਿੰਦਾ ਏ,
ਆਪਣੇ ਪੈਰ ਹਿਲਾ ਨਈਂ ਸਕਦਾ ਖੁੱਭਿਆ ਲੋਭ ਦੀ ਘਾਣੀ ਦਾ।

ਚਿਹਰਿਆਂ ਉੱਤੇ ਵਿਸ ਕੇ ਨੇੜੇ ਨੇੜੇ ਤੇ ਆ ਜਾਈ ਦਾ ਏ,
ਪਿੱਛੇ ਭੱਜਣਾ ਪੈ ਜਾਂਦਾ ਏ ਬਾਤਨ ਜਦੋਂ ਪਛਾਣੀ ਦਾ।

ਆਪਣੇ ਸੰਗ ਟੁਰੀ ਹਰ ਸ਼ੈਅ ਨੂੰ ਨੀਵੇਂ ਪਾਸੇ ਖੜਦਾ ਏ,
ਮੈਨੂੰ ਕਦੀ ਨਈਂ ਚੰਗਾ ਲੱਗਾ ਇਹ ਵਰਤਾਰਾ ਪਾਣੀ ਦਾ।

ਸੌ ਸਾਮਾਨ ਨੇ ਭਾਵੇਂ ਆਲ ਦੁਆਲੇ ਠੰਡੀਆਂ ਛਾਵਾਂ ਦੇ,
ਫੇਰ ਵੀ ਰਹਿ ਰਹਿ ਚੇਤੇ ਆਉਂਦਾ ਏ ਸਾਇਆ ਕੰਧ ਪੁਰਾਣੀ ਦਾ।

ਮੱਖਣ ਦੀ ਇੱਕ ਬੂੰਦ ਕੱਢਣ ਲਈ ਸ਼ਹਿਰ ਵਿਕੇਂਦਿਆਂ ਦੁੱਧਾਂ ’ਚੋਂ,
ਚੱਕਰ ਖਾ ਖਾ ਥੱਕ ਜਾਂਦਾ ਏ ਝੱਲਾ ਫੁੱਲ ਮਧਾਣੀ ਦਾ।

ਮਨ ਰੋਗੀ ਦੀਆਂ ਲੋੜਾਂ ਪਾਰੋਂ ਸੱਧਰਾਂ ਭਰੀਆਂ ਅੱਖਾਂ ਨੂੰ,
ਰੇਤਾਂ ਦੇ ਵਸ ਪਾਂਦਾ ਆਇਐ ਸਰਾ ਭੁਲੇਵਾ ਪਾਣੀ ਦਾ।

ਮੁਮਕਿਨ ਰਹੇ ਨਾ ਅੱਗੇ ਵਧਣਾ ਤੱਕ ਨਿਸ਼ਾਨ ਜੇ ਪੈਰਾਂ ਦੇ,
ਹਿੰਮਤ ਹਾਰ ਕੇ ਰਾਹਵਾਂ ਵਾਲਾ ਘੱਟਾ ਫੇਰ ਨਈਂ ਛਾਣੀਦਾ।

ਜ਼ਿਹਨ ਬੰਦੇ ਦਾ ‘ਅਹਿਕਾਰ’ ਗੁੰਝਲੀ ਅੱਟੀ ਬਣਿਆ ਹੋਇਆ ਏ,
ਐਵੇਂ ਨਈਂ ਇਹ ਖ਼ਾਲਕ ਬਣਿਆ ਗੁੰਝਲਦਾਰ ਕਹਾਣੀ ਦਾ।

# ਗ਼ੁਲਾਮ ਹੁਸੈਨ ਸੱਜਾਦ

**- 1 -**

ਫ਼ਜਰੇ ਅਸਰੇ ਪਾਂਧੀਆਂ ਨਾਲ ਚਿੜੀ ਜਦ ਚੂਕਦੀ।
ਅੰਦਰ ਬਾਗ਼ ਬਗ਼ੀਚਿਆਂ ਕਾਲੀ ਕੋਇਲ ਕੂਕਦੀ।

ਮੈਂ ਤੇ ਮੂਲ ਨਾ ਜਾਣਿਆ ਭੇਤ ਕਿਸੇ ਦੀ ਅੱਖ ਦਾ,
ਚੁੱਪ-ਚਪੀਤੇ ਪਾਣੀਆਂ ਉੱਤੇ ਚੱਕੀ ਘੂਕਦੀ।

ਵਿਹੜੇ ਅੰਦਰ ਮਹਿਕਦਾ ਉਹਦੇ ਰੂਪ ਦਾ ਮੋਤੀਆ,
ਬਾਰੀ ਵਿਚੋਂ ਰਾਤ ਦੀ ਕਾਲੀ ਨਾਗਨ ਸ਼ੂਕਦੀ।

ਕਿਹੜਾ ਮੁੱਲ ਸ਼ਿੰਗਾਰਿਏ ਉਹਦੀ ਪ੍ਰੀਤ ਤੇ ਪਿਆਰ ਦਾ,
ਕਿਹੜੀ ਕੀਮਤ ਰੱਖੀਏ ਉਹਦੇ ਅੰਗ ਮਲੂਕ ਦੀ।

ਕਿਉਂ ਅੱਜ ਰਾਤ ਨਾ ਵੰਡਣੀ ਮਹਿਕ ਕਿਸੇ ਦੇ ਰੂਪ ਦੀ,
ਕਿਉਂ ਅੱਜ ਰੱਤੜੀ ਚਾਨਣੀ ਅੜਕ ਅੜਕ ਕੇ ਹੂਕਦੀ।

'ਸਾਜਦ' ਏਸ ਬਹਾਰ ਵਿਚ, ਚੰਭੇ ਦੀ ਮਹਿਕਾਰ ਵਿਚ,
ਕੋਈ ਮੌਜ ਤੇ ਮਾਣੀਏ ਉਹਦੇ ਸਾਂਭ ਸਲੂਕ ਦੀ।

# ਪਰਵਾਸੀ ਗ਼ਜ਼ਲ
# (ਯੂ.ਕੇ.)

## ਸੁਰਿੰਦਰ ਸੀਹਰਾ

**- 1 -**

ਇਕ ਜਲਧਾਰਾ ਪਾ ਕੇ ਕੰਗਣ ਆਈ ਸੀ
ਮੈਨੂੰ ਲੱਗਿਆ ਮੈਨੂੰ ਰੰਗਣ ਆਈ ਸੀ।
ਮੈਂ ਹੀ ਆਪਣੇ ਪੱਕੇ ਘਾਟ ਬਣਾ ਬੈਠਾ
ਉਹ ਚਰਨਾਂ ਨੂੰ ਛੋਹ ਕੇ ਲੰਘਣ ਆਈ ਸੀ।

ਮੇਰੀਆਂ ਖੁਸ਼ੀਆਂ ਖ਼ੈਰਾਂ ਮੰਗਣ ਆਈ ਸੀ
ਇਸ ਜੀਵਨ ਦੀਆਂ ਟੁੱਟੀਆਂ ਗੰਢਣ ਆਈ ਸੀ।
ਤੇਰਾਂ ਤੇਰਾਂ ਕਰਕੇ ਮੇਰੇ ਦੁੱਖਾਂ ਦਾ
ਉਹ ਤਾਂ ਮੋਦੀਖ਼ਾਨਾ ਵੰਡਣ ਆਈ ਸੀ।

ਇਸ ਜਿਉਂਦੇ ਨੂੰ ਜਿਉਣੇ ਜੋਗਾ ਕਰਨ ਲਈ
ਥੋੜਾ ਬਹੁਤਾ ਰੌਣਕ ਦੇ ਸੰਗ ਭਰਨ ਲਈ
ਉਜੜੇ ਪੁੱਜੜੇ ਡੂੰਘੇ ਖਾਲੀ ਖੂਹ ਅੰਦਰ
ਜਲ ਦੀਆਂ ਕੁਝ ਤਸਵੀਰਾਂ ਟੰਗਣ ਆਈ ਸੀ।

ਮੈਂ ਮਿੱਟੀ ਹਾਂ, ਅਗਨ ਪਵਨ ਜਲ ਨੂੰ ਪੁੱਛੋ
ਕੌਣ ਹੈ ਉੱਚਾ ਨੀਵਾਂ ਕਿਸ ਵਿਚ ਹੈ ਖ਼ੁਸ਼ਬੋ
ਮੈਂ ਤਾਂ ਖ਼ੂਨ ਖਰਾਬੇ ਬਦੀਆਂ ਝੱਲਦੀ ਹਾਂ
ਮੈਂ ਕਦ ਚੰਗੇ ਮੰਦੇ ਜੰਮਣ ਆਈ ਸੀ।

ਏਥੇ ਢੋਲਕੀਆਂ ਤੇ ਛੈਣੇ ਵੱਜਦੇ ਜੋ
ਇਸ ਦੀ ਉਸ ਦਰਵਾਜੇ ਨਾ ਪਹੁੰਚੇ ਕਨਸੋ
ਰਾਤੀਂ ਮੇਰੇ ਲੀਕ ਘੁਮਾ ਕੇ ਚਹੁੰ ਪਾਸੀਂ
ਸਿਵਿਆਂ ਵਾਂਗਰ ਦੇਹੁਰਾ ਬੰਨਣ ਆਈ ਸੀ।

ਮੈਂ ਦੁੱਖਾਂ ਨੂੰ ਦੁਰਗ ਬਣਾ ਕੇ ਜੀਅ ਲੈਣਾ
ਅਗਲੇ ਜਨਮ ਮਿਲ਼ਾਂਗੇ ਕਹਿ ਕੇ ਕੀ ਲੈਣਾ
ਹੁਣ ਪਛਤਾਉਨਾਂ ਉਸ ਨੂੰ ਏਦਾਂ ਨਾ ਕਹਿੰਦਾ
ਉਹ ਜੋ ਵਿੱਤ ਮੁਤਾਬਕ ਥੰਮਣ ਆਈ ਸੀ।

ਆਪਣੇ ਆਲ਼ਣਿਆਂ ਅੰਦਰ ਵੀ ਠਰਦੀ ਸੀ
ਅੰਦਰ ਸੱਧਰਾਂ ਲੈ ਕੇ ਉਡਣੋ ਡਰਦੀ ਸੀ
ਸੀਹਰੇ ਉਸ ਨੂੰ ਨਜ਼ਮ ਬਣਾ ਕੇ ਥੰਮ ਲਿਆ
ਉਹ ਜੋ ਉਸ ਦੇ ਅੰਦਰ ਕੰਬਣ ਆਈ ਸੀ।

## – 2 –

ਕਾਗਜ਼ ਚ ਲੈ ਕੇ ਬੇਨਤੀ ਪੰਜੇ ਹੀ ਤਤ ਗਏ।
ਬੇਗ਼ਮਪੁਰੇ ਤੋਂ ਖ਼ੂਨ ਦੇ ਦਿੱਲੀ ਨੂੰ ਖ਼ਤ ਗਏ।

ਪਾ ਕੇ ਪਟੰਬਰ ਸਮਝਦਾ ਬਗਲਾ, ਮੈਂ ਪਰਮਹੰਸ
ਤਾਹੀਂ ਤਾਂ ਉਸ ਦੇ ਫੈਸਲੇ ਹੁੰਦੇ ਗ਼ਲਤ ਗਏ।

ਅੱਜ ਅਪਸਰਾਵਾਂ ਬੈਠੀਆਂ ਖ਼ਬਰਾਂ ਦੇ ਲੈਕੇ ਜਾਮ
ਅਪਣੇ ਤੋਂ ਅਪਣੇ ਆਪ ਦੇ ਟੁੱਟਦੇ ਰਬਤ ਗਏ।

ਮੈਂ ਜਾਣਦਾਂ ਇਕ ਦਿਨ ਹੈ ਇਹ ਤਸਵੀਰ ਬਦਲਨੀ
ਮੁੜਨੇ ਨਹੀਂ ਉਹ ਲੋਕ ਪਰ, ਜੋ ਬੇਵਕਤ ਗਏ।

ਮੇਲੇ ਦੀ ਜੋ ਨੇ ਜਾਣਦੇ ਹੁੰਦੀ ਅਖੀਰ ਕੀ,
ਉਹ ਤਾਂ ਇਹ ਮੇਲਾ ਵੇਖ ਕੇ ਘਰ ਨੂੰ ਪਰਤ ਗਏ।

ਮਸਤੀ ਚ ਪੱਕੇ ਰਾਗ ਦੀ ਬੰਦਿਸ਼ ਬਦਲ ਗਈ
ਸਿਖਰਾਂ ਦੇ ਜਨ-ਅੰਦੋਲਨਾ, ਭਾਣੇ ਵਰਤ ਗਏ।

## - 3 -

ਔਖਾ ਕਬੂਲ ਕਰ ਜਾਂ ਸੌਖਾ ਕਬੂਲ ਕਰ।
ਜੋ ਆਤਮਾਂ ਨੇ ਪਾਇਆ ਚੋਲ਼ਾ ਕਬੂਲ ਕਰ।

ਮੇਰੀ ਸਦਾਅ ਕਬੂਲ ਕਰ ਹੋਕਾ ਕਬੂਲ ਕਰ।
ਜਿੰਨੇ ਕੁ ਮੇਰੇ ਰੋਮ ਨੇ ਓਨਾ ਕਬੂਲ ਕਰ।

ਕੰਗਣ ਨਹੀਂ ਮੈਂ ਤੇਰੇ ਬਣ ਕੇ ਕੜਾ ਸਜਾਂਗਾ,
ਸੋਨਾ ਨਹੀਂ, ਤੂੰ ਮੇਰਾ ਲੋਹਾ ਕਬੂਲ ਕਰ।

ਜੋ ਭਟਕਦਾ ਖ਼ਲਾਅ ਵਿਚ ਤੇਰਾ ਮੇਰਾ ਖਿਢੌਣਾ,
ਬੱਚਿਆ, ਲੈ ਹੁੰਝੂਆਂ ਦਾ ਤੋਹਫ਼ਾ ਕਬੂਲ ਕਰ।

ਉਹ ਮਹਿਕ ਬਣ ਕੇ ਮੇਰਾ ਅੰਦਰ ਹੀ ਭਰ ਗਿਆ ਸੀ,
ਰੋਜ਼ਾ ਨਿਭਾਅ ਨਾ ਹੋਇਆ ਤੌਬਾ ਕਬੂਲ ਕਰ।

ਤਰਦੀ ਤੁਲ਼ਾ ਦੇ ਅੰਦਰ ਦੀਵਾ ਜਗਾ ਤੇ ਮੈਨੂੰ,
ਅਗਲੇ ਜਹਾਨ ਤੋਰ ਕੇ ਸ਼ੋਭਾ ਕਬੂਲ ਕਰ।

ਹੁੱਣ ਤੱਕ ਤਾਂ ਗਲਤੀਆਂ ਨੇ ਰੱਖਿਆ ਲਕੋ ਕੇ ਸੀਹਰਾ,
ਫਿਰ ਵੀ ਇਹ ਮੇਰਾ ਸੱਚਾ ਸੌਦਾ ਕਬੂਲ ਕਰ।

## - 4 -

ਜੇ ਹੋ ਸਕੇ ਤਾਂ ਲੈ ਚਲ, ਲੈ ਚਲ ਵੇ ਮੇਰੇ ਹਾਣੀਆਂ।
ਕੁਝ ਆਰੀਆਂ ਕੁਹਾੜੇ, ਵੇਖਣ ਸੀ ਆਏ ਟਾਹ੍ਣੀਆਂ।

ਏਦਾਂ ਲਕੋ ਲੈ ਜਿੱਦਾਂ, ਪਾਣੀ ਲਕੋਏ ਪਾਣੀਆਂ।
ਮੈਂ ਨਾਲ਼ ਨਾਲ਼ ਹੋਵਾਂ, ਜਿੰਨੀਆਂ ਵੀ ਮੋੜਾਂ ਆਣੀਆਂ।

ਸਜਣਾਂ ਵੇ ਦੂਰ ਹੋ ਕੇ, ਏਨਾਂ ਵੀ ਕਹਿ ਨਾ ਹੋਣਾ,
ਤੂੰ ਹੋਰ ਸੇਜਾਂ ਮਾਣੀਆਂ, ਮੈਂ ਹੋਰ ਸੇਜਾਂ ਮਾਣੀਆਂ।

ਤੂੰ ਹੇਠਲੇ ਲੜ੍ਹਾਂ ਵਿਚ, ਲੜ ਤਾਂ ਲਕੋ ਲਿਆ ਉਹ,
ਆਪਾ ਲਕੋਣ ਲਈ ਦੱਸ, ਕਿੱਦਾਂ ਨੇ ਤਹਿਆਂ ਲਾਣੀਆਂ।

ਇਸ ਦੁੱਖ ਦਾ ਅਜ ਉਬਾਲ਼ਾ, ਆਉਣਾ ਸੀ ਆ ਗਿਆ ਹੈ,
ਦੋ ਚਾਰ ਗ਼ਜ਼ਲਾਂ ਲਿਖੀਆਂ, ਸੀਹਰੇ ਫਿਰ ਉਹ ਕਹਾਣੀਆਂ।

## ਰਾਜਿੰਦਰਜੀਤ

**- 1 -**

ਸਫ਼ਰ ਨੂੰ ਲਿਖਦਿਆਂ ਅੱਜ ਫੇਰ ਮਨ ਵਿਚ
ਉਹੀ ਅੱਖਰ ਭੁਲਾਵੇਂ ਆ ਰਹੇ ਨੇ।
ਜਿਨ੍ਹਾਂ ਰਾਹਾਂ ਨੂੰ ਗਾਹ ਚੁੱਕੇ ਸੀ ਪਹਿਲਾਂ
ਉਹੀ ਮੁੜ ਮੁੜ ਕੇ ਸਾਹਵੇਂ ਆ ਰਹੇ ਨੇ।

ਜਿਨ੍ਹਾਂ ਬੰਜਰ ਜ਼ਮੀਰਾਂ ਕੀਤੀਆਂ ਸਨ
ਉਹ ਸਾਰੇ ਮੁੜ ਰਹੇ ਹਰਿਆਵਲਾਂ ਨੂੰ,
ਜੋ ਬਾਰੂਦਾਂ 'ਚ ਖ਼ੁਦ ਨੂੰ ਸਾੜ ਬੈਠੇ
ਉਹ ਹੁਣ ਅੱਖਰਾਂ ਦੀ ਛਾਂਵੇਂ ਆ ਰਹੇ ਨੇ।

ਤੁਸਾਂ ਜੋ ਨ੍ਹੇਰ ਵਿਚ ਦੀਵੇ ਜਗਾਏ
ਉਨ੍ਹਾਂ ਇਸ 'ਤੇ ਵੀ ਸੌ ਇਤਰਾਜ਼ ਲਾਏ,
ਸਿਰਾਂ ਨੂੰ ਸਾਂਭ ਕੇ ਰਖਿਓ, ਅਦੀਬੋ
ਕਿਤੇ ਪੱਥਰ ਚਲਾਵੇਂ ਆ ਰਹੇ ਨੇ।

ਬੜਾ ਨਿੱਖਰ ਗਿਆ ਅਸਮਾਨ ਸਾਰਾ
ਰਵਾਇਤੀ ਹੈ ਸਫ਼ਰ ਦਾ ਇਹ ਨਜ਼ਾਰਾ,
ਕਤਾਰਾ ਬੰਨ੍ਹ, ਰੁੱਖ ਧੁੱਪੇ ਖੜ੍ਹੇ ਨੇ
ਮੁਸਾਫ਼ਰ ਛਾਵੇਂ-ਛਾਵੇਂ ਆ ਰਹੇ ਨੇ।

ਮੇਰਾ ਇਹ ਕਾਸ਼, ਸੁਪਨਾ ਸੱਚ ਹੋਵੇ
ਕਿ ਬੁਝ ਚੁੱਕੇ ਨੇ ਸਰਹੱਦਾਂ ਦੇ ਲਾਂਬੂ,
ਮਨਾਂ ਵਿੱਚ ਆਸ ਦੀ ਕਾਤਰ ਜਗੀ ਹੈ
ਸੁਨੇਹੇ ਵੀ ਸੁਖਾਵੇਂ ਆ ਰਹੇ ਨੇ।

ਤਿਹਾਏ ਅਹੁਲਦੇ ਜਿਉਂ ਪਾਣੀਆਂ ਨੂੰ
ਸਹਾਰਾ ਭਾਲਦੇ ਫਿਰਦੇ ਅਨਾਥੇ,
ਐ ਕਵਿਤਾ! ਖੋਲ੍ਹ ਦੇ ਦਰ ਆਪਣਾ ਤੂੰ
ਤੁਰੇ ਸ਼ਾਇਰ ਨਿਥਾਂਵੇ ਆ ਰਹੇ ਨੇ।

**– 2 –**

ਬਰਸੀਆਂ ਕਣੀਆਂ ਬਿਨਾ ਜਾਣੇ ਤੋਂ ਹੀ ਮੇਰੀ ਔਕਾਤ।
ਪੀਣ ਵੇਲੇ ਮੈਂ ਵੀ ਤਾਂ ਪੁੱਛਦਾ ਨਹੀਂ ਪਾਣੀ ਦੀ ਜ਼ਾਤ।

ਬੇਲਿਆਂ ਨੂੰ ਯਾਦ ਹਨ ਇੱਕ ਆਸ ਦੇ ਬਾਰਾਂ ਵਰ੍ਹੇ,
ਇੱਕ ਨਾ ਇੱਕ ਦਿਨ ਏਧਰੋਂ ਲੰਘੇਗੀ ਰਾਂਝੇ ਦੀ ਬਰਾਤ।

ਭਰ ਰਿਹੈ ਹੁਣ ਵੀ ਹੁੰਗਾਰੇ ਜਾਗਦਾ ਸਾਰਾ ਨਗਰ,
ਦੇਰ ਹੋਈ ਸੌਂ ਗਿਆ ਸੀ ਉਹ ਮੁਕੰਮਲ ਕਰਕੇ ਬਾਤ।

ਮੋੜ, ਰਸਤੇ, ਰੁੱਖ ਸਭ ਕੁਝ ਵਟ ਗਿਆ ਤਸਵੀਰ ਵਿੱਚ,
ਇੱਕ ਅਰਸੇ ਤੋਂ ਇਨ੍ਹਾਂ ’ਤੇ ਤੂੰ ਕਦੇ ਪਾਈ ਨਾ ਝਾਤ।

ਕੋਈ ਵੀ ਦਾਅਵਾ ਨਹੀਂ ਇਸ ਵਕਤ ਦੀ ਸ਼ਤਰੰਜ ’ਤੇ,
ਤੂੰ ਬਣਾਏ ਸਨ ਜੋ ਮੋਹਰੇ, ਦੇ ਗਏ ਤੈਨੂੰ ਹੀ ਮਾਤ।

## - 3 -

ਜਦੋਂ ਚਾਨਣ ਦੀ ਖਾਹਿਸ਼ ਮਨ ਦੀ ਇਸ ਮਮਟੀ 'ਤੇ ਆ ਬੈਠੇ।
ਤਾਂ ਮੁਮਕਿਨ ਹੈ ਕਿ ਸੂਰਜ ਹੀ ਮੇਰੀ ਖਿੜਕੀ 'ਤੇ ਆ ਬੈਠੇ।

ਹਵਾ ਨੂੰ ਹੀ ਨਹੀਂ, ਇਹ ਤਾਂ ਸ੍ਰਿਸ਼ਟੀ ਨੂੰ ਵੀ ਮਿਹਣਾ ਹੈ,
ਪਰਿੰਦਾ ਉੱਡਣਾ ਛੱਡ ਕੇ ਜਦੋਂ ਧਰਤੀ 'ਤੇ ਆ ਬੈਠੇ।

ਉਦੋਂ ਸਮਝੀਂ ਮੈਂ ਚੇਤੇ ਕਰ ਰਿਹਾਂ ਤੈਨੂੰ, ਜਦੋਂ ਕਿਧਰੇ,
ਕਿਸੇ ਬੱਦਲੀ ਦਾ ਪਰਛਾਵਾਂ ਤੇਰੀ ਚੁੰਨੀ 'ਤੇ ਆ ਬੈਠੇ।

ਉਮਰ ਭਰ ਤੁਰਦਿਆਂ ਹੋਇਆਂ ਕਦੇ ਐਸਾ ਵੀ ਹੋ ਸਕਦੈ,
ਕਿ ਮੰਜ਼ਿਲ ਖ਼ੁਦ ਤੁਹਾਥੋਂ ਸਾਹ ਕੁ ਦੀ ਦੂਰੀ 'ਤੇ ਆ ਬੈਠੇ।

ਖਿਲਾਰਾਂ ਚੋਗ ਮੈਂ ਹੱਥੀ ਜਦੋਂ ਸੁੱਚੀ ਮੁਹੱਬਤ ਦੀ,
ਮੇਰੇ ਵਿਹੰਦੇ ਸਗਲ ਅੰਬਰ ਮੇਰੀ ਛਤਰੀ 'ਤੇ ਆ ਬੈਠੇ।

ਉਦੋਂ ਆਸ਼ਿਕ ਦਾ ਮਰਨਾ ਹੋਰ ਵੀ ਤਕਲੀਫ਼-ਦੇਹ ਹੁੰਦੈ,
ਜਦੋਂ ਉੱਡਦੀ ਹੋਈ ਤਿਤਲੀ ਉਹਦੀ ਸੂਲੀ 'ਤੇ ਆ ਬੈਠੇ।

## - 4 -

ਮੈਂ ਅਭਿਲਾਸ਼ੀ ਸਾਂ ਵਗਦੇ ਪਾਣੀਆਂ ਦਾ
ਇਨ੍ਹਾਂ ’ਤੇ ਮਾਣ ਕਰਨਾ ਲਾਜ਼ਮੀ ਸੀ।
ਤੇਰੇ ਸਭ ਫੁੱਲ ਜੇਕਰ ਡੁੱਬ ਰਹੇ ਸਨ
ਮੇਰੇ ਪੱਥਰ ਦਾ ਤਰਨਾ ਲਾਜ਼ਮੀ ਸੀ।

ਜੋ ਸਾਨੂੰ ਦਰਦ ਸੀ ਵਿਰਸੇ ’ਚ ਮਿਲਿਆ
ਉਹਨੂੰ ਮੱਥੇ ਸਜਾਉਣਾ ਸੀ ਜ਼ਰੂਰੀ,
ਜੋ ਵਾਹੀਆਂ ਵਕਤ ਨੇ ਹਿੱਕ ’ਤੇ ਲਕੀਰਾਂ
ਉਨ੍ਹਾਂ ਵਿੱਚ ਰੰਗ ਭਰਨਾ ਲਾਜ਼ਮੀ ਸੀ।

ਘਟਾਵਾਂ ਬੋਚ ਲੈਂਦਾ ਤਾਂ ਕੀ ਕਰਦਾ
ਜੇ ਪਾਣੀ ਸਾਂਭ ਰੱਖਦਾ ਤਾਂ ਕੀ ਕਰਦਾ,
ਉਦੋਂ ਬਲਦਾ ਪਿਆ ਸੀ ਸ਼ਹਿਰ ਸਾਰਾ
ਤੇ ਮੇਰਾ ਸ਼ਾਂਤ ਵਰ੍ਹਨਾ ਲਾਜ਼ਮੀ ਸੀ।

ਮੇਰੀ ਮਿੱਟੀ ਨੇ ਮੇਰੀ ਨੀਂਹ ਨੂੰ ਹਾਲੇ
ਸੀ ਬੁੱਕਲ ਆਪਣੀ ਵਿਚ ਸਾਂਭ ਰੱਖਿਆ,
ਤੇ ਆਪਣੀ ਨਾ ਸਹੀ, ਇਸਦੀ ਹੀ ਖ਼ਾਤਰ
ਮੇਰਾ ਢਹਿ ਕੇ ਉੱਸਰਨਾ ਲਾਜ਼ਮੀ ਸੀ।

ਦਿਲੋਂ ਏਨਾ ਕੁ ਮੇਰਾ ਮੋਹ ਜਤਾ ਕੇ
ਮੇਰੇ ਰਾਹਾਂ ਤੋਂ ਸੁੱਕੇ ਫੁੱਲ ਹਟਾ ਕੇ,
ਤੁਸਾਂ ਜੋ ਤਾਜ਼ੀਆਂ ਸੂਲਾਂ ਵਿਛਾਈਆਂ
ਉਨ੍ਹਾਂ ’ਤੇ ਪੈਰ ਧਰਨਾ ਲਾਜ਼ਮੀ ਸੀ।

# ਅਜ਼ੀਮ ਸ਼ੇਖ਼ਰ

**- 1 -**

ਰਿਸ਼ਤਿਆਂ ਦੇ ਜ਼ਿਕਰ ਵਿੱਚੋਂ ਤਾਜ਼ਗੀ ਕਿੱਧਰ ਗਈ।
ਜ਼ਿੰਦਗੀ ’ਚੋਂ ਪਿੰਡ ਵਰਗੀ ਸਾਦਗੀ ਕਿੱਧਰ ਗਈ।

ਭੀੜ ਹੈ ਸੜਕਾਂ ’ਤੇ ਪਰ ਮਾਤਮ ਦਿਲਾਂ ਅੰਦਰ ਬੜਾ,
ਹਰ ਕੋਈ ਲੱਭਦਾ ਫਿਰੇ ਹੁਣ ਜ਼ਿੰਦਗੀ ਕਿੱਧਰ ਗਈ।

ਸਾਰਿਆਂ ਜ਼ਖ਼ਮਾਂ ਦੇ ਉੱਪਰ ਠੋਕਰਾਂ ਦੇ ਸੀ ਪਤੇ,
ਪਰ ਪਤਾ ਕਿਧਰੋਂ ਨਾਂ ਮਿਲਿਆ ਕਿ ਖੁਸ਼ੀ ਕਿੱਧਰ ਗਈ।

ਜ਼ਿੰਦਗੀ ਦਾ ਗੀਤ ਜਿਸ ਪਲ ਗਾਉਣ ਦੀ ਫ਼ੁਰਸਤ ਮਿਲੇ,
ਫੇਰ ਮੈਂ ਲੱਭਦਾ ਹਾਂ ਮੇਰੀ ਬਾਂਸੁਰੀ ਕਿੱਧਰ ਗਈ।

ਪਾਣੀ ’ਤੇ ਹਾਲੇ ਬਣਾਉਣੇ ਸੀ ਹਵਾ ਨੇ ਹਾਸ਼ੀਏ,
ਹਾਏ ! ਪਰ ਉਹ ਨੇੜਿਉਂ ਵਗਦੀ ਨਦੀ ਕਿੱਧਰ ਗਈ।

ਉਮਰ ਦੇ ਸਾਰੇ ਚੌਰਾਹੇ ਬਣ ਗਏ ਖੰਡਰ ‘ਅਜ਼ੀਮ’,
ਰਾਤ ਵੀ ਪੁੱਛਦੀ ਨਹੀਂ ਹੁਣ ਰੌਸ਼ਨੀ ਕਿੱਧਰ ਗਈ।

## – 2 –

ਸੁਰਾਂ ਜਿੰਨਾਂ ਦੀਆਂ ਕਰਕੇ ਸੀ ਵੱਸਣਾ ਸ਼ਹਿਰ ਖ਼ਾਬਾਂ ਦਾ।
ਬੜਾ ਹੀ ਦਰਦ ਦਿੰਦਾ ਹੈ ਜ਼ਿਕਰ ਉਹਨਾਂ ਰਬਾਬਾਂ ਦਾ।

ਦਫ਼ਨ ਇੱਕ ਵਿੱਚ ਹੈ ਮਿੱਟੀ ਤੇ ਇੱਕ ਵਿੱਚ ਖ਼ਾਬ ਮਿੱਟੀ ਦੇ,
ਤਦੇ ਰੁਤਬਾ ਉਚੇਰਾ ਹੈ ਇਹ ਕਬਰਾਂ ਤੇ ਕਿਤਾਬਾਂ ਦਾ।

ਜੁਦਾ ਹੋਵੇ ਤਾਂ ਇੰਜ ਤਰਸੀਂ ਕਿ ਸਭ ਕੁੱਝ ਯਾਦ ਰਹਿ ਜਾਵੇ,
ਤੇ ਰਿਸ਼ਤਾ ਵੀ ਰਹੇ ਬਣਿਆ ਹੈ ਜਿਉਂ ਦੋਹਾਂ ਪੰਜਾਬਾਂ ਦਾ।

ਉਦੋਂ ਹੱਥੋਂ ਸ਼ਿਕਾਰੀ ਦੇ ਨੇ ਡਿੱਗਦੇ ਪਿੰਜਰੇ ਦਿਸਣੇ,
ਜਦੋਂ ਵੀ ਸਾਹਮਣਾ ਹੋਇਆ ਕਿਤੇ ਜ਼ਖ਼ਮੀਂ ਉਕਾਬਾਂ ਦਾ।

ਨੇ ਜਿਸਦੇ ਕੱਪੜੇ ਮੈਲੇ ਤੇ ਜੰਮੀ ਧੂੜ ਵੀ ਉਸਦੇ,
ਹੈ ਪੈਰੀਂ ਡਿੱਗਣਾ ਸ਼ਮਲਾ ਕਦੇ ਵੇਹਲੜ ਨਵਾਬਾਂ ਦਾ।

ਮਿਟੇ ਨਾ ਪਿਆਸ ਵੀ ਇਸ ਤੋਂ ਨਾ ਲੋਕਾਂ ਦੀ ਨਾ ਖੇਤਾਂ ਦੀ,
ਰਿਹੈ ਬੱਸ ਖ਼ੂਨ ਹੀ ਧੋਂਦਾ ਏਹ ਪਾਣੀ ਪੰਜ-ਆਬਾਂ ਦਾ।

## - 3 -

ਕੋਈ ਮਨ ਦੇ ਬੰਦ ਬੂਹੇ
ਖੋਲ੍ਹ ਕੇ ਆਉਂਦਾ ਹੈ ਰੋਜ਼।
ਚੁੱਪ ਦੀ ਕੋਰੀ ਕਬਰ ਨੂੰ
ਆ ਕੇ ਰੁਸ਼ਨਾਉਂਦਾ ਹੈ ਰੋਜ਼।

ਵਾਅਦੇ ਕਰਕੇ ਪਰਤੀਆਂ ਨਾ
ਸੀ ਹਵਾਵਾਂ ਇਸ ਲਈ,
ਬਿਰਖ ਅਪਣੇ ਪੱਤਿਆਂ ’ਤੇ
ਨਾਮ ਲਿਖਵਾਉਂਦਾ ਹੈ ਰੋਜ਼।

ਚੁੱਪ ਹਾਂ ਜਾਂ ਲਿਖ ਰਿਹਾਂ ਕੁੱਝ
ਉਸਨੂੰ ਹੈ ਇਹ ਵੀ ਗਿਲਾ,
ਕਿ ਕਿਉਂ ਕੋਈ ਯਾਦ ਕਰਕੇ
ਉਸਨੂੰ ਤੜਪਾਉਂਦਾ ਹੈ ਰੋਜ਼।

ਪਾਰਦਰਸ਼ੀ ਹੋ ਗਈ ਹੈ
ਜ਼ਿੰਦਗੀ ਦੀ ਹਰ ਦੀਵਾਰ,
ਦਿਸੇ ਬੰਦਾ ਪਰ ਸੁਣੇ ਨਾ
ਗੀਤ ਜੋ ਗਾਉਂਦਾ ਹੈ ਰੋਜ਼।

ਮੈਂ ਕਿਹਾ ਮੇਰੇ ਖ਼ੁਦਾ
ਇੱਕ ਵਾਰ ਤਾਂ ਉਸਨੂੰ ਮਿਲਾ,
ਕਹਿਣ ਲੱਗਾ ਕੌਣ ਪਾਗ਼ਲ
ਏਦਾਂ ਮਿਲਵਾਉਂਦਾ ਹੈ ਰੋਜ਼।

ਹੁਣ ਪੁਲ਼ਾਂ ਬਿਨ ਮਾਣਦਾ
ਲਹਿਰਾਂ ਕਿਨਾਰੇ ’ਤੇ ‘ਅਜ਼ੀਮ’,
ਗ਼ੈਰਹਾਜ਼ਿਰ ਬੇੜੀਆਂ ਦੀ
ਹਾਜ਼ਰੀ ਲਾਉਂਦਾ ਹੈ ਰੋਜ਼।

## – 4 –

ਹੋਇਆ ਆਖ਼ਿਰ ਓਹੀ ਜਿਸਨੂੰ
ਮੈਂ ਮੁੱਦਤ ਤੋਂ ਟਾਲ਼ ਰਿਹਾ ਸਾਂ।
ਪਰਤੇ ਅਪਣੇ ਦਸਤਕ ਦੇ ਕੇ
ਜਦ ਮੈਂ ਖ਼ੁਦ ਨੂੰ ਭਾਲ ਰਿਹਾ ਸਾਂ।

ਤੁਰਨੋਂ ਪਹਿਲਾਂ ਹੀ ਸਭ ਰਸਤੇ ਸਾਗਰ ਵੱਲ ਨੂੰ
ਦੌੜ ਗਏ ਸਨ,
ਮਨ ਅੰਦਰ ਹੀ ਪੈਰਾਂ ਥੱਲੇ
ਮੈਂ ਹਾਲੇ ਅੱਗ ਬਾਲ਼ ਰਿਹਾ ਸਾਂ।

ਜੋ ਹੌਲ਼ਾ ਸੀ ਲਾਹ ਕੇ ਸੁੱਟਿਆ
ਰੱਖ ਲਈ ਰੇਤ ਨਿਤਾਰਨ ਲਈ,
ਜ਼ਿੰਦਗੀ ਦੇ ਦਰਪਣ ਦਾ ਪਾਣੀ
ਖਿਝ ਕੇ ਜਦੋਂ ਹੰਘਾਲ਼ ਰਿਹਾ ਸਾਂ।

ਬੀਤੇ ਪਲ ਦਾ ਹਰ ਹੌਂਕਾ ਹੀ
ਅਣਸੁਣਿਆ ਕਰ ਬੈਠਾ ਮੈਂ,
ਇੱਕ ਸਾਂਚੇ 'ਚੋਂ ਚੁੱਕ ਕੇ ਖ਼ੁਦ ਨੂੰ
ਜਦ ਦੂਜੇ ਵਿੱਚ ਢਾਲ਼ ਰਿਹਾ ਸਾਂ।

ਮੈਂ ਹਾਜ਼ਰ ਸਾਂ ਜ਼ਿੰਦਗੀ ਕੋਲ਼ੇ
ਫਿਰ ਵੀ ਸਭ ਕੁੱਝ ਲੱਗਿਆ ਜਿਓਂ
ਸਫ਼ਰ ਤਸੱਵਰ ਕਰਕੇ ਹੀ ਮੈਂ
ਅਪਣਾ ਆਪ ਉਧਾਲ਼ ਰਿਹਾ ਸਾਂ।

## ਜਰਮਨੀ

# ਤੁਫ਼ੈਲ ਖ਼ਲਿਸ਼

**- 1 -**

ਚੱਖਿਆ ਤੇ ਜ਼ਾਇਕਾ ਕੁਝ ਖੰਡ ਸੀ ਕੁਝ ਲੂਣ ਸੀ।
ਵੇਖਿਆ ਤੇ ਆਪਣਿਆਂ ਬੁੱਲ੍ਹਾਂ 'ਤੇ ਆਪਣਾ ਖ਼ੂਨ ਸੀ।

ਗਾ ਰਹੇ ਸਨ ਗੀਤ ਗੂੰਗੇ ਬੋਲ਼ਿਆਂ ਦੇ ਸਾਹਮਣੇ,
ਪਾਗਲਾਂ ਦੇ ਸ਼ਹਿਰ ਦਾ ਹਰ ਸ਼ਖ਼ਸ ਅਫਲਾਤੂਨ ਸੀ।

ਧਰਤ ਦੇ ਸਨ ਰੰਗ ਨੀਲੇ ਪਾਣੀਆਂ ਵਿੱਚ ਜ਼ਹਿਰ ਸੀ,
ਬੰਦਿਆਂ ਦੇ ਭੇਸ ਵਿੱਚ ਸੱਪਾਂ ਨੇ ਬਦਲੀ ਜੂਨ ਸੀ।

ਚਾਰੇ ਪਾਸੇ ਖਿੱਲਰਿਆ ਸੀ ਖ਼ੌਫ਼ ਆਪਣੀ *ਜ਼ਾਤ ਦਾ,
ਜ਼ਿੰਦਗੀ ਦੇ ਜੰਗਲਾਂ ਵਿੱਚ ਹਰ ਕੋਈ *ਮਜਨੂਨ ਸੀ।

ਇੱਕ ਡਰਾਉਣੀ 'ਵਾਜ਼ ਜੀਹਨੂੰ ਨਿੱਤ ਜ਼ਮਾਨਾ ਸਮਝਿਆ,
ਬੱਦਲਾਂ ਦਾ ਬਿਜਲੀਆਂ ਦੇ ਨਾਲ ਰਸਮੀ ਕੂਣ ਸੀ।

ਸੱਚ ਕਹਿਣਾ ਵੀ ਤੇ ਉੱਥੇ ਜੁਰਮ ਈ ਸੀ ਦੋਸਤੋ!
ਸ਼ਹਿਰ ਮੇਰਾ ਸੀ ਪਰ ਉੱਥੇ ਗ਼ੈਰ ਦਾ ਕਾਨੂੰਨ ਸੀ।

ਮੁੱਦਤਾਂ ਪਿੱਛੋਂ ਸੀ ਆਇਆ ਰੂਪ ਰੁੱਖਾਂ ਤੇ 'ਖ਼ਲਿਸ਼',
ਬਾਰਸ਼ਾਂ ਦੇ ਹੋਣ 'ਤੇ ਸਾਰੀ ਫ਼ਿਜ਼ਾ *ਮਮਨੂਨ ਸੀ।

*ਜ਼ਾਤ-ਆਪਾ, ਅਸਤਿਤਵ
*ਮਜਮੂਨ-ਦੀਵਾਨਾ, ਸੌਦਾਈ
*ਮਮਨੂਨ-ਸ਼ੁਕਰਗੁਜ਼ਾਰ

## - 2 -

ਇਹ ਦੌਰ ਬਦਲੇ ਇਹ ਤਖ਼ਤ ਬਦਲੇ ਇਹ ਤਾਜ ਬਦਲੇ।
ਕੋਈ ਤੇ ਆਵੇ ਜੋ ਇਹ ਹਨੇਰੇ ਦਾ ਰਾਜ ਬਦਲੇ।

ਸਾਨੂੰ ਆਉਂਦੇ ਤੇ ਜਾਂਦੇ ਮੌਸਮ ਵੀ *ਕਰਬ ਦਿੱਤੇ,
ਇਹ ਸੋਚੀਏ ਕਿੰਝ ਮੌਸਮਾਂ ਦਾ ਮਿਜ਼ਾਜ ਬਦਲੇ।

ਮਿਲੇਗੀ ਕਿੰਜ ਤੰਦਰੁਸਤੀ ਸਾਨੂੰ ਕੋਈ ਤੇ ਦੱਸੇ,
*ਤਬੀਬ ਬਦਲੇ ਨਾ ਪੀਰ ਬਦਲੇ ਇਲਾਜ ਬਦਲੇ।

ਜੇ ਵੇਲੇ ਹੱਥੋਂ ਇਹ ਹਰ ਗਏ ਨੇ ਤੇ ਫਿਰ ਕੀ ਹੋਇਆ,
ਇਹ ਲੋਕ ਦਿੰਦੇ ਨੇ ਖ਼ੂਨ ਆਪਣਾ *ਖ਼ਰਾਜ ਬਦਲੇ।

ਕਦੀਮ ਚਿਹਰੇ ਕਦੀਮ ਰੂਹਾਂ ਕਦੀਮ ਸੋਚਾਂ,
ਜਦੀਦ ਫ਼ਿਕਰੋਂ ਬਗ਼ੈਰ ਕਿਸਰਾਂ ਸਮਾਜ ਬਦਲੇ।

ਕੋਈ ਤਾਂ ਆਵੇ ਅਮੀਨ ਬਣ ਕੇ ਸਵੇਰਿਆਂ ਦਾ,
ਸ਼ਹੀਦ ਹੋਵੇ ਜੋ ਇਸ ਧਰਤੀ ਦਾ ਲਾਜ ਬਦਲੇ।

'ਖ਼ਾਲਿਸ਼' ਕੀ ਦੱਸਾਂ ਹਨੇਰ ਪਾਇਆ ਜ਼ਰੂਰਤਾਂ ਨੇ,
ਜ਼ਮੀਰ ਵਿਕਦੇ ਪਏ ਨੇ ਹੁਣ ਤੇ ਅਨਾਜ ਬਦਲੇ।

*ਕਰਬ-ਬੇਚੈਨੀ

*ਤਬੀਬ-ਵੈਦ

*ਖ਼ਰਾਜ-ਲਗਾਨ

*ਜਦੀਦ-ਆਧੁਨਿਕ

## - 3 -

ਬਦਲਦੇ ਲੱਗਦੇ ਨੇ ਹੁਣ ਦਸਤੂਰ ਤੇਰੇ ਸ਼ਹਿਰ ਦੇ।
ਹੋ ਗਏ ਨੇ ਲੋਕ ਕੁਝ ਮਜਬੂਰ ਤੇਰੇ ਸ਼ਹਿਰ ਦੇ।

ਬੇੜੀਆਂ ਨਈਂ ਇਹ ਕਿਨਾਰੇ ਵੀ ਗਵਾਹੀ ਦੇਣਗੇ,
ਰੋਂਦਿਆਂ ਲੰਘੇ ਨੇ ਕਿੰਨੇ ਪੂਰ ਤੇਰੇ ਸ਼ਹਿਰ ਦੇ।

ਖੁੱਲ੍ਹ ਨਾ ਜਾਏ ਸੋਚਣਾ ਖ਼ਾਲੀ ਮਕਾਨਾਂ ਦਾ ਭਰਮ,
ਟੁਰ ਗਏ ਨੇ ਲੋਕ ਕਿੰਨੇ ਦੂਰ ਤੇਰੇ ਸ਼ਹਿਰ ਦੇ।

ਅੰਦਰੋਂ ਤੇ ਹਰ ਕਿਸੇ ਨੂੰ ਨ੍ਹੇਰਿਆਂ ਨੇ ਖਾ ਲਿਆ,
ਹੋ ਗਏ ਬਾਹਰੋਂ ਸਵਾਏ ਨੂਰ ਤੇਰੇ ਸ਼ਹਿਰ ਦੇ।

ਦਰਦ ਦੀ ਸ਼ਿੱਦਤ ਦੇ ਨਾਲ ਵਸਨੀਕ ਵੀ ਕੁਰਲਾਣਗੇ,
ਟੀਸ ਮਾਰਨਗੇ ਜਦੋਂ ਨਾਸੂਰ ਤੇਰੇ ਸ਼ਹਿਰ ਦੇ।

ਸੱਚ ਦਾ ਕਲਮਾ 'ਖ਼ਲਿਸ਼' ਅੱਜ ਵੀ ਕਿਸੇ ਨਈਂ ਆਖਿਆ,
ਡਰ ਗਏ ਨੇ ਦਾਰ ਤੋਂ ਮਨਸੂਰ ਤੇਰੇ ਸ਼ਹਿਰ ਦੇ।

# ਯੂ.ਐਸ.ਏ.

## ਸੁਰਜੀਤ ਸਖੀ

### - 1 -

ਹਸਰਤ ਹੈ ਘਟਾ ਬਣਕੇ, ਧਰਤੀ ਦਾ ਬਦਨ ਧੋਆਂ।
ਸੂਰਜ ਦੀ ਤਰ੍ਹਾਂ ਡੁੱਬ ਕੇ, ਮੈਂ ਫ਼ਿਰ ਤੋਂ ਉਦੈ ਹੋਆਂ।

ਕੁਕਨੂਸ ਨਹੀਂ ਹਾਂ ਮੈਂ, ਹੁਣ ਰਾਖ 'ਚੋਂ ਕਿੰਜ ਉਪਜਾਂ?
ਫ਼ਿਰ ਜਿਸਮ ਘੜਾਂ ਅਪਣਾ, ਇਸ ਖ਼ਾਕ ਨੂੰ ਫ਼ਿਰ ਗੋਆਂ।

ਆਕਾਸ਼ ਤੋਂ ਧਰਤੀ ਤਕ, ਚੇਤਨ ਤੋਂ ਅਚੇਤਨ ਤਕ,
ਇਕ ਨੂਰ ਦੀਆਂ ਬੰਦਾ, ਲੈਂਦਾ ਫ਼ਿਰੇ ਕਨਸੋਆਂ।

ਖਿੜ ਪੈਣਗੇ ਰੁੱਤਾਂ ਵਿੱਚ, ਹਰ ਹਾਲ 'ਚ ਮਹਿਕਣਗੇ,
ਮਿੱਟੀ 'ਚ ਲੁਕੇ ਬੈਠੇ, ਇਹ ਰੰਗ ਇਹ ਖ਼ੁਸ਼ਬੋਆਂ।

ਚੰਨ ਵੀ ਹੈ, ਸਿਤਾਰੇ ਵੀ, ਦੀਵਾ ਵੀ ਤੇ ਜੁਗਨੂੰ ਵੀ,
ਪਰ, ਸ਼ਾਮ ਵੀ ਡੂੰਘੀ ਹੈ, ਮੱਧਮ ਨੇ ਬਹੁਤ ਲੋਆਂ।

– 2 –

ਖ਼ੁਸ਼ੀਆਂ ਨਹੀਂ ਤੇ ਨਾ ਸਹੀ, ਹਉਕਾ ਤਾਂ ਭਰ ਸਕਾਂ।
ਐਨਾ ਕੁ ਹਕ਼ ਤਾਂ ਦੇਹ, ਤਿਰੇ ਪਹਿਲੂ 'ਚ ਮਰ ਸਕਾਂ।

ਡੂੰਘੇ ਬਹੁਤ ਖ਼ਿਆਲ, ਬੜੇ ਪੇਤਲੇ ਨੇ ਲਫ਼ਜ਼,
ਕੋਸ਼ਿਸ਼ ਕਰਾਂਗੀ ਆਪ, ਗ਼ਜ਼ਲ ਵਿਚ ਉਤਰ ਸਕਾਂ।

ਢਾਉਣਾ ਤੁਹਾਡਾ ਸ਼ੌਕ, ਮੇਰਾ ਸ਼ੌਕ ਉਸਾਰਨਾ
ਮੋਹਲਤ ਦਿਉ, ਜ਼ਰਾ ਕੁ ਮੈਂ, ਫਿਰ ਸਜ ਸੰਵਰ ਸਕਾਂ।

ਸਾਗਰ ਤੋਂ ਕਿਸ ਤਰ੍ਹਾਂ ਬਣਾਂ ਮੈਂ ਘਟ ਜਾਂ ਫਿਰ ਨਦੀ,
ਵੀਰਾਨ ਰਸਤਿਆਂ ਤੋਂ, ਦੁਬਾਰਾ ਗੁਜ਼ਰ ਸਕਾਂ।

ਸੰਜਮ ਦੇ ਨਾਲ਼ ਵਰ੍ਹ ਤੂੰ, ਮੇਰੀ ਪਿਆਸ ਤੇ ਨਾ ਜਾ,
ਐਨੀ ਨਮੀ ਨਾ ਦੇ ਕਿ ਮੈਂ, ਔੜਾਂ ਨਾ ਜਰ ਸਕਾਂ।

## – 3 –

ਨਾ ਹੈ ਗੋਰਿਆਂ ਦੀ ਧਰਤੀ, ਨਾ ਜ਼ਮੀਂ ਹੈ ਕਾਲਿਆਂ ਦੀ।
ਇਹ ਜ਼ਮੀਨ ਤਾਂ ਅਮਾਨਤ, ਹੈ ਜ਼ਮੀਰ ਵਾਲਿਆਂ ਦੀ।

ਨਾ ਗਵਾ ਈਮਾਨ ਅਪਣਾ, ਕੀ ਪਤਾ ਕਦੋਂ ਇਹ ਬਦਲੇ,
ਕਿ ਨਜ਼ਰ ਵੀ ਹੈ ਵਿਕਾਊ, ਇਨ੍ਹਾਂ ਸ਼ਹਿਰ ਵਾਲਿਆਂ ਦੀ।

ਤਿਰੇ ਪੈਰ ਤਕ ਕੇ ਜ਼ਖ਼ਮੀ, ਮੈਂ ਤਾਂ ਲਾ ਰਹੀ ਸਾਂ ਮਰਹਮ,
ਕਿ ਖ਼ਬਰ ਨਹੀਂ ਸੀ ਮੈਨੂੰ, ਤਿਰੇ ਦਿਲ ਦੇ ਛਾਲਿਆਂ ਦੀ।

ਕਈ ਰੰਗ ਰੇਸ਼ਮੀ ਨੇ, ਪੁਛਦਾ ਨਹੀਂ ਹੈ ਕੋਈ,
ਕਰੇ ਸ਼ਬਦ ਨਾਲ਼ ਪੂਜਾ, ਦੁਨੀਆਂ ਰੁਮਾਲਿਆਂ ਦੀ।

ਇਹ ਘਟਾ, ਇਹ ਸੁਰਖ਼ ਮੌਸਮ, ਹੈ ਹਵਾਂ ਦੀ ਜਾਲਸ਼ਾਜ਼ੀ,
ਨਾ ਖ਼ਤਾ ਹਨੇਰਿਆਂ ਦੀ, ਨਾ ਖ਼ਤਾ ਉਜਾਲਿਆਂ ਦੀ।

## - 4 -

ਕਿਹੀ ਜ਼ਰਦ ਪੱਤਿਆਂ ਦੀ ਦਾਸਤਾਂ, ਕੋਈ ਲਿਖ ਗਿਆ ਹੈ ਚਿਨਾਰ ’ਤੇ।
ਨਾ ਹੀ ਗੁਨਗੁਨਾਈ ਹੈ ਪੌਣ ਫ਼ਿਰ, ਨਾ ਉਹ ਰੰਗ ਆਇਆ ਬਹਾਰ ’ਤੇ।

ਉਹਦੀ ਕਲ਼ਮ ਆਪ ਖ਼ਰੀਦ ਕੇ, ਤੇ ਬਿਠਾ ਕੇ ਕੋਲ ਸਲੀਬ ਦੇ,
ਉਹਨੂੰ ਕਹਿ ਰਹੇ ਨੇ ਕਿਤਾਬ ਲਿਖ, ਤੂੰ ਸਮੇਂ ਦੇ ਗ਼ਰਦੋ ਗ਼ੁਬਾਰ ’ਤੇ।

ਕਦੀ ਪਿਆਲੇ ਵਿਸ਼ ਦੇ ਭਰੀ ਗਏ, ਕਦੀ ਸੰਗਸਾਰ ਕਰੀ ਗਏ,
ਪਏ ਰਹਿਮਤਾਂ ਦੀ ਦੁਆ ਕਰਨ, ਉਹੀ ਲੋਕ ਉਸਦੇ ਮਜ਼ਾਰ ’ਤੇ।

ਨਾ ਹੀ ਖ਼ੌਫ਼ ਹੈ, ਨਾ ਹੀ ਰੋਕ ਹੈ, ਇਹ ਤਾਂ ਹੁਕਮਰਾਨਾਂ ਦਾ ਸ਼ੌਕ ਹੈ,
ਇਨ੍ਹਾਂ ਆਪ ਲੁਟਣੀਆਂ ਡੋਲੀਆਂ, ਤੇ ਹੈ ਦੋਸ਼ ਲਾਉਣਾ ਕਹਾਰ ’ਤੇ।

ਇਹ ਗੁਜ਼ਰ ਰਿਹਾ ਹੈ ਜੋ ਕਾਫ਼ਿਲਾ, ਕਿਸੇ ਧਰਮ ਦਾ, ਕਿਵੇਂ ਮੰਨ ਲਵਾਂ,
ਇਹ ਤਾਂ ਜਾਪਦੈ, ਜਿਵੇਂ ਬਾਦਸ਼ਾਹ, ਕੋਈ ਜਾ ਰਿਹਾ ਹੈ ਸ਼ਿਕਾਰ ’ਤੇ।

# ਹਰਜਿੰਦਰ ਕੰਗ

**- 1 -**

ਸੁਪਨੇ ਸੂਲੀ ਚੜ੍ਹ ਜਾਂਦੇ ਤਾਂ ਚੰਗਾ ਸੀ।
ਜਾਂ ਹੰਝੂਆਂ ਵਿੱਚ ਹੜ੍ਹ ਜਾਂਦੇ ਤਾਂ ਚੰਗਾ ਸੀ।

ਇਸ਼ਕ ਸਬਕ ਜੇ ਪੜ੍ਹ ਜਾਂਦੇ ਤਾਂ ਚੰਗਾ ਸੀ,
ਹੱਸ ਕੇ ਸੂਲੀ ਚੜ੍ਹ ਜਾਂਦੇ ਤਾਂ ਚੰਗਾ ਸੀ।

ਉਸਨੂੰ ਦਰ ਦਰ ਲਭਦੇ ਲਭਦੇ ਭਟਕੇ ਹਾਂ,
ਇਕ ਦਰ ਉੱਤੇ ਖੜ੍ਹ ਜਾਂਦੇ ਤਾਂ ਚੰਗਾ ਸੀ।

ਝੱਖੜ ਮੂਹਰੇ ਭੱਜ ਭੱਜ ਕੇ ਮਰ ਚੱਲੇ ਹਾਂ,
ਝੱਖੜ ਮੂਹਰੇ ਅੜ ਜਾਂਦੇ ਤਾਂ ਚੰਗਾ ਸੀ।

ਭੀੜ ਖੜ੍ਹੀ ਨਾ ਨਾਲ ਇਕੱਲੇ ਰਹਿ ਗਏ ਹਾਂ,
ਇਕ ਦੇ ਨਾਲ ਜੇ ਖੜ੍ਹ ਜਾਂਦੇ ਤਾਂ ਚੰਗਾ ਸੀ।

ਸ਼ਾਇਦ ਮੁੜ ਕੁਕਨੂਸ ਵਾਂਗ ਫਿਰ ਜੀ ਪੈਂਦੇ,
ਅਪਣੀ ਅੱਗ ਵਿਚ ਸੜ ਜਾਂਦੇ ਤਾਂ ਚੰਗਾ ਸੀ।

## – 2 –

ਦੁੱਧ ਘਰਾਂ ਵਿਚ ਕੜ੍ਹਨੋ ਹਟ ਗਏ।
ਮਾਂ ਦੇ ਫੁਲਕੇ ਰੜ੍ਹਨੋ ਹਟ ਗਏ।

ਕੱਲ੍ਹ ਪੁੱਛਦਾ ਸੀ ਪੁੰਨਿਆ ਦਾ ਚੰਨ,
ਚੰਨ ਕਿਉਂ ਕੋਠੇ ਚੜ੍ਹਨੋ ਹਟ ਗਏ।

ਚੀਜ਼ਾਂ ਵਿੱਚ ਗੁਆਚੇ ਲੋਕੀਂ,
ਚੀਜ ਵਹੁਟੀਆਂ ਫੜਨੋ ਹਟ ਗਏ।

ਤਕੜੇ ਨਿਕਲੇ ਕਿੰਨੇ ਮਾੜੇ,
ਮਾੜੇ ਦੇ ਨਾਲ ਖੜ੍ਹਨੋ ਹਟ ਗਏ।

ਆਪਸ ਦੇ ਵਿਚ ਲੜ ਪਏ ਲੋਕੀਂ,
ਮੁਸ਼ਕਿਲ ਦੇ ਨਾਲ ਲੜਨੋ ਹਟ ਗਏ।

ਗੁਟਖ਼ਾ ਖਾ ਕੇ ਥੁੱਕਣ ਥਾਂ ਥਾਂ,
ਲੋਕੀਂ ਗੁਟਕਾ ਪੜ੍ਹਨੋ ਹਟ ਗਏ।

ਜਦ ਦੇਖੇ ਜੰਗਲ ਵਿਚ ਬੰਦੇ,
ਜੁਗਨੂੰ ਜੰਗਲੀਂ ਵੜਨੋ ਹਟ ਗਏ।

## - 3 -

ਸ਼ਬਦ ਹਲਕੇ ਨੇ ਕਿਤਾਬਾਂ ਭਾਰੀਆਂ।
ਸੀ ਸ਼ਿਕਾਇਤਾਂ ਕਰਦੀਆਂ ਅਲਮਾਰੀਆਂ।

ਮੌਸਮਾਂ ਦੇ ਨਾਲ ਅਣਬਣ ਹੋ ਗਈ,
ਖੁੱਲਦੀਆਂ ਘਟ ਵਧ ਹੀ ਅੱਜ ਕੱਲ੍ਹ ਬਾਰੀਆਂ।

ਧੀ ਨਹੀਂ ਮਹਿਫ਼ੂਜ਼ ਘਰ ਨਾ ਬਾਹਰ ਹੁਣ,
ਲਗਦੀਆਂ ਬਾਬਲ ਨੂੰ ਪੱਗਾਂ ਭਾਰੀਆਂ।

ਉਹ ਤਾਂ ਲੱਖਾਂ ਸੀਨਿਆਂ ਵਿਚ ਵਸ ਗਿਆ,
ਗੋਲੀਆਂ ਜਿਸ ਦੇ ਤੂੰ ਸੀਨੇ ਮਾਰੀਆਂ।

ਵੱਡੀਆਂ ਸੜਕਾਂ ਨਹੀਂ ਘਰ ਜਾਂਦੀਆਂ,
ਡੰਡੀਆਂ ਘਰ ਜਾਂਦੀਆਂ ਨੇ ਸਾਰੀਆਂ।

ਦੌਲਤਾਂ ਦੀ ਦੌੜ ਵਿਚ ਸਭ ਦਰ ਬ ਦਰ,
ਖਿਲਰੀਆਂ ਪਈਆਂ ਨੇ ਰਿਸ਼ਤੇਦਾਰੀਆਂ।

## - 4 -

ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ।
ਅਪਣੇ ਹੀ ਗਲ ਲਗ ਲਗ ਰੋ ਕੇ ਆਇਆ ਹਾਂ।

ਪੈੜ ਨਹੀਂ ਸੀ ਮੇਰੀ ਹੁਣ ਪਗਡੰਡੀਆਂ ਤੇ,
ਪਗਡੰਡੀਆਂ ਦੇ ਕੋਲ ਖਲੋ ਕੇ ਆਇਆ ਹਾਂ।

ਬੰਦ ਪਏ ਸੀ ਬੂਹੇ ਜੋ ਮੈਂ ਖੋਲੇ ਨਾ,
ਰਹਿ ਗਏ ਸੀ ਜੋ ਖੁੱਲੇ ਢੋ ਕੇ ਆਇਆ ਹਾਂ।

ਜਿਸ ਥਾਂ ਤੋਂ ਖ਼ਤ ਉਸਦੇ ਕੱਢੇ ਪਾੜਨ ਲਈ,
ਉਸ ਹੀ ਥਾਂ ਤੇ ਫੇਰ ਲਕੋ ਕੇ ਆਇਆ ਹਾਂ।

ਮੋਈ ਮਾਂ ਦੇ ਮੈਲੇ ਜਿਹੇ ਦੁਪੱਟੇ ਨੂੰ,
ਸੀਨੇ ਲਾ ਲਾ ਰੋ ਰੋ ਧੋ ਕੇ ਆਇਆ ਹਾਂ।

ਆ ਕੇ ਸਭਨਾਂ ਨੂੰ ਮਿਲਿਆ ਹਾਂ ਹਸ ਹਸ ਕੇ,
ਦੱਸਿਆ ਨਹੀਂ ਮੈਂ ਕਿੰਨਾ ਰੋ ਕੇ ਆਇਆ ਹਾਂ।

# ਕੁਲਵਿੰਦਰ

**- 1 -**

ਰਾਤ ਭਰ ਅੰਬਰ ’ਚ ਜੋ ਚਮਕਣ ਸਿਤਾਰੇ, ਸੋਚਦਾ ਹਾਂ।
ਅੰਤ ਨੂੰ ਇਹ ਰੇਤ ਹੋ ਜਾਣੇ ਨੇ ਸਾਰੇ, ਸੋਚਦਾ ਹਾਂ।

ਕੌਣ ਹੈ ਇਹ ਜੋ ਕਰਾਉਂਦਾ ਹੈ ਜੁਦਾ ਧੜ ਸੀਸ ਨਾਲੋਂ,
ਚੀਰਦੇ ਨੇ ਕਿਸ ਲਈ ਜਿਸਮਾਂ ਨੂੰ ਆਰੇ, ਸੋਚਦਾ ਹਾਂ।

ਮੀਂਹ ਤਾਂ ਮੋਹਲੇਧਾਰ ਵਰਿਆ, ਆਬ ਪਰ ਕਿੱਧਰ ਗਿਆ ਹੈ,
ਬੈਠ ਕੇ ਮੈਂ ਰੇਤ ਦੇ ਸਰਵਰ ਕਿਨਾਰੇ, ਸੋਚਦਾ ਹਾਂ।

ਉਹ ਹਮੇਸ਼ਾਂ ਖੌਲਦਾ ਰਹਿੰਦੈ ਸਮੁੰਦਰ ਦੀ ਤਰ੍ਹਾਂ ਹੀ,
ਸਾਂਭਦੇ ਨੇ ਕਿਸ ਤਰ੍ਹਾਂ ਉਸਨੂੰ ਕਿਨਾਰੇ, ਸੋਚਦਾ ਹਾਂ।

ਅੰਤ ਨੂੰ ਤਾਂ ਆਪਣੇ ਖੰਭਾਂ ਦੀ ਪੈਣੀ ਹੈ ਜ਼ਰੂਰਤ,
ਕਦ ਕੁ ਤਕ ਉੜਨਾ ਹੈ ਤੂੰ ਪੌਣਾ ਸਹਾਰੇ, ਸੋਚਦਾ ਹਾਂ।

ਦਿਨ ਸਮੇਂ ਜੋ ਦਰਦ ਦੇ ਸਾਗਰ ’ਚ ਡੂੰਘੇ ਲੱਥ ਜਾਵਣ,
ਰਾਤ ਭਰ ਉਹ ਕਿਸ ਲਈ ਗਿਣਦੇ ਨੇ ਤਾਰੇ, ਸੋਚਦਾ ਹਾਂ।

ਧੁਖ਼ ਰਹੀ ਹੈ ਜੋ ਮੇਰੇ ਸੀਨੇ ਦੇ ਅੰਦਰ ਵੀ ਨਿਰੰਤਰ
ਸ਼ੁਕਰੀਆ ਕਿਸ ਦਾ ਕਰਾਂ ਇਸ ਚਿਣਗ ਬਾਰੇ, ਸੋਚਦਾ ਹਾਂ।

## – 2 –

ਹਰ ਤਰਫ਼ ਗੂੰਜਦੀ ਹੈ ਜੋ ਮਾਤਮ ਦੀ ਧੁਨ
ਪੰਛੀਆਂ ਨੇ ਵੀ ਏਦਾਂ ਰੁਵਾਇਆ ਨਾ ਸੀ।
ਹੁਣ ਇਹ ਤੈਨੂੰ ਪਤਾ, ਹੁਣ ਇਹ ਸਭ ਨੂੰ ਪਤਾ
ਸਾਹ ਅਸਾਂ ਨੂੰ ਤਾਂ ਸਦੀਆਂ ਤੋਂ ਆਇਆ ਨਾ ਸੀ।

ਸ਼ਾਮ ਦੀ ਸ਼ਾਖ਼ ’ਤੇ ਬੈਠਾ ਪੰਛੀ ਕਹੇ
ਬਲਦੇ ਬਿਰਖ਼ਾਂ ’ਤੇ ਹੀ ਰਾਤ–ਦਿਨ ਨੇ ਸਹੇ
ਉਮਰ ਭਰ ਰੁਮਕਦੀ ਪੌਣ ਦਾ ਤਾਜ਼ਾਪਣ
ਤਪ ਰਹੇ ਹਉਕਿਆਂ ਤੀਕ ਆਇਆ ਨਾ ਸੀ।

ਜ਼ਿੰਦਗੀ ਟੁਕੜਿਆਂ ਵਿਚ ਗੁਜ਼ਰਦੀ ਰਹੀ
ਖੰਡਰਾਂ ਦੇ ਖ਼ਲਾਵਾਂ ਨੂੰ ਭਰਦੀ ਰਹੀ
ਮੇਰੇ ਪਿੱਛੋਂ ਵੀ ਜੇ ਖ਼ਾਲੀਪਨ ਹੈ ਅਜੇ
ਗੀਤ ਦੱਖ ਦਾ ਮੈਂ ਚਿੰਤਨ ’ਚ ਗਾਇਆ ਨਾ ਸੀ।

ਤਪਦੇ ਸਹਿਰਾ ’ਚ ਰੇਤਾ ਹੀ ਪੀਂਦੇ ਰਹੇ
ਪੀਕੇ ਰੇਤਾ ਅਸੀਂ ਫਿਰ ਵੀ ਜੀਦੇ ਰਹੇ
ਜਨਮਾ ਜਨਮਾ ਤੋਂ ਇਸ ਅੰਤ ਦੀ ਪਿਆਸ ਨੂੰ
ਵਕਤ ਦੀ ਜ਼ਹਿਰ ਨੇ ਵੀ ਮਿਟਾਇਆ ਨਾ ਸੀ।

ਮੇਰੇ ਅੰਦਰ ਸੀ ਜੋ ਰੋਜ਼ ਮਚਦਾ ਰਿਹਾ
ਖਬਰੇ ਓਹੀ ਨਵੇਂ ਗੀਤ ਰਚਦਾ ਰਿਹਾ
ਉਸ ਜਲਨ ਤੋਂ ਬਿਨਾ, ਉਸ ਤਪਸ਼ ਤੋਂ ਬਿਨਾ
ਹੋਂਦ ਮੇਰੀ ਦਾ ਕੋਈ ਵੀ ਸਾਇਆ ਨਾ ਸੀ।

## – 3 –

ਨਦੀ, ਝੀਲ, ਚਛਮਾ ਨਾ ਦਰਿਆ ਕਿਤੇ ਵੀ
ਨਾ ਮੌਸਮ ਹੀ ਦਿਸਦਾ ਕਿਤੇ ਕਿਣਮਿਣੀ ਦਾ।
ਚੁਫੇਰੇ ਸੁਲਘਦਾ ਹੈ ਰੇਤਾ ਹੀ ਰੇਤਾ
ਬੜਾ ਖ਼ੁਸ਼ਕ ਹੈ ਇਹ ਸਫ਼ਰ ਜ਼ਿੰਦਗ਼ੀ ਦਾ।

ਜੋ ਪਾਣੀ ਲਈ ਕੀਤੇ ਵਿਰਲਾਪ ਸਾਰੇ
ਨਦੀ ਨੂੰ ਹੀ ਸੁਣਨੇ ਪਏ ਆਪ ਸਾਰੇ,
ਸਮੁੰਦਰ ਤਾਂ ਆਪਣੇ ਹੀ ਰੌਲੇ ਦੇ ਕਾਰਨ
ਰੁਦਨ ਸੁਣ ਨਾ ਸਕਿਆ ਉਹ ਸੁੱਕੀ ਨਦੀ ਦਾ।

ਇਹ ਬਿਰਹਾ ਦੀ ਕੈਸੀ ਤੜਪ ਹੈ ਸੁਰਾਂ ਵਿਚ
ਜਿਵੇਂ ਹੂਕਦਾ ਹੈ ਕੋਈ ਖੰਡਰਾਂ ਵਿਚ,
ਜਿਵੇਂ ਚੀਕਦੇ ਨੇ ਹਜ਼ਾਰਾਂ ਹੀ ਜੰਗਲ
ਸੁਣੇ ਰਾਤ ਭਰ ਦਰਦ ਇਉਂ ਬੰਸਰੀ ਦਾ।

ਜਦੋਂ ਪੀੜ ਦਾ ਕੋਈ ਚਾਰਾ ਨਾ ਦਿਸਿਆ
ਕਿਤੇ ਚੰਦ ਜੁਗਨੂੰ ਸਿਤਾਰਾ ਨਾ ਦਿਸਿਆ,
ਘਣੀ ਰਾਤ ਵਿਚ ਫਿਰ ਮੈਂ ਸ਼ਬਦਾਂ ਦੀ ਲੋਏ
ਲਹੂ ਨਾਲ ਲਿਖਿਆ ਸਫ਼ਾ ਡਾਇਰੀ ਦਾ।

ਤੂੰ ਪੁਰਸੋਜ਼ ਸ਼ਬਦਾਂ ਨੂੰ ਪਰਵਾਜ਼ ਦੇ ਦੇ
ਮੇਰੇ ਸਿਸਕਦੇ ਗੀਤ ਨੂੰ ਸਾਜ਼ ਦੇ ਦੇ,
ਤੂੰ ਜਿਸ ਹਾਲ ਵਿਚ ਵੀ ਏ ਆਵਾਜ਼ ਦੇ ਦੇ
ਕਿਤੇ ਟੁੱਟ ਜਾਵੇ ਨਾ ਪੁਲ ਦੋਸਤੀ ਦਾ।

ਸਿਆਹ ਵਣ ਜਾਂ 'ਨੇਰੀ ਗੁਫ਼ਾ ਹੈ ਜਾਂ ਖੰਡਰ
ਅਜੇ ਹਰ ਦਿਸ਼ਾ ਵਿਚ ਉਦਾਸੀ ਦਾ ਮੰਜ਼ਰ,
ਇਸੇ ਆਸ 'ਤੇ ਹੀ ਅਸੀਂ ਤੁਰ ਰਹੇ ਹਾਂ
ਕਿਤੇ ਤਾਂ ਮਿਲੇਗਾ ਨਗਰ ਰੌਸ਼ਨੀ ਦਾ।

## – 4 –

ਮੈਂ ਤਾਂ ਉਸਨੂੰ ਰੋਕ ਰਿਹਾ ਸੀ ਕਰਕੇ ਯਤਨ ਹਜ਼ਾਰ।
ਫਿਰ ਵੀ ਨੀਲੀ ਝੀਲ ’ਚ ਡਿਗਿਆ ਸੂਰਜ ਪਰਲੇ ਪਾਰ।

ਏਥੇ ਅੰਬਰ, ਖ਼ਾਕ ਜਾਂ ਅਗਨੀ ਜਾਂ ਪਾਣੀ ਜਾਂ ਪੌਣ,
ਮੈਂ ਸੋਚਾਂ ਕੀ ਕੀ ਹੋਵੇਗਾ ਦਿਸਹੱਦੇ ਤੋਂ ਪਾਰ।

ਮੈਂ ਹੀ ਉਸ ਤਸਵੀਰ ’ਚ ਭਰ ਨਾ ਸਕਿਆ ਸੂਹੇ ਰੰਗ,
ਮੇਰੇ ਘਰ ਦਾ ਉਸਨੇ ਬਣ ਤਾਂ ਜਾਣਾ ਸੀ ਸ਼ਿੰਗਾਰ।

ਪਲ ਦੋ ਪਲ ਪਹਿਲਾਂ ਤਾਂ ਰੇਤਾ ਹੀ ਰੇਤਾ ਸੀ ਉੜਦਾ,
ਪਰ ਹੁਣ ਉਸ ਦੇ ਨੈਣਾਂ ਵਿਚੋਂ ਝਰਨੇ ਵਗਣ ਹਜ਼ਾਰ।

ਸ਼ਹਿਰ ਦਾ ਬੁੱਧੀਜੀਵੀ ਕਿੰਨੀ ਗੂੜ ਸਿਆਣਪ ਨਾਲ
ਪੱਥਰਾਂ ਸਾਹਵੇਂ ਰੱਖ ਰਿਹਾ ਸੀ ਆਪਣੇ ਚੁਸਤ ਵਿਚਾਰ।

ਹੋ ਸਕਦਾ ਹੈ ਸ਼ਾਇਦ ਇਹ ਹੀ ਕੱਲ੍ਹ ਦਾ ਸੂਰਜ ਹੋਵੇ,
ਰਾਤ ਦੀ ਗਹਿਰੀ ਧੁੰਦ ’ਚ ਨਜ਼ਰੀਂ ਆਵੇ ਜੋ ਅੰਗਿਆਰ।

## ਸੁਰਿੰਦਰ ਸੋਹਲ

**- 1 -**

ਨਦੀ, ਅਕਾਸ਼, ਸਿਤਾਰੇ, ਗ਼ੁਲਾਬ ਮੰਗਦਾ ਹੈ।
ਖਿਡੌਣਿਆਂ ਦੀ ਥਾਂ ਬੱਚਾ ਕਿਤਾਬ ਮੰਗਦਾ ਹੈ।

ਤੁਹਾਡੇ ਤਾਜ ਦੇ ਹੀਰੇ, ਮੇਰੇ ਹੀ ਫਟ ਤਾਂ ਨਹੀਂ?
ਲਹੂ-ਲੁਹਾਣ ਸਿਪਾਹੀ ਜਵਾਬ ਮੰਗਦਾ ਹੈ।

ਇਦ੍ਹੇ ਸਕੂਨ, ਸੁਰਾਂ, ਸਾਜ਼ ਗੁੰਮ ਗਏ ਸ਼ਾਇਦ,
ਜੋ ਰੋਜ਼ ਆਣ ਕੇ ਰੁੱਖ ਤੋਂ ਰਬਾਬ ਮੰਗਦਾ ਹੈ।

ਮਿਲੇ ਸਲੇਟ ਨਾ ਐਸੀ ਕਿ ਜਿਸ ’ਤੇ ਜੋੜ ਕਰਾਂ,
ਮੇਰਾ ਲਹੂ ਹੀ ਮੇਰੇ ਤੋਂ ਹਿਸਾਬ ਮੰਗਦਾ ਹੈ।

ਨਦੀ ਨੂੰ ਪੂਰ ਕੇ ਲਭਦਾ ਹੈ ਅਕਸ ਪਾਣੀ ਦਾ,
ਬਹੁਤ ਅਜੀਬ ਹੈ ਬੰਦਾ, ਸਰਾਬ ਮੰਗਦਾ ਹੈ।

ਮੇਰਾ ਅਤੀਤ ਵੀ ਹੁਣ ਤਾਂ ਮੇਰੇ ਭਵਿਖ ਕੋਲੋਂ,
ਸ਼ਰੀਕ ਵਾਂਗਰਾਂ, ਹਿੱਸੇ ਦੇ ਖ਼ਾਬ ਮੰਗਦਾ ਹੈ।

## – 2 –

ਤਰਾਸ਼ਦੇ ਨੇ ਉਹ ਨਕਸ਼ ਮੇਰੇ
ਨਿਖਾਰਦੇ ਨੇ ਵਜੂਦ ਮੇਰਾ।
ਖ਼ਿਲਾਫ਼ ਮੇਰੇ ਜੋ ਕਰਨ ਚਰਚਾ,
ਉਭਾਰਦੇ ਨੇ ਵਜੂਦ ਮੇਰਾ।

ਅਕਾਸ਼ ਗੰਗਾ ਨੂੰ ਤਨ ਮੇਰੇ ਤੋਂ
ਭਰੂਣ ਦੀ ਕਰ ਰਹੇ ਨੇ ਸਾਜ਼ਿਸ਼
ਖ਼ਲਾਅ ਤੇ ਨ੍ਹੇਰਾ ਜਦੋਂ ਵੀ ਮਿਲਦੇ,
ਵਿਚਾਰਦੇ ਨੇ ਵਜੂਦ ਮੇਰਾ।

ਬੜੇ ਹੀ ਪਾਗਲ ਨੇ, ਲੋਅ ਮੇਰੀ ਨੂੰ,
ਬਲੌਰ ਅੰਦਰ ਨੇ ਕੈਦ ਕਰਦੇ,
ਉਹ ਮੈਨੂੰ ਮੇਟਣ ਦੀ ਦੌੜ ਅੰਦਰ
ਉਸਾਰਦੇ ਨੇ ਵਜੂਦ ਮੇਰਾ।

ਉਹ ਅਕਸ ਮੇਰੇ ਦੇ ਕਰਨ ਟੁਕੜੇ
ਤੇ ਫਿਰ ਉਛਾਲਣ ਹਨ੍ਹੇਰੀਆਂ ਵਿਚ
ਸਗੋਂ ਮੈਂ ਜਿੱਥੇ ਗਿਆ ਨਾ ਓਥੇ,
ਪਸਾਰਦੇ ਨੇ ਵਜੂਦ ਮੇਰਾ।

ਸਮੇਂ ਨੇ ਬਖ਼ਸ਼ੇ ਨੇ ਜ਼ਖ਼ਮ ਏਨੇ,
ਜਿਵੇਂ ਬਹਾਰਾਂ ’ਚ ਫੁੱਲ ਖਿੜਦੇ,
ਕਿਸੇ ਅਜੂਬੇ ਦੇ ਵਾਂਗ ਲੋਕੀਂ,
ਨਿਹਾਰਦੇ ਨੇ ਵਜੂਦ ਮੇਰਾ।

## – 3 –

ਅਸੀਂ ਕਿਸ ਨਜ਼ਰ ਤੋਂ ਹਾਂ ਦੇਖਦੇ,
ਉਸੇ ਜ਼ਾਵੀਏ ਦਾ ਕਮਾਲ ਹੈ।
ਕਿਸੇ ਵਾਸਤੇ ਉਹ ਜਵਾਬ ਹੈ,
ਕਿਸੇ ਵਾਸਤੇ ਉਹ ਸਵਾਲ ਹੈ।

ਕਦੇ ਬਰਫ਼ ਹਾਂ, ਕਦੇ ਪੌਣ ਹਾਂ
ਕਦੇ ਰੇਤ ਹਾਂ ਕਦੇ ਮੋਮ ਹਾਂ,
ਮੇਰੇ ਵਾਸਤੇ ਇਹ ਸਰਾਪ ਹੈ
ਤੇਰੇ ਵਾਸਤੇ ਇਹ ਕਮਾਲ ਹੈ।

ਬੁਝੇ ਦੀਵਿਆਂ ਨੂੰ ਸਿਤਾਰਿਆਂ
ਦੇ ਖ਼ਿਤਾਬ ਦੇ ਕੇ ਨਿਵਾਜ਼ਣਾਂ,
ਤੇਰੇ ਰਾਜ ਵਿਚ ਨਵੇਂ ਦੌਰ ਦੀ
ਇਹੋ ਬੇਮਿਸਾਲ ਮਿਸਾਲ ਹੈ।

ਮੈਂ ਇਕਾਂਤ ਵਿਚ ਕਦੇ ਡਰ ਜਵਾਂ
ਕਦੇ ਹੱਸ ਪਵਾਂ, ਕਦੇ ਰੋ ਪਵਾਂ,
ਅਜੇ ਤੀਕ ਵੀ ਮੇਰੀ ਸੋਚ ਵਿਚ
ਮੇਰਾ ਬਾਲ-ਮਨ ਮੇਰੇ ਨਾਲ ਹੈ।

ਕਦੇ ਮੇਰੀ ਚੁਪ ’ਤੇ ਹੈ ਤਬਸਰਾ
ਕਦੇ ਜ਼ਿਕਰ ਹੈ ਮੇਰੇ ਬੋਲ ਦਾ,
ਕਦੇ ਸ਼ੁਹਰਤਾਂ ਕਦੇ ਤੁਹਮਤਾਂ
ਨੂੰ ਤਲਾਸ਼ ਹੈ ਮੇਰੀ ਭਾਲ ਹੈ।

## – 4 –

ਮੈਂ ਚਾਹੁੰਦਾ ਹਾਂ ਮੇਰੀ ਹਸਤੀ ਇਵੇਂ ਕਵਿਤਾ ’ਚ ਢਲ ਜਾਵੇ।
ਹਵਾ ਵੰਝਲੀ ’ਚੋਂ ਲੰਘ ਕੇ ਜਿਸ ਤਰ੍ਹਾਂ ਸੁਰ ਵਿਚ ਬਦਲ ਜਾਵੇ।

ਵਿਘਨਕਾਰੀ ਤਪੱਸਿਆ ’ਚੋਂ ਅਜਬ ਬਖ਼ਸ਼ਿਸ਼ ਮਿਲੀ ਮੈਨੂੰ,
ਮੇਰੀ ਛੋਹ ਨਾਲ ਜਲ ਹੈ ਜੰਮਦਾ, ਪੱਥਰ ਪਿਘਲ ਜਾਵੇ।

ਨਿਸ਼ਾਨੇ ਦੇ ਨਸ਼ੇ ਵਿਚ ਦੇਖਣਾ, ਨਾ ਹੋਸ਼ ਭੁੱਲ ਜਾਵੀਂ,
ਤੇਰੇ ਹਥਲੀ ਰਫ਼ਲ ਕਿਧਰੇ ਤੇਰੇ ਵੱਲ ਹੀ ਨਾ ਚਲ ਜਾਵੇ।

ਮੈਂ ਜਦ ਥਲ ’ਚੋਂ ਗੁਜ਼ਰਦਾ ਹਾਂ, ਤਾਂ ਸੋਚਾਂ ਵਿਚ ਵਗੇ ਦਰਿਆ,
ਜਦੋਂ ਕਿਸ਼ਤੀ ’ਚ ਬਹਿ ਜਾਵਾਂ ਖ਼ਿਆਲਾਂ ’ਚੋਂ ਨਾ ਥਲ ਜਾਵੇ।

ਜੋ ਬਿਲਕੁਲ ਰੇਤ ਦਿਸਦੀ ਹੈ, ਭੰਵਰ ਨਿਕਲੇ ਨਾ ਆਖ਼ਿਰ ਨੂੰ,
ਮਿਰਗ-ਜਲ ਵਾਂਗ ਮੈਨੂੰ ਹੁਣ ਕਿਤੇ ਦਰਿਆ ਨਾ ਛਲ ਜਾਵੇ।

# ਅਜੇ ਤਨਵੀਰ

**- 1 -**

ਕਿਸੇ ਅੱਗੇ ਤੂੰ ਰੱਖੀਂ ਫਿਰ ਮੁਹੱਬਤ ਕਰਨ ਦੀ ਇੱਛਾ।
ਅਗਰ ਹੈ ਦਿਲ 'ਚ ਤੇਰੇ ਸਿਰ ਤਲੀ 'ਤੇ ਧਰਨ ਦੀ ਇੱਛਾ।

ਕਲੰਡਰ ਕੰਧ 'ਤੇ ਟੰਗੇ ਹਮੇਸ਼ਾ ਪੁੱਛਦੇ ਮੈਨੂੰ,
ਅਜੇ ਕਿੰਨੀ ਕੁ ਬਾਕੀ ਹੈ ਉਡੀਕਾਂ ਕਰਨ ਦੀ ਇੱਛਾ।

ਪਰਿੰਦਾ ਪਿੰਜਰੇ ਵਿੱਚ ਵੀ ਪਰਾਂ ਨੂੰ ਤੋਲਦਾ ਜਿਹੜਾ,
ਨਹੀਂ ਮੁੱਕੀ ਅਜੇ ਉਸਦੀ ਉਡਾਰੀ ਭਰਨ ਦੀ ਇੱਛਾ।

ਤਖ਼ੱਲਸ ਰੱਖ ਕੇ ਬਾਗ਼ੀ ਦੁਚਿੱਤੀ ਵਿੱਚ ਪਿਆ ਕਾਹਤੋਂ,
ਡਰੀਂ ਨਾ ਕਤਲਗਾਹਾਂ ਤੋਂ ਹੈ ਜੇਕਰ ਮਰਨ ਦੀ ਇੱਛਾ।

ਖੜ੍ਹਾ ਦਰਬਾਰ ਵਿੱਚ ਬੇਖੌਫ਼ ਸਰਮਦ ਆਖਦਾ, ਹਾਕਮ,
ਰਗਾਂ ਵਿਚ ਖੌਲਦੀ ਮੇਰੇ ਸਿਤਮ ਨੂੰ ਜਰਨ ਦੀ ਇੱਛਾ।

ਮੈਂ ਸਾਰੀ ਜ਼ਿੰਦਗੀ ਇਹ ਜ਼ਖ਼ਮ ਰੱਖੇ ਸੀ ਲਕੋ ਕੇ, ਪਰ,
ਤੇਰੇ ਮਨ ਵਿੱਚ ਕਿਉਂ ਜਾਗੀ ਇਨ੍ਹਾਂ ਨੂੰ ਭਰਨ ਦੀ ਇੱਛਾ।

ਗੁਰੂ ਜਦ ਦਕਸ਼ਣਾ ਮੰਗੀ ਕਿਹਾ, ਬੇਬਾਕ ਫਿਰ ਉਸ ਨੇ,
'ਅਜੇ ਤਨਵੀਰ' ਦੀ ਕੋਈ ਨਹੀਂ ਹੈ ਹਰਨ ਦੀ ਇੱਛਾ।

**- 2 -**

ਮੁਖੌਟੇ ਪਹਿਨ ਕੇ ਰੱਖੇ ਜ਼ਮੀਰਾਂ ਗਰਕੀਆਂ ਯਾਰੋ।
ਸ਼ਰੇ ਬਾਜ਼ਾਰ ਵਿਕ ਰਹੀਆਂ ਨੇ ਵੱਡੀਆਂ ਹਸਤੀਆਂ ਯਾਰੋ।

ਅਦਾਲਤ ਨੇ ਬਰੀ ਕੀਤਾ ਜਿਨ੍ਹੂੰ ਤਖ਼ਤੇ ਚੜਾਉਣਾ ਸੀ,
ਤੇ ਉਸਦੇ ਨਾਂ ਦੀਆਂ ਲਗੀਆਂ ਨੇ ਥਾਂ ਥਾਂ ਤਖ਼ਤੀਆਂ ਯਾਰੋ।

ਕਦੇ ਵੀ ਮਾਫ਼ ਨਾ ਕਰਨਾ ਕਰੋ ਇਹ ਫ਼ੈਸਲਾ ਸਾਰੇ,
ਤੂਫ਼ਾਨਾ ਨਾਲ ਰਲ਼ ਗਈਆਂ ਨੇ ਜੋ ਜੋ ਕਿਸ਼ਤੀਆਂ ਯਾਰੋ।

ਇਹ ਹਾਕਮ ਦੇ ਨਿਸ਼ਾਨੇ 'ਤੇ ਹਮੇਸ਼ਾਂ ਵਾਂਗ ਹੁਣ ਵੀ ਹਨ,
ਜਿਨ੍ਹਾਂ ਵਿਚ ਜੰਮਦੇ ਬਾਗ਼ੀ ਇਹ ਹਨ ਉਹ ਬਸਤੀਆਂ ਯਾਰੋ।

ਬਰਾਬਰਤਾ ਲਿਆਊ ਜੋ ਅਸੀਂ ਉਸ ਲੋਕ ਯੁੱਧ ਦੇ ਨਾਂ,
ਕਈ ਸੁਪਨੇ ਕਈ ਰੀਝਾਂ ਸਮਰਪਿਤ ਕਰਤੀਆਂ ਯਾਰੋ।

ਜ਼ਮਾਨੇ ਨਾਲ ਬਦਲਣ ਜੋ ਬਥੇਰੇ ਹੋਣਗੇ "ਤਨਵੀਰ",
ਜ਼ਮਾਨੇ ਨੂੰ ਬਦਲ ਦਇਏ ਅਸੀਂ ਉਹ ਹਸਤੀਆਂ ਯਾਰੋ।

## - 3 -

ਦੁਸ਼ਮਣੀ ਦੀ ਛਡ ਕਹਾਣੀ ਦੋਸਤੀ ਨੂੰ ਮਾਣ ਲੈ।
ਜ਼ਿੰਦਗੀ ਹੈ ਖ਼ੂਬਸੂਰਤ ਜ਼ਿੰਦਗੀ ਨੂੰ ਮਾਣ ਲੈ।

ਵਸਲ ਦੇ ਪਲ ਤੂੰ ਹੰਡਾਏ ਹਨ ਬੜੇ ਚਾਵਾਂ ਦੇ ਨਾਲ,
ਬੇਰੁਖੀ ਦਾ ਜੇ ਹੈ ਮੌਸਮ ਬੇਰੁਖੀ ਨੂੰ ਮਾਣ ਲੈ।

ਸੋਚ ਤੇਰੀ ਨੇਰ੍ਹਿਆਂ ਦੀ ਈਰਖਾ ਵਿਚ ਭਟਕਦੀ,
ਆ ਮੁਹੱਬਤ ਦੀ ਜ਼ਰਾ ਤੂੰ ਰੌਸ਼ਨੀ ਨੂੰ ਮਾਣ ਲੈ।

ਸਿਸਕਣੇ ਦੀ ਹੈ ਮਿਲੀ ਸੌਗ਼ਾਤ ਵੀ ਮਹਿਬੂਬ ਤੋਂ,
ਸਿਸਕਦੀ ਹੈ ਜ਼ਿੰਦਗੀ ਜੇ, ਸਿਸਕਦੀ ਨੂੰ ਮਾਣ ਲੈ।

ਮਹਿਕ ਬਣਕੇ ਘੁਲ ਗਿਆਂ ਸਾਹਾਂ 'ਚ ਮੇਰੇ ਦਿਲਬਰਾ,
ਦਿਲ ਲਗਾਇਆ ਹੈ ਅਗਰ ਤਾਂ ਦਿਲਲਗੀ ਨੂੰ ਮਾਣ ਲੈ।

ਦਿਨ ਚੜ੍ਹੇ ਤੇ ਸੋਚ ਲੈਣਾ ਤੂੰ ਸਫ਼ਰ ਦੇ ਵਾਸਤੇ,
ਰਾਤ ਹੈ ਜੋ ਖੁਸ਼ਨੁਮਾ ਤਾਂ ਰਾਤਰੀ ਨੂੰ ਮਾਣ ਲੈ।

ਇਕ ਦੋ ਪਲ ਹੀ ਕੋਲ ਬਚਦੇ ਹਨ 'ਅਜੇ ਤਨਵੀਰ' ਦੇ,
ਕੋਲ ਉਸਦੇ ਬਹਿ ਕੇ ਉਸਦੀ ਸਾਦਗੀ ਨੂੰ ਮਾਣ ਲੈ।

## – 4 –

ਹੋਣ ਨਾ ਦਿੰਦੇ ਜੁਦਾ ਐਸੇ ਵੀ ਹੁੰਦੇ ਫ਼ਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।

ਵੇਖਦੇ ਹਾਂ ਅੰਬਰਾਂ ਵਿੱਚ ਉੱਡਦੇ ਕਿੰਨਾ ਕੁ ਚਿਰ,
ਪਰ ਉਧਾਰੇ ਲੈ ਗਏ ਜੋ ਕੁਝ ਦਿਨਾਂ ਦੇ ਵਾਸਤੇ।

ਦਿਸ ਰਿਹਾ ਸੀ ਤੂੰ ਖੜ੍ਹਾ ਹਰ ਮੀਲ ਪੱਥਰ ਵਿੱਚ ਹੀ,
ਖ਼ੂਬਸੂਰਤ ਬਣ ਗਏ ਫਿਰ ਮੰਜਿਲਾਂ ਦੇ ਰਾਸਤੇ।

ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆ ਨਹੀਂ,
ਇਸ ਲਈ ਤਾਂ ਰਾਜ ਭਵਨਾਂ ਵਿੱਚ ਮਿਲੇ ਨਾ ਦਾਖਲੇ।

ਰਾਤ ਦਿਨ ਹੀ ਸੁਲਗਦੇ ਨੇ ਜੋ ਬਿਨਾਂ ਹੀ ਚਿਣਗ ਤੋਂ,
ਦੱਸ ਕਿੱਦਾਂ ਲਾਟ ਬਣਦੇ ਭੀੜ ਦੇ ਉਹ ਕਾਫ਼ਲੇ।

ਕਿੰਝ ਬਿਜੜਾ ਘਰ ਬਣਾਵੇ ਵੇਖ ਕੇ ਕੁਝ ਸਿੱਖ ਤੂੰ,
ਠੰਡ ਵਿੱਚ ਕਿੰਨਾ ਕੁ ਠਰਨਾ ਤੂੰ ਕਿਸੇ ਦੀ ਆਸ ’ਤੇ।

(ਕੈਨੇਡਾ)

# ਨਦੀਮ ਪਰਮਾਰ

## - 1 -

ਬੇਖ਼ੁਦੀ ਦੀ ਲੋਰ ਵਿੱਚ ਦਿਲ ਇੰਝ ਦੀਵਾਨਾ ਫਿਰੇ।
ਹਿਰਨ ਆਪਣੇ ਮੁਸ਼ਕ ਵਿੱਚ ਝੂਮੇਂ ਜਾਂ ਮਸਤਾਨਾ ਫਿਰੇ।

ਇਸ ਤਰ੍ਹਾਂ ਵੀ ਜ਼ਿੰਦਗੀ ਨੇ ਮੌਤ ਨੂੰ ਦਿੱਤੀ ਸਦਾਅ,
ਢੂੰਡਦਾ ਅਣਜਾਣੀਆਂ ਗਲੀਆਂ 'ਚ ਅਣਜਾਣਾ ਫਿਰੇ।

ਆਸ਼ਕੀ ਦੀ ਸ਼ਮ੍ਹਾਂ ਬਣ ਕੇ ਕਰ ਲੈ ਰੌਸ਼ਨ ਆਪ ਨੂੰ,
ਆਸ਼ਕੀ ਸਿੱਖਣ ਨੂੰ ਪਿੱਛੇ ਤੇਰੇ ਪਰਵਾਨਾ ਫਿਰੇ।

ਕੀ ਕਹਾਂ ਕਿਉਂ ਮੁਸਕਰਾਏ ਅੱਜ ਦੀਵਾਨਾ ਤੇਰਾ,
ਪਾਟੀਓ ਝੋਲੀ 'ਚ ਪਾਈ ਦਿਲ ਦਾ ਨਜ਼ਰਾਨਾ ਫਿਰੇ।

ਆ ਸਿਖਾ ਦੁਨੀਆਂ ਨੂੰ ਕੋਈ ਪਿਆਰ ਦਾ ਫਿਰ ਸਬਕ ਤੂੰ,
ਆਦਮੀ ਇੰਝ ਭਾਲਦਾ ਅਪਣਾ ਨਾ ਬੇਗਾਨਾ ਫਿਰੇ।

ਧੂੰਮ ਰਿੰਦੀ ਦੀ ਮਿਰੀ ਸੁਣ ਕੇ ਜ਼ਮਾਨੇ ਵਿਚ 'ਨਦੀਮ',
ਭਾਲਦਾ ਥਾਂ-ਥਾਂ ਤੇ ਮੈਨੂੰ ਪੀਰੇ-ਮੈਖ਼ਾਨਾ ਫਿਰੇ।

## – 2 –

ਕੌਣ ਆਇਆ ਹੈ ਰੌਸ਼ਨੀ ਬਣ ਕੇ?
ਦਰਦ ਆਇਆ ਹੈ ਜ਼ਿੰਦਗੀ ਬਣ ਕੇ।

ਯਾਦ ਏਦਾਂ ਵੀ ਤੇਰੀ ਆਈ ਹੈ,
ਮੇਰੇ ਸਾਹਾਂ ਦੀ ਤਾਜ਼ਗੀ ਬਣ ਕੇ।

ਜੀ ਤੇ ਕਰਦਾ ਹੈ ਇੰਝ ਲੱਗਾ ਰਵਾਂ,
ਤੇਰੇ ਬੁੱਲ੍ਹਾਂ ਨੂੰ ਬੰਸਰੀ ਬਣ ਕੇ।

ਮੌਤ ਨੂੰ ਵੀ ਗਲੇ ਮੈਂ ਲਾ ਲੈਵਾਂ,
ਜੇ ਉਹ ਆਏ ਤੇਰੀ ਸਖੀ ਬਣ ਕੇ।

ਲੋਕ ਪੁੱਛਦੇ ਨੇ ਦੱਸ ਕੀ ਦੱਸਾਂ,
ਮੈਨੂੰ ਮਿਲਿਆ ਹੈ ਕੀ ਕਵੀ ਬਣ ਕੇ।

ਇਹ ਤੇ ਆਦਮ ਹੀ ਜਾਣਦਾ ਹੋਊ,
ਪਾਇਆ ਉਸ ਨੇ ਕੀ ਆਦਮੀ ਬਣ ਕੇ।

ਕਦੀ ਇੱਦਾਂ ਵੀ ਭਾਲਿਆ ਤੈਨੂੰ,
ਸੀਤ ਰਾਤਾਂ ਚ ਚਾਨਣੀ ਬਣ ਕੇ।

ਹੁਸਨ ਹੋਇਆ ਜਮਾਂ ਸ੍ਰਿਸ਼ਟੀ ਦਾ,
ਤੇਰੇ ਚਿਹਰੇ ਦੀ ਸਾਦਗੀ ਬਣ ਕੇ।

## - 3 -

ਗੀਤ ਹਾਂ ਸੰਗੀਤ ਹਾਂ ਕਿ ਸਾਜ਼ ਹਾਂ?
ਨਾਦ ਹਾਂ ਜਾਂ ਫਿਰ ਕੋਈ ਅਵਾਜ਼ ਹਾਂ

ਗੀਤ ਹਾਂ ਸੰਗੀਤ ਹਾਂ ਨਾ ਸਾਜ਼ ਹਾਂ,
ਆਪ ਲੈਅ ਹਾਂ ਆਪ ਹੀ ਅਵਾਜ਼ ਹਾਂ।

ਭੇਦ ਹਾਂ ਕੋਈ ਨਾ ਕੋਈ ਰਾਜ਼ ਹਾਂ,
ਅੰਤ ਹਾਂ ਮੈਂ ਆਪ ਹੀ ਆਗ਼ਾਜ਼ ਹਾਂ।

ਕੋਈ ਜਿਸ ਨੂੰ ਸੁਣ ਨਹੀਂ ਸਕਿਆ ਕਦੀ,
ਦਰਦ ਦੀ ਲੰਬੀ ਜਿਹੀ ਆਵਾਜ਼ ਹਾਂ।

ਸੁੱਟਿਆ ਯੂਸਫ ਨੂੰ ਜਿਸ ਨੇ ਖੂਹ ਵਿਚ,
ਮੈਂ ਜ਼ੁਲੈਖਾ ਦਾ ਓਹੀ ਅੰਦਾਜ਼ ਹਾਂ।

ਮੇਰੀ ਹਸਤੀ ਦਾ ਕੀ ਯਾਰੋ ਭਾਲਣਾ,
'ਕੁਨ ਫਿਕੂੰ' ਦੇ ਦੋ ਹੀ ਤੇ ਅਲਫਾਜ਼ ਹਾਂ।

ਮੌਤ ਹਾਂ, ਮੈਥੋਂ ਨਾ ਡਰ ਐ ਜ਼ਿੰਦਗੀ,
ਆਦਿ ਤੋਂ ਹੀ ਮੈਂ ਤਿਰੀ ਦਮਸਾਜ਼ ਹਾਂ।

ਛੂ ਲਿਆ ਅਰਸ਼ਾਂ ਨੂੰ ਜਿਸ ਨੇ ਬਣ ਅਕਾਬ,
ਮੈਂ ਖ਼ਿਆਲਾਂ ਦੀ ਉਹੀ ਪਰਵਾਜ਼ ਹਾਂ।

ਮਾਣ ਹੈ ਜਿਸ ਤੇ ਨਿਮਾਣੇ ਨੂੰ 'ਨਦੀਮ',
ਭੇਦ ਹਾਂ ਉਹਦਾ ਮੈਂ ਉਸਦਾ ਨਾਜ਼ ਹਾਂ।

## - 4 -

ਨਹੀਂ ਪੁੱਛਦਾ ਮੇਰੀ ਤਕਦੀਰ ਕੀ ਹੈ।
ਮਿਰੇ ਗ਼ਮ ਦੀ ਮਗਰ ਤਕਸੀਰ ਕੀ ਹੈ?

ਪੁਲਾੜਾਂ ਵਿਚ ਫਿਰੇ ਆਜ਼ਾਦ ਰੂਹ ਤਾਂ,
ਇਹ ਆਵਾਗਉਣ ਦੀ ਜ਼ੰਜੀਰ ਕੀ ਹੈ?

ਬਣਾਈ ਹੈ ਤਸੱਵਰ ਨੇ ਜੋ ਮੂਰਤ,
ਕਿਵੇਂ ਦੱਸਾ ਕੀ ਉਹ ਤਸਵੀਰ ਕੀ ਹੈ?

ਨਾ ਅੱਖੀਂ ਦੇਖਿਆ, ਕੰਨੀਂ ਨਾ ਸੁਣਿਆਂ,
ਮੈਂ ਕੀ ਦੱਸਾਂ ਕਿ ਉਸ ਤਕਰੀਰ ਕੀ ਹੈ?

ਮਿਰਾ ਜੀਵਨ ਹੈ ਦੁੱਖ ਦਾ ਜਲਦਾ ਛਾਲਾ,
ਤਿਰੀ ਮਲ੍ਹਮ ਦੀ ਦਸ ਤਾਸੀਰ ਕੀ ਹੈ?

ਬਹੁਤ ਕੱਢੀਆਂ ਨੇ ਫਾਲਾਂ ਵਸਤ ਖ਼ਾਤਰ
ਮਿਰੇ ਖਾਬਾਂ ਦੀ ਦਸ ਤਾਬੀਰ ਕੀ ਹੈ?

ਮਿਲੇ ਮੈਨੂੰ ਮੁਕੰਮਲ ਕੋਈ ਮੁਰਸ਼ਿਦ,
ਤਾਂ ਪੁੱਛਾਂ ਓਸ ਨੂੰ ਕਿ ਪੀਰ ਕੀ ਹੈ?

ਲਟਕਦਾ ਡਾਲ ਤੇ ਹਾਂ ਖੁਸ਼ਕ ਪੱਤਾ,
ਮੈਂ ਕੀ ਜਾਣਾ ਮਿਰੀ ਆਖ਼ੀਰ ਕੀ ਹੈ?

ਬਿਨਾ ਦੋ ਗ਼ਜ਼ ਜ਼ਮੀਂ ਤੇ ਚਾਰ ਸ਼ੇਅਰਾਂ,
ਨਦੀਮਾਂ ਦਸ ਤੇਰੀ ਜਾਗੀਰ ਕੀ ਹੈ?

# ਜਸਵਿੰਦਰ

**– 1 –**

ਅਸੀਂ ਅਪਣੀ ਸ਼ਨਾਖ਼ਤ ਭੀੜ ਦੇ ਅੰਦਰ ਗੁਆ ਆਏ।
ਚਲੋ ਚੰਗਾ ਈ ਹੋਇਆ ਸੌ ਤਰ੍ਹਾਂ ਦੇ ਡਰ ਗੁਆ ਆਏ।

ਸਫ਼ਰ ਕਿੰਨਾ ਵਚਿੱਤਰ ਸੀ ਕਿ ਜਿਸ ’ਤੇ ਚਲਦਿਆਂ ਹੋਇਆਂ,
ਮੁਸਾਫ਼ਿਰ ਪੈਰ ਭੁੱਲ ਆਏ ਪਰਿੰਦੇ ਪਰ ਗੁਆ ਆਏ।

ਰਗਾਂ ਵਿਚ ਰਾਤ ਕਾਲੀ ਜ਼ਹਿਰ ਬਣ ਕੇ ਸਰਕਦੀ ਜਾਂਦੀ,
ਚਿਰਾਗ਼ਾਂ ਵਾਂਗ ਜਗਦੇ ਮਾਂਦਰੀ ਮੰਤਰ ਗੁਆ ਆਏ।

ਲਤੀਫ਼ੇ ਸੁਣ ਨਹੀਂ ਹਸਦੇ ਨਾ ਰੋਂਦੇ ਮਰਸੀਏ ਸੁਣ ਕੇ,
ਪਤਾ ਨਈਂ ਲੋਕ ਹੁਣ ਸੰਵੇਦਨਾ ਕਿੱਧਰ ਗੁਆ ਆਏ।

ਤੁਸੀਂ ਜਾਓਗੇ ਕਿੱਥੇ ਜੇ ਦਿਸ਼ਾਵਾਂ ਲਾਪਤਾ ਰਹੀਆਂ,
ਭਲਾ ਪਰਵਾਜ਼ ਦੇ ਕੀ ਅਰਥ ਜੇ ਅੰਬਰ ਗੁਆ ਆਏ।

ਕਿਵੇਂ ਬੀਜੋਗੇ ਮੋਹ ਦੇ ਹਰਫ਼ ਹੁਣ ਬੰਜਰ ਦਿਲਾਂ ਅੰਦਰ,
ਤੁਸੀਂ ਵਾਧੂ ਦੀਆਂ ਬਹਿਸਾਂ ’ਚ ਹੀ ਵੱਤਰ ਗੁਆ ਆਏ।

ਸਿਰਾਂ ’ਤੇ ਕਿਸ਼ਤੀਆਂ ਧਰ ਕੇ ਮਲਾਹਾਂ ਨੂੰ ਪਿਆ ਮੁੜਨਾ,
ਗਏ ਸੀ ਟਾਪੂਆਂ ਦੀ ਭਾਲ ਵਿਚ, ਸਾਗਰ ਗੁਆ ਆਏ।

## – 2 –

ਜੰਗਲ ’ਚ ਲੁਕਿਆ ਜਾਲ ਸੀ ਏਨੇ ਕਮਾਲ ਨਾਲ।
ਤਿਤਲੀ ਉਲਝ ਕੇ ਰਹਿ ਗਈ ਚੰਬੇ ਦੀ ਡਾਲ ਨਾਲ।

ਤੇਰੀ ਵਿਦਾਈ ਬਾਦ ਮੈਂ ਸੰਭਲਦਾ ਕਿਸ ਤਰ੍ਹਾਂ,
ਹਿਲਦੀ ਸੀ ਇਹ ਜ਼ਮੀਨ ਵੀ ਹਿਲਦੇ ਰੁਮਾਲ ਨਾਲ।

ਮਨ ਦੇ ਆਕਾਸ਼ ਵਿਚ ਕਦੇ ਤਨ ਦੀ ਜ਼ਮੀਨ ’ਤੇ,
ਦੁਖ ਸੁਖ ਦੇ ਸ਼ਾਹੀ ਕਾਫ਼ਲੇ ਚਲਦੇ ਨੇ ਨਾਲ ਨਾਲ।

ਤੇਰੇ ਮੁਰੀਦ ਅੱਗ ’ਤੇ ਨੱਚੇ ਸੀ ਖ਼ੂਬ ਪਰ,
ਤੂੰ ਹੀ ਸੁਰਾਂ ਨਾ ਮੇਲੀਆਂ ਖ਼ੰਜਰ ਦੀ ਤਾਲ ਨਾਲ।

ਕੀ, ਕੌਣ, ਕਿੱਥੇ, ਕਿਸ ਤਰ੍ਹਾਂ, ਕਿਹੜਾ, ਕਦੋਂ, ਕਿਵੇਂ,
ਸਾਰੇ ਸਫ਼ਰ ’ਚ ਤੁਰ ਰਹੇ ਕਿੰਨੇ ਸਵਾਲ ਨਾਲ।

ਮੇਰੀ ਗ਼ਜ਼ਲ ਦੇ ਦਿਲ ’ਚ ਉਹ ਸਾਰੇ ਹੀ ਲਹਿ ਗਏ,
ਰੋਕੇ ਸੀ ਜਿਹੜੇ ਤੀਰ ਮੈਂ ਲਫ਼ਜ਼ਾਂ ਦੀ ਢਾਲ ਨਾਲ।

## - 3 -

ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ,
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ।

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਅਪਣਾ ਨਾਮ ਤੇਰੇ ਕਰ ਰਿਹਾ ਹੈ,
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ।

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ,
ਆਉਣਗੇ ਤੇ ਕਰਨਗੇ ਖ਼ਾਲੀ ਕਿਸੇ ਦਿਨ
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ।

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ,
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ
ਗੁੰਬਦਾਂ 'ਚੋਂ ਉੱਡ ਕੇ ਮਖਿਆਲ ਤੇਰੇ।

ਜਲ ਵੀ ਓਹੀ, ਪੌਣ ਓਹੀ, ਰੇਤ ਓਹੀ
ਜ਼ਖ਼ਮ ਵੀ ਓਹੀ ਤੇ ਸਿੰਮਦੀ ਰੱਤ ਓਹੀ,
ਤੇਰੀ ਸ਼ਹਿ 'ਤੇ ਜੋ ਕੁਰੂਖੇਤਰ 'ਚ ਚੱਲੇ
ਭਰ ਕੇ ਹੁਣ ਵੀ ਵਗਣ ਓਹੀ ਖਾਲ ਤੇਰੇ।

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ
ਦਰਦ ਓਹੀ, ਦਰਦ ਦੀ ਤਾਸੀਰ ਓਹੀ,
ਫ਼ਰਕ ਬਸ ਏਨਾ ਪਿਆ ਕਲਯੁਗ 'ਚ ਆ ਕੇ
ਬਣ ਗਏ ਕੌਰਵ ਵੀ ਭਾਈਵਾਲ ਤੇਰੇ।

## – 4 –

ਨਮੋਸ਼ੀ ਹਾਰ ਦੀ ਤੇ ਜਿੱਤ ਦਾ ਹੰਕਾਰ ਲਾਹ ਦੇਈਏ।
ਚਲੋ ਹੁਣ ਫ਼ਾਲਤੂ ਚੀਜ਼ਾਂ ਦਾ ਰੂਹ ਤੋਂ ਭਾਰ ਲਾਹ ਦੇਈਏ।

ਇਨ੍ਹਾਂ ਵਿਚ ਆਰਜ਼ੀ ਧਰਵਾਸ ਹੈ, ਖ਼ਤਰੇ ਸਦੀਵੀ ਨੇ,
ਸਿਰਾਂ ਤੋਂ ਕਲਗ਼ੀਆਂ ਤੇ ਗਰਦਨਾਂ ’ਚੋਂ ਹਾਰ ਲਾਹ ਦੇਈਏ।

ਫਿਸਲ ਜਾਂਦੇ ਨੇ ਅਕਸਰ ਲੋਕ ਖੋਲ੍ਹਣਸਾਰ ਏਹਨਾਂ ਨੂੰ,
ਪਵਿੱਤਰ ਪੁਸਤਕਾਂ ’ਤੇ ਜੰਮ ਗਈ ਜੋ ਗਾਰ ਲਾਹ ਦੇਈਏ।

ਹਰੇ ਜੰਗਲ ਨੇ ਸੁੱਕ ਜਾਣੈ ਜੇ ਇਉਂ ਹੀ ਲਿਪਟੀਆਂ ਰਹੀਆਂ,
ਜੜ੍ਹਾਂ ਤੋਂ ਹੀਣੀਆਂ ਵੇਲਾਂ ਵਲੇਵੇਂਦਾਰ ਲਾਹ ਦੇਈਏ।

ਅਸੀਂ ਛੋਟੇ ਸਹੀ ਫਿਰ ਵੀ ਤਸੱਲੀ ਹੈ ਕਿ ਜਗਦੇ ਹਾਂ,
ਜੇ ਉਡ ਸਕੀਏ ਤਾਂ ਕਾਲੀ ਰਾਤ ਦੇ ਲੰਗਾਰ ਲਾਹ ਦੇਈਏ।

ਅਸਾਡੀ ਕਾਫ਼ਰਾਂ ਦੀ ਖੇਡ ਹੈ ਇਹ, ਮਾਫ਼ ਕਰਨਾ ਜੀ,
ਮਸੀਹੇ ਦਾ ਮੁਖੌਟਾ ਚੌਂਕ ਦੇ ਵਿਚਕਾਰ ਲਾਹ ਦੇਈਏ।

# ਉਂਕਾਰਪ੍ਰੀਤ

**– 1 –**

ਇਸ਼ਕ ਵਿਚ ਖ਼ੁਦ ਨੂੰ ਜਲਾ ਕੇ ਦੇਖਿਆ।
ਰਾਖ ’ਚੋਂ ਫਿਰ ਹੁਸਨ ਪਾ ਕੇ ਦੇਖਿਆ।

ਨਾ ਕੋਈ ਬਣਵਾਸ ਸੀ ਨਾ ਵਾਪਸੀ,
ਕੌਲ ਜਦ ਦਿਲ ਦਾ ਪੁਗਾ ਕੇ ਦੇਖਿਆ।

ਅੱਗ ਦਾ ਦਰਿਆ ਸੀ ਆਵੀ ਜੇਸਦੀ,
ਉਸ ਦੇ ਚਕ ’ਤੇ ਦਿਲ ਚੜ੍ਹਾ ਕੇ ਦੇਖਿਆ।

ਅਜਨਬੀਅਤ ਦੇ ਵਸੀਮੇਂ ਤੀਕਰਾਂ,
ਦੋਸਤਾਂ ਦੇ ਨਾਲ ਜਾ ਕੇ ਦੇਖਿਆ।

ਖ਼ੁਦ ਖ਼ੁਦੀ ਦਾ ਤੋੜ ਕੇ ਚੱਕਰਵਿਊ,
ਆਪੇ ਤੋਂ ਆਪਾ ਹਰਾ ਕੇ ਦੇਖਿਆ।

ਰੂਹ ਸੀ ਦਿਲ ਸੀ ਗ਼ਜ਼ਲ ਸੀ ‘ਪ੍ਰੀਤ’ ਸੀ,
ਜਦ ਨਜ਼ਰ ਦਾ ਘੁੰਡ ਚਾ ਕੇ ਦੇਖਿਆ।

## – 2 –

ਨ ਮੰਜ਼ਿਲ ਨ ਰਸਤਾ, ਨ ਰਹਿਬਰ ਹੈ ਕੋਈ।
ਹੁਣ ਅਸਲੀ, ਸਫ਼ਰ ਦੀ ਸ਼ੁਰੂਆਤ ਹੋਈ।

ਵਿਛੋੜੇ ਦਾ ਗ਼ਮ ਨ ਮਿਲਣ ਦੀ ਖ਼ੁਸ਼ੀ ਹੈ,
ਕਿ ਰੂਹ ਹਰ ਜਲਨ ਦੀ, ਕਿਰਨ ਹੀ ਹੈ ਕੋਈ।

ਨ ਅਪਣਾ ਹੈ ਕੋਈ, ਨ ਕੋਈ ਪਰਾਇਆ,
ਨਜ਼ਰ ਵਿਚ ਹਰਿਕ ਸ਼ੈਅ, ਗਈ ਇਉਂ ਪਰੋਈ।

ਮਿਟੇ ਫ਼ਾਸਲੇ ਸਭ 'ਕਿਵੇਂ' ਤੇ 'ਇਵੇਂ' 'ਚੋਂ,
ਜਿਵੇਂ ਹੀ 'ਨ-ਸਮਝੀ' 'ਸਮਝ' ਵਿਚ, ਸਮੋਈ।

ਝਨਾ ਹੋ ਗਿਆ ਖ਼ੁਦ ਹੀ ਪ੍ਰੀਤਮ ਦੀ ਕੁੱਲੀ,
ਘੜੇ 'ਚੋਂ ਰਿਹਾਅ 'ਪ੍ਰੀਤ' ਦੀ ਵਾਟ ਹੋਈ।

## - 3 -

ਦਿਲ ਦੇ ਗ਼ਮ ਦੀ ਦਾਸਤਾਂ, ਕਹਿ ਦਿਆਂ ਜਾਂ ਨਾ ਕਹਾਂ।
ਕਹਿਕਿਆਂ ਦੇ ਦਰਮਿਆਂ, ਕਹਿ ਦਿਆਂ ਜਾਂ ਨਾ ਕਹਾਂ।

ਜੇ ਕਹਾਂ ਸੂਲੀ ਚੜ੍ਹਾਂ, ਚੁਪ ਰਹਾਂ ਤਿਲ-ਤਿਲ ਮਰਾਂ,
ਕੀ ਕਰਾਂ ਕੀ ਨਾ ਕਰਾਂ, ਕਹਿ ਦਿਆਂ ਜਾਂ ਨਾ ਕਹਾਂ।

ਕਹਿ ਰਹੇ ਨੇ ਦੋਸਤ ਕਹਿ ਦੋਸਤੀ ’ਤੇ ਇਕ ਗ਼ਜ਼ਲ,
ਦੋਸਤਾਂ ਦੇ ਦਰਮਿਆਂ, ਕਹਿ ਦਿਆਂ ਜਾਂ ਨਾ ਕਹਾਂ।

ਮੈਂ ਤਨੋਂ ਹਾਂ ਆਪਦਾ ਪਰ ਮਨੋਂ ਹਾਂ ਹੋਰ ਦਾ,
ਮਨ ਤੇਰੇ ਦੀ ਐ ਮਨਾਂ, ਕਹਿ ਦਿਆਂ ਜਾਂ ਨਾ ਕਹਾਂ।

ਸ਼ਹਿਰ ਸੁੱਤਾ ਹੈ ਤਾਂ ਕੀ, ਰੁੱਖ ਜਾਗਣ ਜਾਗੇ ਪੌਣ,
ਸ਼ਾਇਰਾ ਕਿਉਂ ਸੋਚਦਾਂ, ਕਹਿ ਦਿਆਂ ਜਾਂ ਨਾ ਕਹਾਂ।

‘ਪ੍ਰੀਤ’, ਸ਼ੀਸ਼ੇ, ਸ਼ਾਇਰਾਂ, ਇਹ ਕਦੀ ਨੀਂ ਸੋਚਿਆ,
ਕਹਿ ਦਿਆਂ ਜਾਂ ਚੁੱਪ ਰਹਾਂ, ਕਹਿ ਦਿਆਂ ਜਾਂ ਨਾ ਕਹਾਂ।

## - 4 -

ਸ਼ਾਇਰੀ ਨੇ ਜ਼ਿੰਦਗੀ ਬਣਨਾ ਅਜੇ।
ਜ਼ਿੰਦਗੀ ਨੇ ਜ਼ਿੰਦਗੀ ਬਣਨਾ ਅਜੇ।

ਪੋਥੀਆਂ 'ਚੋਂ ਪਾਠੀਆਂ ਹੋਣਾ ਰਿਹਾਅ,
ਬੰਦਗੀ ਨੇ ਜ਼ਿੰਦਗੀ ਬਣਨਾ ਅਜੇ।

ਚੰਧੜਾਂ ਦੇ ਤੀਰ, ਫੁੱਲ ਬਣਨੇ ਅਜੇ,
ਆਸ਼ਕੀ ਨੇ ਜ਼ਿੰਦਗੀ ਬਣਨਾ ਅਜੇ।

ਧੂਫ-ਬੱਤੀ, ਥਾਲੀ-ਕੌਲੀ 'ਚੋਂ ਨਿਕਲ,
ਆਰਤੀ ਨੇ ਜ਼ਿੰਦਗੀ ਬਣਨਾ ਅਜੇ।

ਲੋੜ ਤੋਂ ਅਹਿਸਾਸ ਤੀਕਰ ਪਹੁੰਚ ਕੇ,
ਦੋਸਤੀ ਨੇ ਜ਼ਿੰਦਗੀ ਬਣਨਾ ਅਜੇ।

ਜਾਗ ਕੇ ਹੱਥਾਂ ਜਗਾਉਣੇ ਸੁਪਨ-ਦੀਪ,
ਜਗਮਗੀ ਨੇ ਜ਼ਿੰਦਗੀ ਬਣਨਾ ਅਜੇ।

ਕਹਿ ਰਹੀ ਹੈ ਜ਼ਿੰਦਗੀ ਦੀ ਭਟਕਣਾ,
ਰਾਹਬਰੀ ਨੇ ਜ਼ਿੰਦਗੀ ਬਣਨਾ ਅਜੇ।

ਮਹਿਲੋਂ ਉੱਚੇ ਹੋਵਣੇ ਝੁਗੀਆਂ ਦੇ ਗੀਤ,
ਨਗਮਗੀ ਨੇ ਜ਼ਿੰਦਗੀ ਬਣਨਾ ਅਜੇ।

# ਅਮਰਦੀਪ ਸੰਧਾਵਾਲੀਆ

**- 1 -**

ਬੜੇ ਹੀ ਖ਼ੂਬਸੂਰਤ ਹਰ ਨਗਰ ਵਿਚ ਘਰ ਵੀ ਹੁੰਦੇ ਨੇ।
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ।

ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ,
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ।

ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ,
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ।

ਅਸਾਨੂੰ ਵੀ ਪਤਾ ਹੈ ਕਿ ਸਮੁੰਦਰ 'ਚੋਂ ਮਿਲਣ ਮੋਤੀ,
ਕਈ ਪ੍ਰਕਾਰ ਦੇ ਪਰ ਮਨ 'ਚ ਬੈਠੇ ਡਰ ਵੀ ਹੁੰਦੇ ਨੇ।

ਮੇਰੇ ਨੈਣਾਂ 'ਚ ਉਸਨੇ ਵੇਖਿਆ ਤੇ ਆਖਿਆ ਮੈਨੂੰ,
ਸਵਾਲਾਂ ਵਿੱਚ ਕਈ ਵਾਰ ਪਏ ਉੱਤਰ ਵੀ ਹੁੰਦੇ ਨੇ।

ਲਿਖੇ ਜਾਂਦੇ ਨੇ ਜੋ ਆਕਾਸ਼ ਤੇ ਹੀ ਰਾਤ ਅੱਧੀ ਨੂੰ,
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ।

ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ,
'ਅਮਰ' ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ।

– 2 –

ਸਾਜ਼ਿਸ਼ਾਂ ਦੇ ਦੌਰ ਅੰਦਰ ਹਾਦਸੇ ਤਾਂ ਹੋਣਗੇ।
ਹੋਣਗੇ ਬੇਆਸਰੇ ਸਭ, ਆਸਰੇ ਤਾਂ ਹੋਣਗੇ।

ਚੀਕਦੇ ਸ਼ਬਦਾਂ 'ਚੋਂ ਪਰਤੇ ਜੋ ਗੁਆ ਕੇ ਆਬਰੂ,
ਅਰਥ ਮੇਰੀ ਚੁੱਪ ਦੇ ਉਹ ਭਾਲਦੇ ਤਾਂ ਹੋਣਗੇ।

ਪਾਰਦਰਸ਼ੀ ਇਸ਼ਕ ਮੇਰੇ ਤੋਂ ਖ਼ਫ਼ਾ ਜੋ ਲੋਕ ਨੇ,
ਕੱਚ ਦਾ ਸਾਮਾਨ ਘਰ ਉਹ ਵਰਤਦੇ ਤਾਂ ਹੋਣਗੇ।

ਹਰਫ਼ ਜੋ ਮੇਰੀ ਕਥਾ ਦੇ ਹਾਣ ਦੇ ਨਾ ਹੋ ਸਕੇ,
ਬੇਵਜ੍ਹਾ ਮੈਨੂੰ ਬੜਾ ਉਹ ਕੋਸਦੇ ਤਾਂ ਹੋਣਗੇ।

ਹੁਣ ਦਿਮਾਗ਼ਾਂ ਦਾ ਚੁਫ਼ੇਰੇ ਬੋਲਬਾਲਾ ਹੋ ਗਿਆ,
ਉਂਝ ਹਾਲੇ ਵੀ ਦਿਲਾਂ ਦੇ ਮਾਮਲੇ ਤਾਂ ਹੋਣਗੇ।

ਚੱਲ 'ਅਮਰ' ਏਥੇ ਤਾਂ ਬੁੱਧੀਜੀਵੀਆਂ ਦੀ ਲੋੜ ਹੈ,
ਲੱਭੀਏ ਦੋ-ਚਾਰ ਕਿਧਰੇ ਸਿਰਫਿਰੇ ਤਾਂ ਹੋਣਗੇ।

**- 3 -**

ਰਚਾ ਕੇ ਪਿਆਸ ਦਾ ਪੂਰਾ ਅਡੰਬਰ।
ਨਦੀ ਇਕ ਪੀ ਗਈ ਸਾਰਾ ਸਮੁੰਦਰ।

ਰਹੇ ਖ਼ਾਮੋਸ਼ ਮੇਰੀ ਚੀਕ ਭਾਵੇਂ,
ਬੜਾ ਹੈ ਸ਼ੋਰ ਮੇਰੀ ਚੁੱਪ ਅੰਦਰ।

ਕਿਵੇਂ ਤਫ਼ਤੀਸ਼ ਕਾਤਿਲ ਦੀ ਕਰੋਗੇ,
ਉਨ੍ਹੇ ਨੈਣਾਂ 'ਚ ਰੱਖੇ ਸਾਂਭ ਖ਼ੰਜਰ।

ਧਨੁਸ਼ ਚੁੱਕਣਾ ਵਫ਼ਾ ਦਾ ਲਾਜ਼ਮੀ ਸੀ,
ਨ ਜਿੱਤ ਸਕਿਆ ਕੁਈ ਮੇਰਾ ਸੁਅੰਬਰ।

ਖਲੋਤਾ ਦਿਨ ਰਿਹਾ ਮੇਰੇ ਸਿਰ੍ਹਾਣੇ,
ਅਜਬ ਇਕ ਵੇਖਿਆ ਮੈਂ ਰਾਤ ਮੰਜ਼ਰ।

ਅਸਾਡੇ ਹੌਸਲੇ ਖ਼ਾਤਿਰ ਹੀ ਕਹਿ ਦੇ,
ਬੜੇ ਏਥੋਂ ਗਏ ਖ਼ਾਲੀ ਸਿਕੰਦਰ।

ਨਵਾਂ ਇਹ ਸਾਲ ਵੀ ਪਿਛਲੇ ਜਿਹਾ ਹੈ,
ਅਸੀਂ ਤਾਂ ਬਦਲਿਆ ਹੈ ਬਸ ਕਲੰਡਰ।

ਕਥਾ ਤੇਰੀ 'ਚ ਤੁਰਦਾ ਗ਼ੈਰ ਜਦ ਵੀ,
ਗ਼ਜ਼ਲ ਮੇਰੀ ਖਲੋ ਜਾਵੇ ਠਠੰਬਰ।

'ਅਮਰ' ਨਾ ਤਾਰਿਆਂ ਦੀ ਗੱਲ ਕਰਦਾ,
ਸਿਆਣਾ ਹੈ, ਬੜਾ ਹੈ ਦੂਰ ਅੰਬਰ।

## - 4 -

ਨਗਰ ਦਾ ਹਰ ਬਸ਼ਰ ਹੁਣ ਇਸ ਕਦਰ ਹੈ ਭਟਕਦਾ ਰਹਿੰਦਾ।
ਪਤਾ ਉਹ ਆਪਣਾ ਹੀ ਘਰ ਦੇ ਅੰਦਰ ਢੂੰਡਦਾ ਰਹਿੰਦਾ।

ਵਫ਼ਾ ਦੀ ਪਾਕ ਮੰਜ਼ਿਲ 'ਤੇ ਭਲਾ ਉਹ ਖ਼ਾਕ ਪਹੁੰਚੇਗਾ,
ਮੇਰੇ ਤੇ ਗ਼ੈਰ ਦੇ ਵਿਚਕਾਰ ਹੀ ਜੋ ਲਟਕਦਾ ਰਹਿੰਦਾ।

ਕਿਤੇ ਜੇ ਯਾਰ ਨੂੰ ਇਤਬਾਰ ਹੁੰਦਾ ਪਿਆਰ ਮੇਰੇ 'ਤੇ,
ਤਲੀ 'ਤੇ ਤੋੜ ਕੇ ਵੰਗ ਪਿਆਰ ਉਹ ਨਾ ਪਰਖ਼ਦਾ ਰਹਿੰਦਾ।

ਜਵਾਬੀ ਖ਼ਤ 'ਚ ਮਾਰੂਥਲ ਬਣਾ ਕੇ ਭੇਜਿਆ ਉਸਨੇ,
ਮੇਰੇ ਨੈਣਾਂ 'ਚੋ ਸਾਵਣ ਰਾਤ ਦਿਨ ਹੈ ਬਰਸਦਾ ਰਹਿੰਦਾ।

ਮੁਹੱਬਤ ਕੀ ਕਰੇਗਾ ਉਹ ਜੋ ਦਿਲ ਦੇ ਮਾਮਲੇ ਵਿਚ ਵੀ,
ਦਿਮਾਗ਼ੀ ਖੋਜ ਕਾਰਜ ਦੇ ਹਵਾਲੇ ਵਰਤਦਾ ਰਹਿੰਦਾ।

ਜਦੋਂ ਇਕ ਲਾਲ ਸੂਹਾ ਫੁੱਲ ਉਸਨੂੰ ਯਾਦ ਆ ਜਾਵੇ,
ਬੜਾ ਚਿਰ ਉਹ ਕਿਸੇ ਡਾਇਰੀ ਦੇ ਪੰਨੇ ਪਰਤਦਾ ਰਹਿੰਦਾ।

ਜਿਦ੍ਹੇ ਵਿਚ ਤਿਤਲੀਆਂ ਦੇ ਸ਼ੋਖ਼ ਰੰਗਾਂ ਨੂੰ ਨ ਫੜ ਸਕਿਆ,
'ਅਮਰ' ਉਸ ਅਣਲਿਖੀ ਕਵਿਤਾ ਦੇ ਵਿਚ ਹੀ ਵਿਚਰਦਾ ਰਹਿੰਦਾ।

## (ਆਸਟ੍ਰੇਲਿਆ)

# ਸੁਰਿੰਦਰ ਸਿਦਕ

**– 1 –**

ਚਲਦੀ ਇਸ਼ਾਰਿਆਂ ’ਤੇ ਤੇਰੀ ਮਸ਼ੀਨ ਹੁੰਦੀ।
ਕਰਦੀ ਜਿਵੇਂ ਤੂੰ ਚਾਹੁੰਦਾ, ਫਿਰ ਮੈਂ ਹੁਸੀਨ ਹੁੰਦੀ।

ਅੰਬਰ ਦੇ ਗਲ ਜਾਂ ਲਗਦੀ, ਚੁੰਮਦੀ ਸਿਤਾਰਿਆਂ ਨੂੰ,
ਪੈਰਾਂ ਦੇ ਹੇਠ ਜੇਕਰ, ਮੇਰੇ ਜ਼ਮੀਨ ਹੁੰਦੀ।

ਗ਼ੈਰਾਂ ਦੇ ਸਾਹਵੇਂ ਅੱਥਰੂ ਐਵੇਂ ਹੀ ਵਹਿ ਤੁਰੇ ਸਨ,
ਮੈਂ ਤਾਂ ਨਹੀਂ ਸੀ ਚਾਹੁੰਦੀ, ਤੇਰੀ ਤੌਹੀਨ ਹੁੰਦੀ।

ਹਰਫੀਂ ਸਜਾਉਂਦਾ ਮੈਨੂੰ, ਰੂਹ ਨਾਲ ਗਾਉਂਦਾ ਮੈਨੂੰ,
ਤੇਰੀ ਮੈਂ ਗ਼ਜ਼ਲ ਹੋ ਕੇ, ਤੇਰੇ ’ਚ ਲੀਨ ਹੁੰਦੀ।

ਇਕ ਤੇਰੇ ਸਾਥ ਬਦਲੇ, ਪੱਥਰ ਤੋਂ ਰੇਤ ਹੋਈ,
ਕਿੰਨਾ ਕੁ ਹੋਰ ਟੁੱਟਦੀ, ਕਿੰਨੀ ਮਹੀਨ ਹੁੰਦੀ?

ਸੋਨੇ ਦੇ ਕੇਸੀਂ ਇਕ ਦਿਨ ਹੈ ਫਿਰ ਹੀ ਜਾਣੀ ਚਾਂਦੀ,
ਬਸ ਦਿਲ ਦੀ ਦੁਨੀਆਂ ਹੀ ਹੈ, ਤਾਜ਼ਾ ਤਰੀਨ ਹੁੰਦੀ।

ਮਹਿਫ਼ਿਲ ਹੈ ਮੋਤੀਆਂ ਦੀ, ਸੋਨੇ ਦੀਆਂ ਨੇ ਗ਼ਜ਼ਲਾਂ,
ਹੁੰਦੀ, ‘ਸਿਦਕ’ ਗ਼ਜ਼ਲਗੋ, ਜੋ ਉਹ ਜ਼ਹੀਨ ਹੁੰਦੀ।

## - 2 -

ਮੈਂ ਰੱਖਿਆਂ ਸੀ ਜਿੰਨ੍ਹਾਂ ਨੂੰ ਪਲਕੀਂ ਬਿਠਾ ਕੇ।
ਉਹ ਤੁਰ ਗਏ ਨੇ ਦਰਦਾਂ ਦੀ ਸੂਲ਼ੀ ਚੜ੍ਹਾ ਕੇ।

ਇਹ ਰਾਹਾਂ ਦੇ ਰੋੜੇ ਨੇ ਤੁਰਣਾ ਸਿਖਾਉਂਦੇ,
ਮੈਂ ਖ਼ੁਦ ਨੂੰ ਹੀ ਮਿਲਦੀ ਹਾਂ ਦੁਸ਼ਮਣ ਬਣਾ ਕੇ।

ਵਫ਼ਾ ਜ਼ਿੰਦਗੀ ਦੇ ਮੈਂ ਸੰਗ ਹੈ ਨਿਭਾਈ,
ਤੁਰਾਂ ਕਿਉਂ ਨਾ ਫਿਰ ਆਪਣਾ ਸਿਰ ਮੈਂ ਉਠਾ ਕੇ?

ਬੜੀ ਦੂਰ ਦੁਨੀਆਂ ਵਸਾ ਲਈ ਤੂੰ ਆਪਣੀ,
ਮੇਰੀ ਨੀਂਦ ਲੁਟ ਕੇ ਤੇ ਸੁਪਨੇ ਚੁਰਾ ਕੇ।

ਮੈਂ ਤੈਨੂੰ ਬਣਾਇਆਂ ਸੀ ਰੱਬ ਆਪਣਾ ਪਰ,
ਤੂੰ ਰੱਖ ਦਿੱਤਾ ਮੈਨੂੰ ਕਿਵੇਂ ਬੁੱਤ ਬਣਾ ਕੇ?

ਮਘੇ ਭਾਵੇਂ ਸੂਰਜ ਤੇ ਟਿਮਟਿਮਾਣ ਤਾਰੇ,
ਮੈਂ ਰੱਖਣਾਂ ਤੇਰੇ ਨਾਂ ਦਾ ਦੀਵਾ ਜਗਾ ਕੇ।

ਮੈਂ ਸਮਝੀ ਨਾ ਉਹਨਾਂ ਦੀ ਇਹ ਮੇਜ਼ਬਾਨੀ,
ਘਰੋਂ ਗ਼ੈਰ-ਹਾਜ਼ਰ ਸੀ ਸਾਨੂੰ ਬੁਲਾ ਕੇ।

ਸਲਾਮਤ ਰਹੇ ਤੂੰ ਬੁਲੰਦ ਆਸਥਾ ਵਿੱਚ,
ਗਵਾਚੀ ਹਾਂ ਗ਼ਮ ਵਿੱਚ ਮੈਂ ਤੈਨੂੰ ਗਵਾ ਕੇ।

ਸਮਝਦੇ ਨੇ ਲੋਕੀ ਕਰਾਂ ਮੈਂ ਇਬਾਦਤ,
'ਸਿਦਕ' ਤੈਨੂੰ ਤੱਕਦੀ ਸਿਰ ਆਪਣਾ ਝੁਕਾ ਕੇ।

## – 3 –

ਅਗਲੇ ਸਾਲ ਵੀ ਕੱਤਕ ਕੂੰਜਾਂ ਆਉਣਗੀਆਂ।
ਇਹ ਕੁੜੀਆਂ ਤਾਂ ਏਦਾਂ ਹੀ ਕੁਰਲਾਉਣਗੀਆਂ।

ਪਾ ਆਇਆਂ ਨੇ ਕੁੜੀਆਂ ਨਦੀ ਦੇ ਕੰਢੇ ਘਰ,
ਛੱਲਾਂ ਨੇ ਬੇਦਰਦ ਉਹ ਆ ਕੇ ਢਾਹੁਣਗੀਆਂ।

ਧੀਆਂ ਕੋਲ ਤਾਂ ਅੱਜ ਦਾ ਨਕਸ਼ਾ ਹੁੰਦਾ ਹੈ,
ਮਾਵਾਂ ਤਾਂ ਬੱਸ ਕੱਲ੍ਹ ਦੀ ਗੱਲ ਸਮਝਾਉਣਗੀਆਂ।

ਇਹ ਚਿੜੀਆਂ ਜੋ ਸ਼ੀਸ਼ੇ ਨਾਲ ਨੇ ਲੜ ਰਹੀਆਂ,
ਆਪਣੇ ਹੀ ਇਹ ਖ਼ੂਨ ’ਚ ਖੰਭ ਰੰਗਾਉਣਗੀਆਂ।

ਇਹਨਾਂ ਦੇ ਦਿਲ ਵਿਚ ਤਾਂ ਬਹੁਤ ਉਦਾਸੀ ਹੈ,
ਕੁੜੀਆਂ ਗਿੱਧੇ ਵਿੱਚ ਧਮਾਲਾਂ ਪਾਉਣਗੀਆਂ।

ਹੰਝੂਆਂ ਦੇ ਕਿਰਦਾਰ ਦਾ ਕੁੜੀਓ ਕੀ ਕਹਿਣਾਂ,
ਇਹ ਅੱਖਾਂ ਨੇ ਕਿੱਦਾਂ ਦਰਦ ਲੁਕਾਉਣਗੀਆਂ?

ਬੱਦਲਾਂ ਤਾਈਂ ਕੁਝ ਕੁਝ ਸੰਗ ਤਾਂ ਆਏਗੀ,
ਮਿੱਟੀ ਦੇ ਵਿੱਚ ਜਦ ਵੀ ਚਿੜੀਆਂ ਨਹਾਉਣਗੀਆਂ।

ਸਿਦਕ ਜਿਹਨਾਂ ਨੂੰ ਮੋਈਆਂ ਮਰਨੀਆਂ ਕਹਿੰਦੇ ਨੇ,
ਇਹ ਕੁੜੀਆਂ ਹੀ ਜੰਗ ਦੀ ਸਾਖ ਵਧਾਉਣਗੀਆਂ।

## – 4 –

ਨਾਰੀ ਦੇ ਦੁਆਲੇ ਜਿਹੜੀ ਰਾਮਕਾਰ ਹੈ,
ਰਾਮਕਾਰ ਕਾਹਦੀ ਜੇਲ੍ਹ ਦੀ ਦੀਵਾਰ ਹੈ।

ਪੁਲਾਂ ਉੱਤੇ ਮਨਾਂ ਘਰ ਨਈਂ ਬਣਾਈਦੇ,
ਪੁਲਾਂ ਨਾਲ ਹੋਣਾ ਬੱਸ ਆਰ ਪਾਰ ਹੈ।

ਅਦਬ ਜੋ ਹੁੰਦਾ ਸੀ ਪੈਗ਼ੰਬਰੀ ਕਦੇ,
ਉਸ ਦਾ ਵੀ ਹੁੰਦਾ ਹੁਣ ਕਾਰੋਬਾਰ ਹੈ।

ਕੋਈ ਇੱਥੇ ਉੱਡਦਾ ਤੇ ਕੋਈ ਰੀਂਗਦਾ,
ਸਭਨਾਂ ਦਾ ਆਪੋ ਆਪਣਾ ਮਿਆਰ ਹੈ।

ਮੰਦਰਾਂ ਮਸੀਤਾਂ ਵਿੱਚ ਉਹਦਾ ਵਾਸ ਨਈਂ,
ਬੰਦਿਆਂ ਦੇ ਦਿਲੀਂ ਓਸ ਦਾ ਪਿਆਰ ਹੈ।

ਧੰਨਵਾਨਾਂ ਲਈ ਹੈ ਇਹ ਫੁੱਲਾਂ ਵਾਲਾ ਰਾਹ,
ਜ਼ਿੰਦਗੀ ਗ਼ਰੀਬਾਂ ਲਈ ਖੰਡੇ ਦੀ ਧਾਰ ਹੈ।

ਚੱਲ ਮਨਾਂ ਨਫ਼ਰਤਾਂ ਦਾ ਦੇਸ ਛੱਡੀਏ,
ਵੱਜ ਰਹੀ ਓਸ ਕੰਢੇ ਪਿਆਰ ਤਾਰ ਹੈ।

ਸ਼ਹਿਰ ਵਿੱਚੋਂ ਲੰਘੀ ਤਾਂ ਇਹ ਮੈਲੀ ਹੋ ਗਈ,
ਫਿਰ ਵੀ ਇਹ ਗੰਗਾ ਮਈਆ ਪੂਜਾਕਾਰ ਹੈ।

‘ਸਿਦਕ’ ਹਰ ਚੀਜ਼ ਪੈਸੇ ਵਿੱਚ ਤੁਲਦੀ,
ਹਰ ਬੂਹੇ ਉੱਤੇ ਆ ਗਿਆ ਬਜ਼ਾਰ ਹੈ।

# ਰੁਪਿੰਦਰ ਸੋਜ਼

**- 1 -**

ਫ਼ਰਜ਼ ਸਾਰੇ ਕਰਮ ਭੂਮੀ ਪੂਰਦੇ ਰਹਿ ਜਾਣਗੇ।
ਸ਼ੌਕ ਮੇਰੇ ਮਾਰੂਥਲ ਵਿੱਚ ਮੌਲ਼ਦੇ ਰਹਿ ਜਾਣਗੇ।

ਬੇਬਸੀ ਮਜਬੂਰੀਆਂ ਨੂੰ ਕੋਸਦੀ ਰਹਿ ਜਾਏਗੀ,
ਸਬਰ ਬਸ ਆਸਾਂ ਵਾਲੇ ਦੀਵੇ ਬਾਲਦੇ ਰਹਿ ਜਾਣਗੇ।

ਜ਼ਿੰਦਗੀ ਦੀ ਚਾਲ ਜੇ ਏਸੇ ਤਰ੍ਹਾਂ ਵੱਧਦੀ ਗਈ,
ਦਿਲ ਮਸ਼ੀਨਾਂ ਵਾਂਗਰਾਂ ਬਾਜ਼ਾਰ ਦੇ ਰਹਿ ਜਾਣਗੇ।

ਉਲਝਦੇ ਇੰਝ ਹੀ ਰਹੇ ਜੇ ਜਾਲ ਸਰਮਾਏ ਦੇ ਵਿੱਚ,
ਸਾਦਗੀ ਨੂੰ ਲੋਕ ਉਮਰਾਂ ਗਾਲਦੇ ਰਹਿ ਜਾਣਗੇ।

ਆਉਣਗੇ ਮੁੜਕੇ ਸਕੂਨ ਖ਼ਾਤਰ ਜਦੋਂ ਵੀ ਸ਼ਹਿਰ ਤੋਂ,
ਸ਼ਹਿਰ ਬਣਗੇ ਪਿੰਡ ’ਚੋਂ ਪਿੰਡ ਭਾਲਦੇ ਰਹਿ ਜਾਣਗੇ।

ਇਸ਼ਕ ਦੇ ਅੰਜਾਮ ਰਹਿੰਦੇ ‘ਸੋਜ਼’ ਅੱਧ-ਵਿਚਕਾਰ ਹੀ,
ਇਸ਼ਕ ਦੇ ਇਤਿਹਾਸ ਏਹੋ, ਫ਼ਾਸਲੇ ਰਹਿ ਜਾਣਗੇ।

## – 2 –

ਸੰਨਾਟਾ ਬੋਲਦਾ ਉਸ ਪਾਰ ਹੋਣਾ ਹੋਰ ਕੀ ਹੋਣਾ।
ਹਵਾ ਦੇ ਨਾਲ ਹਿਲਦਾ ਬਾਰ ਹੋਣਾ ਹੋਰ ਕੀ ਹੋਣਾ।

ਜਗਾਕੇ ਰੱਖਦਾ ਹੈ ਨੈਣ ਹਰ ਪਲ ਜਿਸਮ ਵਿਚ ਕਿਹੜਾ,
ਇਹ ਬੇਪਰਵਾਹ ਕਿਰਾਏਦਾਰ ਹੋਣਾ ਹੋਰ ਕੀ ਹੋਣਾ।

ਹੈਰਾਨੀ ਕੀ ਅਗਰ ਉਸਨੂੰ ਹੈ ਫਿਰ ਇਕ ਮਿਲ ਗਿਆ ਤਮਗਾ,
ਕੋਈ ਸਰਕਾਰ ਦੇ ਵਿੱਚ ਯਾਰ ਹੋਣਾ ਹੋਰ ਕੀ ਹੋਣਾ।

ਪਿਤਾ ਮੁਰਝਾ ਜਿਹਾ ਜਾਵੇ ਜਦੋਂ ਮੁਟਿਆਰ ਧੀਅ ਤਕ ਕੇ,
ਉਹਦੇ ਸਿਰ ਕਰਜ਼ਿਆਂ ਦਾ ਭਾਰ ਹੋਣਾ ਹੋਰ ਕੀ ਹੋਣਾ।

ਖੁਸ਼ੀ ਘਰ ਦੀ ਲਈ ਅਪਨਾ ਲਏ ਪਰਦੇਸ਼ ਦੇ ਰਿਸ਼ਤੇ,
ਕਹੇ ਮਾਂ ਦੇ ਲਿਆ ਮਨ ਮਾਰ ਹੋਣਾ ਹੋਰ ਕੀ ਹੋਣਾ।

ਕਿਸੇ ਨਾਦਾਨ ਦੇ ਜਜ਼ਬਾਤ ਕੁਚਲੇ ਇਸ਼ਕ ਵਿਚ ਜਿਸਨੇ,
ਜ਼ਮੀਰੋਂ ਗਿਰ ਗਿਆ ਕਿਰਦਾਰ ਹੋਣਾ ਹੋਰ ਕੀ ਹੋਣਾ।

ਉਹਦੀ ਗੱਲਬਾਤ ਤੋਂ ਲਗਦੈ ਉਹ ਲੋਕਾਂ ਦੇ ਦਿਲਾਂ ਅੰਦਰ,
ਖੜੀ ਕਰਦਾ ਰਿਹਾ ਦੀਵਾਰ ਹੋਣਾ ਹੋਰ ਕੀ ਹੋਣਾ।

ਜੋ ਪੀ ਕੇ ਜ਼ਹਿਰ ਤਨਹਾਈ ਦਾ ਹਸਕੇ ਰੋਜ਼ ਜੀ ਲੈਂਦੈ,
ਗ਼ਮਾਂ ਦਾ ਲਾਹ ਰਿਹਾ ਇਉਂ ਭਾਰ ਹੋਣਾ ਹੋਰ ਕੀ ਹੋਣਾ।

ਅਚਾਨਕ 'ਸੋਜ਼' ਵਰਿਆਂ ਬਾਅਦ ਮੇਰੇ ਸ਼ਹਿਰ ਕਿਉਂ ਆਇਆ,
ਉਹਨੂੰ ਅਪਣਾ ਕੋਈ ਕੰਮਕਾਰ ਹੋਣਾ ਹੋਰ ਕੀ ਹੋਣਾ।

## - 3 -

ਧਰਤ ਦੇ ਜਾਹਿਲ, ਖਗੋਲੀ ਮਾਹਿਰਾਂ ਵੱਲ ਵਧ ਰਹੇ ਨੇ।
ਖ਼ੌਫ਼ ਦੇ ਝੱਖੜ ਜਨੌਰਾਂ ਦੇ ਪਰਾਂ ਵੱਲ ਵਧ ਰਹੇ ਨੇ।

ਜੋ ਕਦੇ ਖੰਡੇ ਦੀ ਤਿੱਖੀ ਧਾਰ ਉੱਤੇ ਨੱਚਦੇ ਸੀ,
ਲੈ ਕੇ ਨਸ਼ਿਆਂ ਦੀ ਖ਼ੁਮਾਰੀ ਅੰਬਰਾਂ ਵੱਲ ਵਧ ਰਹੇ ਨੇ।

ਰੋੜ੍ਹ ਕੇ ਪੂੰਜੀ ਉਹ ਮੁੜ ਆਏ ਸਫ਼ਰ ਅਸਮਾਨ ਦੇ ਤੋਂ,
ਉਤਰ ਕੇ ਲਾਰੀ 'ਚੋਂ ਹੁਣ ਉਜੜੇ ਘਰਾਂ ਵੱਲ ਵਧ ਰਹੇ ਨੇ।

ਕਰ ਕੇ ਜ਼ਹਿਰੀਲੇ ਤਲਾਅ ਨਹਿਰਾਂ ਤੇ ਝੀਲਾਂ ਸਾਰੀਆਂ ਉਹ,
ਜ਼ਹਿਰ ਲੈ ਕੇ ਆਪਣਾ ਹੁਣ ਸਾਗਰਾਂ ਵੱਲ ਵਧ ਰਹੇ ਨੇ।

ਲਗਦਾ ਸੀ ਪੰਜਾਬ ਹੀ ਹਿੰਦੋਸਤਾਨ ਅੰਦਰ ਪਰੇਸ਼ਾਨ,
ਦੂਸਰੇ ਵੀ ਹੁਣ ਰੁਪੈ ਛੱਡ ਡਾਲਰਾਂ ਵੱਲ ਵਧ ਰਹੇ ਨੇ।

ਬਣਗੇ ਜੋ ਮਸ਼ਹੂਰ ਸ਼ਾਇਰ ਕਾਗਜ਼ੀ ਰਿਸ਼ਤੇ ਬਣਾਕੇ,
ਸ਼ਿਲਪ ਇਹ ਸਮਝਾਉਣ, ਰੂਹ ਦੇ ਸ਼ਾਇਰਾਂ ਵੱਲ ਵਧ ਰਹੇ ਨੇ।

ਕਾਮਯਾਬੀ ਵੀ, ਉਹ ਵੀ ਸਰਕਾਰ ਖ਼ੁਸ਼ ਕੀਤੇ ਬਿਨਾ ਵੀ,
ਫਿਰ ਦੁਬਾਰਾ ਪੈਰ ਮੇਰੇ ਠੋਕਰਾਂ ਵੱਲ ਵਧ ਰਹੇ ਨੇ।

ਇਲਮ ਇਕੱਠਾ ਕਰਦੇ ਕਰਦੇ ਮੱਥਿਆਂ ਨੂੰ ਸਿਉਂਕ ਲੱਗੀ,
ਸੋਜ਼ ਹੁਣ ਚਾਰਾਗਰੀ ਲਈ ਫ਼ੱਕਰਾਂ ਵੱਲ ਵਧ ਰਹੇ ਨੇ।

## – 4 –

ਕਦੋਂ ਤੀਕਰ ਅਸੀਂ ਇਹ ਮਾਲੀਆਂ ਤੋਂ ਹੀ ਕਥਾ ਸੁਣੀਏ।
ਕਿਓਂ ਨਾ ਬਾਗ਼ ਵਿੱਚ ਮੁਰਝਾਏ ਫੁੱਲਾਂ ਤੋਂ ਜ਼ਰਾ ਸੁਣੀਏ।

ਮੁਹੱਬਤ ਵਿਚ ਵੀ ਹੈ ਗਲਵੱਕੜੀਆਂ ਦਾ ਦੂਰ ਹੁਣ ਮੌਸਮ,
ਕਿਸੇ ਦਾ ਦਰਦ ਵੀ ਹੁਣ ਤਾਂ ਬਣਾਕੇ ਫ਼ਾਸਲਾ ਸੁਣੀਏ।

ਅਸੂਲਾਂ ਨੇ ਸੀ ਜਿਸ ਨੂੰ ਆਪਣਿਆਂ ਤੋਂ ਦੂਰ ਕਰ ਛੱਡਿਆ,
ਉਹ ਨੂੰ ਵੀ ਅੱਜਕਲ ਹੋਕੇ ਸ਼ਰਾਬੀ ਬਹਿਕਦਾ ਸੁਣੀਏ।

ਬਹਾਦਰ ਸੂਬਿਆ ਇਹ ਨਸਲ ਤੇਰੀ ਨੂੰ ਹੈ ਕੀ ਹੋਇਆ,
ਦਿਨੇ ਹਨ ਵੈਣ ਸੁਣਦੇ ਰਾਤ ਕੂਕਰ ਰੋਂਵਦਾ ਸੁਣੀਏ।

ਨਿਕਲ ਜਾਂਦੇ ਮੁਸਾਫ਼ਿਰ ਕੋਲ ਦੀ ਹੀ ਹੁਣ ਸਰਾਂ ਦੇ ਤਾਂ,
ਕੋਈ ਚੰਗੀ ਖ਼ਬਰ ਸੁਣੀਏ ਜੇ ਕੋਈ ਠਹਿਰਦਾ ਸੁਣੀਏ।

ਅਜਬ ਉਲਝਾਇਆ ਇਹ ਕਾਗਜ਼ੀ ਦਿੱਤੇ ਸਵਾਲਾਂ ਨੇ,
ਤਜੁਰਬੇਕਾਰ ਕੋਈ ਪ੍ਰੀਖਿਆ ’ਚੋਂ ਰਹਿ ਗਿਆ ਸੁਣੀਏ।

ਅਸਰ ਬਾਜ਼ਾਰ ਨੇ ਇਸ ਤੋਂ ਬੁਰਾ ਵੀ ਕੀ ਦਿਖਾਉਣਾ ਸੀ,
ਕਿ ਕੋਈ ਮਸਤ ਮੌਲਾ ਆਦਮੀ ਵੀ ਸੋਚਦਾ ਸੁਣੀਏ।

ਅਸੀਂ ਹੋਕੇ ਮੁਖਾਤਿਬ ਉਸ ਦਿਸ਼ਾ ਵੱਲ ਰੋ ਲਿਆ ਕਰਦੇ,
ਜੇ ਕੋਈ ਕਹਿ ਦੇ ਆਕੇ ‘ਸੋਜ਼’ ‘ਉਸ ਦਾ ਇਹ ਪਤਾ ਸੁਣੀਏ
’ ।